# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 18 *Issue 197 Tuesday, October 15, 2019 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper **THE ONLY DAILY PUNJABI NEWS** *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com


# ਜਗਮੀਤ ਸਿੰਘ ਦੀ ਚੜ੍ਹਤ ਨੇ ਸੱਭ ਨੂੰ ਕੀਤਾ ਹੈਰਾਨ, ਗੱਠਜੋੜ ਸਰਕਾਰ ਬਨਣ ਦੀ ਸੰਭਾਵਨਾ

## ਤਿੰਨ ਪਾਰਟੀਆਂ ਰਲ ਕੇ ਬਣਾ ਸਕਦੀਆਂ ਹਨ ਸਰਕਾਰ



ਓਟਵਾ, 14 ਅਕਤੂਬਰ (ਪੋਸਟ ਬਿਊਰੋ) : ਇਹ ਤਾਂ ਹੁਣ ਸਪਸ਼ਟ ਹੋ ਚੁੱਕਿਆ ਹੈ ਕਿ ਜਗਮੀਤ ਸਿੰਘ ਨੇ ਹਰ ਕੈਨੇਡੀਅਨ ਦੇ ਮਨ ਵਿੱਚ ਥਾਂ ਬਣਾਈ ਹੈ। ਜਗਮੀਤ ਸਿੰਘ ਦੀ ਇਸ ਚੜ੍ਹਾਈ ਬਾਰੇ ਜੋ ਕੁਮੈਂਟੇਟਰ ਆਖ ਰਹੇ ਹਨ ਇੱਥੇ ਅਸੀਂ ਉਹ ਸਾਂਝਾ ਕਰਨ ਜਾ ਰਹੇ ਹਾਂ।

ਨੈਨੋਜ਼ ਰਿਸਰਚ ਦੇ ਨਿੱਕ ਨੈਨੋਜ਼ ਦਾ ਕਹਿਣਾ ਹੈ ਕਿ ਅਸੀਂ ਚੋਣ ਸਰਵੇਖਣਾਂ ਵਿੱਚ ਜਗਮੀਤ ਸਿੰਘ ਦੀ ਚੜ੍ਹਾਈ ਵੇਖ ਰਹੇ ਹਾਂ ਤੇ ਇਸ ਦੇ ਨਾਲ ਹੀ ਤਰਜੀਹੀ ਤੌਰ ਉੱਤੇ ਕੈਨੇਡੀਅਨਾਂ ਦੇ ਹਰਮਨ-ਪਿਆਰੇ ਪ੍ਰਧਾਨ ਮੰਤਰੀ ਵਜੋਂ ਵੀ ਉਨ੍ਹਾਂ ਦੀ ਚੜ੍ਹਤ ਬਰਕਰਾਰ ਹੈ। ਇੰਜ ਲੱਗ ਰਿਹਾ ਹੈ ਕਿ ਜਿਵੇਂ ਜਿਵੇਂ ਵੱਧ ਤੋਂ ਵੱਧ ਕੈਨੇਡੀਅਨ ਜਗਮੀਤ ਸਿੰਘ ਨੂੰ ਜਾਣ ਰਹੇ ਹਨ ਓਨਾ ਹੀ ਉਹ ਉਨ੍ਹਾਂ ਨੂੰ ਵਧੇਰੇ ਪਸੰਦ ਕਰ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਐਨਡੀਪੀ ਦੀ ਇਸ ਚੜ੍ਹਤ ਨੂੰ ਭਾਵੇਂ ਸੱਭ ਮਹਿਸੂਸ ਕਰ ਰਹੇ ਹਨ ਪਰ ਮੁੱਖ ਧਾਰਾ ਦੀਆਂ ਦੋਵੇਂ ਪਾਰਟੀਆਂ ਇਸ ਤੋਂ ਇਨਕਾਰੀ ਹਨ।

ਸੀਬੀਸੀ ਦੇ ਐਰਿਕ ਗ੍ਰੇਨੀਅਰ ਦਾ ਕਹਿਣਾ ਹੈ ਕਿ ਇਸ ਸਮੇਂ ਐਨਡੀਪੀ ਦੀ ਚੜ੍ਹਤ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇੰਜ ਲੱਗ ਰਿਹਾ ਹੈ ਕਿ ਲਿਬਰਲ ਤੇ ਕੰਜ਼ਰਵੇਟਿਵ ਆਪਣਾ ਆਧਾਰ ਗੁਆ ਰਹੇ ਹਨ ਜਦਕਿ ਚੋਣ ਕੈਂਪੇਨ ਦੇ ਆਖਰੀ ਹਫਤੇ ਦਾਖਲ ਹੋਣ ਉੱਤੇ ਐਨਡੀਪੀ ਦੀ ਪਕੜ ਮਜ਼ਬੂਤ ਹੋ ਚੁੱਕੀ ਹੈ। ਗ੍ਰੇਨੀਅਰ ਦਾ ਕਹਿਣਾ ਹੈ ਕਿ ਭਾਵੇਂ ਲਿਬਰਲਾਂ ਤੇ ਕੰਜ਼ਰਵੇਟਿਵਾਂ ਦੀ ਪਕੜ ਢਿੱਲੀ ਪੈ ਰਹੀ ਹੈ ਪਰ ਫਿਰ ਵੀ ਉਹ ਐਨਡੀਪੀ ਨੂੰ ਸਖ਼ਤ ਮੁਕਾਬਲਾ ਦੇਣਗੇ। ...ਬਾਕੀ ਪੰਨਾ 6 'ਤੇ

# ਅਰਪਣ ਖੰਨਾ: ਕੰਜ਼ਰਵੇਟਿਵਾਂ ਲਈ ਆਸ ਦੀ ਕਿਰਨ



ਅਲਬਰਟਰਾ ਦਾ ਪ੍ਰੀਮੀਅਰ ਜੇਸਨ ਕੈਨੀ ਜਦੋਂ ਬੀਤੇ ਹਫ਼ਤੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰਾਂ ਦੀ ਹਮਾਇਤ ਵਿੱਚ ਗਰੇਟਰ ਟੋਰਾਂਟੋ ਏਰੀਆ ਵਿੱਚ ਆਇਆ ਤਾਂ ਅਖਬਾਰਾਂ ਵਿੱਚ ਆਮ ਚਰਚਾ ਬਣੀ ਕਿ ਉਹ ਐਂਡਰੀਊ ਸ਼ੀਅਰ ਦਾ ਹੱਥ ਮਜ਼ਬੂਤ ਕਰਨ ਵਾਸਤੇ ਇੱਥੇ ਪੁੱਜਿਆ ਹੈ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਜੇਸਨ ਕੈਨੀ ਵੱਲੋਂ ਬਰੈਂਪਟਨ ਨੌਰਥ ਤੋਂ ਕੰਜ਼ਰਵੇਟਿਵ ਉਮੀਦਵਾਰ ਅਰਪਣ ਖੰਨਾ ਦੇ ਹੱਕ ਵਿੱਚ ਜੂਨ 2019 ਵਿੱਚ ਹੀ ਵੋਟਰਾਂ ਨੂੰ ਲਾਮਬੰਦ ਕਰਨ ਲਈ ਬਰੈਂਪਟਨ ਆ ਕੇ ਆਪਣੇ ਸਮਰੱਥਨ ਦਾ ਐਲਾਨ ਕੀਤਾ ਸੀ। ਜੇਸਨ ਕੈਨੀ ਦਾ ਅਰਪਣ ਖੰਨਾ ਦੇ ਹੱਕ ਵਿੱਚ ਆਵਾਜ਼ ਚੁੱਕਣਾ ਕੋਈ ਸਬੱਬ ਨਹੀਂ ਸਗੋਂ ਅਰਪਣ ਦੀ ਪਾਰਟੀ ਵਾਸਤੇ ਕੀਤੀ ਸਾਲਾਂ ਬੱਧੀ ਮਿਹਨਤ ਦਾ ਕਰਜ਼ ਉਤਾਰਨ ਦਾ ਇੱਕ ਹਿੱਸਾ ਕਿਹਾ ਜਾ ਸਕਦਾ ਹੈ।

ਅਰਪਣ ਖੰਨਾ ਉਹ ਨੌਜਵਾਨ ਹੈ ਜਿਸਨੂੰ ਸਿਆਸਤ ਦੀ ਗੁੜਤੀ ਪਰਿਵਾਰ ਵਿੱਚੋਂ ਮਿਲੀ ਹੈ ਅਤੇ ਕੰਜ਼ਰਵੇਟਿਵ ਪਾਰਟੀ ਪ੍ਰਤੀ ਉਸਦੀ ਵਚਨਬੱਧਤਾ ਉਸ ਸਮੇਂ ਤੋਂ ਰਹੀ ਹੈ ਜਦੋਂ ਉਹ ਹਾਲੇ ਯੂਨੀਵਰਸਿਟੀ ਵਿੱਚ ਹੀ ਪੜਦਾ ਸੀ। ਪੰਜਾਬ ਦੇ ਮਸ਼ਹੂਰ ਕਸਬੇ ਰਾਏਕੋਟ ਦੇ ਸਨਮਾਨਤ ਪਰਿਵਾਰ ਨਾਲ ਸਬੰਧਿਤ ਅਰਪਣ ਦੀ ਪੰਜਾਬੀ ਭਾਈਚਾਰੇ ਵਿੱਚ ਕਾਫ਼ੀ ਜ਼ਿਆਦਾ ਮਕਬੂਲੀਅਤ ਹੈ। ...ਬਾਕੀ ਪੰਨਾ 6 'ਤੇ

# ਮਨਿੰਦਰ ਸਿੱਧੂ: ਕਮਿਊਨਿਟੀ ਵਿੱਚ ਮਕਬੂਲ ਉਮੀਦਵਾਰ

-ਪੰਜਾਬੀ ਪੋਸਟ ਵਿਸੇਸ਼-



ਬਰੈਂਪਟਨ ਈਸਟ ਰਾਈਡਿੰਗ ਦੀ ਨੁਮਾਇੰਦਗੀ ਕਰ ਰਹੇ ਸਾਬਕਾ ਮੈਂਬਰ ਪਾਰਲੀਮੈਂਟ ਰਾਜ ਗਰੇਵਾਲ ਦੇ ਸਿਆ-ਸਤ ਤੋਂ ਕਿਨਾਰਾਕਸ਼ੀ ਕਰਨ ਤੋਂ ਬਾਅਦ ਜਦੋਂ ਇੱਥੇ ਤੋਂ ਲਿਬਰਲ ਉਮੀਦਵਾਰ ਨੌਮੀਨੇਟ ਕਰਨ ਦੀ ਗੱਲ ਨੇ ਸਿਰ ਚੁੱਕਿਆ ਤਾਂ ਕਈ ਕਿਸਮ ਦੀਆਂ ਕਿਆਸ ਅਰਾਈਆਂ ਹੋਣ ਲੱਗੀਆਂ। ਆਸ ਕੀਤੀ ਜਾਣ ਲੱਗੀ ਸੀ ਕਿ ਲਿਬਰਲਾਂ ਦੇ ਗੜ੍ਹ ਵਾਲੀ ਇਸ ਰਾਈਡਿੰਗ ਤੋਂ ਉਮੀਦਵਾਰ ਬਣਨ ਲਈ ਕਿਸਮਤ ਅਜ਼ਮਾਈ ਕਰਨ ਲਈ ਵਾਲਿਆਂ ਦੀ ਇੱਕ ਲੰਬੀ ਚੌੜੀ ਕਤਾਰ ਖੜੀ ਹੋਵੇਗੀ। ਕੋਈ ਸ਼ੱਕ ਨਹੀਂ ਕਿ ਆਖਰ ਨੂੰ ਅਜਿਹਾ ਹੋਇਆ ਵੀ। ਕਈ ਆਗੂ ਆਪੋ ਆਪਣੇ ਪੱਧਰ ਉੱਤੇ ਮੈਂਬਰਸ਼ਿੱਪ ਕੰਪੇਨ ਵਿੱਚ ਰੁੱਝ ਗਏ ਸਨ। ਫੇਰ ਅਚਾਨਕ ਇਹ ਚਰਚਾ ਜੋਰ ਫੜ ਗਈ ਕਿ ਪੰਜਾਬੀ ਕਮਿਉਨਿਟੀ ਵਿੱਚ ਜਾਣੇ ਪਹਿਚਾਣੇ ਪਰਿਵਾਰਾਂ ਦੇ ਬੇਟੇ ਮਨਿੰਦਰ ਸਿੱਧੂ ਨੇ 10 ਹਜ਼ਾਰ ਤੋਂ ਵੱਧ ਮੈਂਬਰਸ਼ਿੱਪ ਸਾਈਨ ਕਰ ਲਈ ਹੈ। ਮਨਿੰਦਰ ਵੱਲੋਂ ਇਹ ਲਾਮਿਸਾਲ ਉਦਾਹਰਣ ਪੈਦਾ ਕਰਨ ਤੋਂ ਬਾਅਦ ਉਮੀਦਵਾਰ ਬਣਨ ਦੀ ਚੇਸ਼ਟਾ ਰੱਖਣ ਵਾਲੇ ਕੰਜ਼ਰਵੇਟਿਵ ਆਪੇ ਹੀ ਲਾਂਭੇ ਹੋ ਗਏ।

30 ਕੁ ਸਾਲਾ ਮਨਿੰਦਰ ਸਿੱਧੂ ਬਰੈਂਪਟਨ ਕਮਿਉਨਿਟੀ ਵਿੱਚ ਮਕਬੂਲ ਪਰਿਵਾਰਾਂ ਨਾਲ ਸਬੰਧਿਤ ਹੈ। ਉਹ ਉਂਟੇਰੀਓ ਗੁਰਦੁਆਰਾ ਕਮੇਟੀ ਅਤੇ ਉਂਟੇਰੀਓ ਸਿੱਖਜ਼ ਐਂਡ ਗੁਰਦੁ-ਆਰਾ ਕਾਉਂਸਲ ਰਾਹੀਂ ਸੇਵਾ ਨਿਭਾਉਣ ਵਾਲੇ ਸਿੱਧੂ ਭਰਾਵਾਂ ਨਰਿੰਦਰ ਸਿੰਘ ਦਾ ਬੇਟਾ ਅਤੇ ਪਰਮ ਸਿੱਧੂ ਦਾ ਭਤੀਜਾ ਹੈ। ਉਹ ਬਰੈਂਪਟਨ ਦੇ ਖੇਡ ਹਲਕਿਆਂ ਖਾਸ ਕਰਕੇ ਕਬੱਡੀ ਨਾਲ ਲੰਬੇ ਸਮੇਂ ਤੋਂ ਜੁੜੀ ਸਖ਼ਸ਼ਿਅਤ ਬੰਤ ਨਿੱਝਰ ਦਾ ਜਵਾਈ ਹੈ। ਸਿੱਧੂ ਅਤੇ ਨਿੱਝਰ ਪਰਿਵਾਰਾਂ ਦੁਆਰਾ ਕਮਿਉਨਿਟੀ ਲਈ ਚਿਰਾਂ ਤੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਕਾਰਣ ਉਸਦੀ ਕੰਪੇਨ ਨੂੰ ਸਪੋਰਟਸ ਕੱਲਬਾਂ, ਸਮਾਜਿਕ ਜੱਥੇਬੰਦੀਆਂ ਅਤੇ ਧਾਰਮਿਕ ਹਲਕਿਆਂ ਵਿੱਚੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਵਾਟਰਲੂ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕਰਨ ਤੋਂ ਬਾਅਦ ਮਨਿੰਦਰ ਸਿੱਧੂ ਨੇ ਕਸਮਟ ਬਰੋਕਰੇਜ ਦਾ ਇੱਕ ਸਫ਼ਲ ਬਿਜਨਸ ਖੜਾ ਕੀਤਾ। ਇਸ ਦੌਰਾਨ ਉਸਨੇ ਇੱਕ ਚੈਰਟੀ ਸੰਸਥਾ ਦਾ ਨਿਰਮਾਣ ਵੀ ਕੀਤਾ ਜਿਸਦਾ ਮਨੋਰਥ ਕੈਨੇਡਾ ਅਤੇ ਭਾਰਤ ਵਿੱਚ ਲੋੜਵੰਦ ਬੱਚਿਆਂ ਨੂੰ ਵਿੱਦਿਆ ਹਾਸਲ ਕਰਨ ਵਿੱਚ ਸਹਾਰਾ ਦੇਣਾ ਹੈ। ਉਸਦਾ ਮੰਨਣਾ ਹੈ ਕਿ ਕਮਿਉਨਿਟੀ ਦੀ ਸੇਵਾ ਕਰਨ ਨਾਲ ਸੰਤੁਸ਼ਟੀ ਮਿਲਦੀ ਹੈ ਪਰ ਨੌਜਵਾਨਾਂ ਨੂੰ ਸਹੀ ਸੇਧ ਦੇਣਾ ਉਸਦਾ ਵਿਸ਼ੇਸ਼ ਗੁਣ ਹੈ। ਮਨਿੰਦਰ ਮੁਤਾਬਕ ਕੈਨੇਡੀਅਨ ਮੱਧ ਵਰਗੀ ਪਰਿਵਾਰਾਂ ਦੇ ਬੱਚਿਆਂ ਨੂੰ ਸਹੀ ਦਿਸ਼ਾ ਨਿਰਦੇਸ਼ ਮਿਲ ਜਾਵੇ ਤਾਂ ਉਹ ਜੀਵਨ ਵਿੱਚ ਬਹੁਤ ਵੱਡੀ ਪ੍ਰਾਪਤੀ ਕਰ ਸਕਦੇ ਹਨ।

ਬਰੈਂਪਟਨ ਈਸਟ ਰਾਈਡਿੰਗ ਬਾਰੇ ਜੋ ਸਰਵੇਖਣ ਹੁਣ ਤੱਕ ਨੈਨੋਜ਼/ਸੀ ਟੀ ਵੀ, ਮੇਨਸਟਰੀਮ, ਐਬਾਕਸ, ਐਨਗਸ ਆਦਿ ਏਜੰਸੀਆਂ ਨੇ ਕੀਤੇ ਹਨ, ਉਹਨਾਂ ਦੀ ਪੜਚੋਲ ਦੇ ਸਿੱਟੇ ਦੱਸਦੇ ਹਨ ਕਿ ਇੱਥੇ ਤੋਂ ਮਨਿੰਦਰ ਸਿੱਧੂ ਦੇ ਜਿੱਤਣ ਦੇ ਆਸਾਰ ਬਹੁਤ ਜ਼ਿਆਦਾ ਹਨ। ਹਾਲਾਂਕਿ ਐਨ ਡੀ ਪੀ ਲੀਡਰ ਜਗਮੀਤ ਸਿੰਘ ਦੀ ਇਸ ਰਾਈਡਿੰਗ ਵਿੱਚ ਵਿਸ਼ੇਸ਼ ਰੁਚੀ ਹੈ ਕਿਉਂਕਿ ਉਹ ਇਸਨੂੰ ਆਪਣੀ 'ਹੋਮ ਰਾਈਡਿੰਗ' ਮੰਨਦਾ ਹੈ ਪਰ ਇਸਦੇ ਬਾਵਜੂਦ ਕਮਿਉਨਿਟੀ ਪੱਧਰ ਉੱਤੇ ਮਨਿੰਦਰ ਨੂੰ ਮਿਲ ਰਿਹਾ ਸਮਰੱਥਨ ਉਸਦੀ ਸਥਿਤੀ ਨੂੰ ਮਜ਼ਬੂਤੀ ਬਖਸ਼ਦਾ ਹੈ। ਫੈਡਰਲ ਮੰਤਰੀ ਨਵਦੀਪ ਸਿੰਘ ਬੈਂਸ ਸਮੇਤ ਲਿਬਰਲ ਪਾਰਟੀ ਦੇ ਸਮਰੱਥਕ ਸੈਂਕੜੇ ਵਾਲੰਟੀਅਰਾਂ ਦੀ ਟੀਮ ਉਸ ਦੀ ਜਿੱਤ ਯਕੀਨੀ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੀ ਹੈ।


Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272 www.allkindinsurance.com

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Axael InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home • Auto • Business • Trucking • Life Insurance • Commercial
647-206-2452 Sukhwinder K Singh
CONNEX 7050A Bramalea Rd. Unit # 13, Mississauga, ON L5S 1T1

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
Unit 1, 30 Topflight dr., Mississauga

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
647.990.3205
www.ksgpestcontrol.ca ksgpestcontrol@gmail.com
KSG Pest Control Inc.
Amarjeet Singh Gill Certified & Licenced Exterminator

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization & Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING CO. LTD 647-784-1213


Ride Ontario's
Heritage Railway
SPECIAL RIDES
FALL COLOURS TOURS
Oct 5,6, Oct 12,13,14
& Oct 19, 20
ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ
SOUTH SIMCOE RAILWAY
ONTARIO'S FIRST STEAM HERITAGE RAILWAY
TOTTENHAM
Ask about on-board Birthday Parties!
ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ
ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca
GPS 44 . 01 . 19 N
79 . 48 . 27 W
or call:905.936.5815
VISA
MasterCard
Interac


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਭਾਗਵਤ ਆਖਦਾ ਨਰਮ ਦਿਲ ਹੈਨ ਹਿੰਦੂ,
ਨਰਮੀ ਅੰਦਰ ਦੀ ਸਕਣ ਨਾ ਛੋੜ ਭਾਈ।
ਚੇਲਾ ਭਾਗਵਤ ਦਾ ਜਦੋਂ ਕੋਈ ਬੋਲਦਾ ਈ,
ਛੱਡਦਾ ਈ ਨਰਮੀ ਦਾ ਕੱਢ ਨਿਚੋੜ ਭਾਈ।
ਕਹਿੰਦਾ ਇੱਕ ਵਿਧਾਇਕ ਹੈ ਭਾਜਪਾ ਦਾ,
ਮੁਸਲਿਮ ਵੋਟਾਂ ਦੀ ਸਾਨੂੰ ਨਾ ਲੋੜ ਭਾਈ।
ਪਿੱਛੋਂ ਖੱਟਰ ਹਰਿਆਣਵੀ ਸੁਣ ਲਿਆ ਈ,
ਜਿਹੜਾ ਨਰਮੀ ਵੀ ਲਾ ਗਿਆ ਤੋੜ ਭਾਈ।
ਮਰੀ ਚੂਹੀ ਦਾ ਕਿਤੇ ਕੋਈ ਜ਼ਿਕਰ ਕਰ ਕੇ,
ਕੀਹਨੂੰ ਕਿਹਾ ਕੀ ਸੀ, ਸਭ ਨੂੰ ਪਤਾ ਭਾਈ।
ਜਿਹੜਾ ਗੱਲ ਉਹ ਕਹਿ ਗਿਆ ਓੜਕਾਂ ਦੀ,
ਨਰਮੀ ਵਾਲੀ ਤਾਂ ਕਸਰ ਨਹੀਂ ਰਤਾ ਭਾਈ।

ਤੀਸ ਮਾਰ ਖਾਂ

# ਬਿਲ ਨਹੀਂ ਲੋਕਾਂ ਦੇ ਦਿਲ ਬਦਲਾਂਗਾ : ਜਗਮੀਤ ਸਿੰਘ

ਬਰੈਂਪਟਨ, 14 ਅਕਤੂਬਰ (ਪੋਸਟ ਬਿਊਰੋ)- ਇਥੇ ਸ਼ੁੱਕਰਵਾਰ ਐਨਡੀਪੀ ਦੇ ਆਗੂ ਜਗਮੀਤ ਸਿੰਘ ਵਲੋਂ ਬਰੈਂਪਟਨ ਵਿਖੇ ਸਾਊਥ ਏਸ਼ੀਅਨ ਮੀਡੀਆ ਦੇ ਨਾਲ ਰਾਊਂਡ ਟੇਬਲ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿਚ 50 ਦੇ ਕਰੀਬ ਵੱਖ-ਵੱਖ ਮੀਡੀਆ ਸੰਚਾਲਕਾਂ ਨੇ ਹਿੱਸਾ ਲਿਆ। ਜਗਮੀਤ ਸਿੰਘ ਨੇ ਬਰੈਂਪਟਨ ਦੇ ਪੰਜੇ ਉਮੀਦਵਾਰਾਂ ਦੀ ਜਾਂਚ ਪਹਿਚਾਣ 'ਘੈਂਟ' ਉਮੀਦਵਾਰ ਕਹਿ ਕੇ ਕਰਵਾਈ ਤੇ ਕਿਹਾ ਕਿ ਇਨਾਂ ਵਿਚੋਂ ਕੋਈ ਵਕੀਲ ਹੈ, ਕੋਈ ਸਿਹਤ ਸੇਵਾਵਾਂ ਦੇ ਰਿਹਾ ਹੈ, ਕੋਈ ਵਪਾਰ ਨਾਲ ਸਬੰਧਤ ਹੈ ਤੇ ਕੋਈ ਕਮਿਉਨਿਟੀ 'ਚ ਹਰਕਤਕਰਤਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਖੇਤਰਾਂ 'ਚੋਂ ਆਈ ਇਹ ਟੀਮ ਬਰੈਂਪਟਨ ਪਈ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਸਮਰੱਥਾ ਰੱਖਦੀ ਹੈ। ਸਾਊਥ ਏਸ਼ੀਅਨ ਮੀਡੀਆ ਦੇ ਸੰਚਾਲਕਾਂ ਵਲੋਂ ਪਹਿਲਾ ਹੀ ਸਵਾਲ ਜੋ ਬਿਲ 21 'ਤੇ ਸੀ, ਦੇ ਜਵਾਬ ਵਿਚ ਜਗਮੀਤ ਸਿੰਘ ਨੇ ਕਿਹਾ ਕਿ ਬਿਲ 21 ਇਸ ਸਮੇਂ ਅਦਾਲਤ ਵਿਚ ਹੈ। ਮੈਂ ਬਹੁਤੀ ਟਿੱਪਣੀ ਨਹੀਂ ਕਰਾਂਗਾ, ਪਰ ਮੈਂ ਇੰਨਾ ਜਰੂਰ ਕਹਿਣਾ ਚਾਹਾਂਗਾ ਕਿ ਬਿਲ ਨਾਲੋਂ ਵੱਧ ਮੈਂ ਲੋਕਾਂ ਦੇ ਦਿਲ ਬਦਲ ਰਿਹਾ ਹਾਂ। ਉਨ੍ਹਾਂ ਕਿਹਾ ਕਿ ਮੈਂ ਕਿਊਬੈਕ 'ਚ ਗਿਆ, ਉਥੋਂ ਦੇ ਲੋਕਾਂ ਨੂੰ ਸਮਝਾਇਆ ਕਿ ਇਕ ਪੱਗ ਵਾਲਾ, ਦਾੜ੍ਹੀ ਵਾਲਾ ਤੇ ਧਾਰਮਿਕ ਚਿੰਨ੍ਹ ਪਹਿਨਣ ਵਾਲਾ ਵਿਅਕਤੀ ਵੀ ਤੁਹਾਡੇ ਵਰਗਾ ਹੀ ਹੈ ਤੇ ਜਿਹੜੀਆਂ ਮੁਸ਼ਕਿਲਾਤਾਂ ਨਾਲ ਤੁਸੀਂ ਜੂਝ ਰਹੇ ਹੋ, ਉਨ੍ਹਾਂ ਵਿਚੋਂ ਹੀ ਮੈਂ ਗੁਜਰਿਆਂ ਹਾਂ, ਜੋ ਕਿਊਬੈਕ ਦੇ ਲੋਕਾਂ ਮੁੱਦੇ ਹਨ, ਉਹੀ ਮੇਰੇ ਮੁੱਦੇ ਹਨ। ਮੈਂ ਕਿਊਬੈਕ ਦੇ ਲੋਕਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਜਿਨ੍ਹਾਂ ਮੁੱਦਿਆਂ 'ਤੇ ਤੁਸੀਂ ਲੜਦੇ ਹੋ, ਉਨ੍ਹਾਂ ਮੁੱਦਿਆਂ 'ਤੇ ਹੀ ਮੈਂ ਲੜ ਰਿਹਾ ਹਾਂ ਤੇ ਲੋਕ ਮੇਰੀ ਗੱਲ ਨੂੰ ਸਮਝ ਰਹੇ ਹਨ। ਬਿਲ ਨਾਲੋਂ ਵੱਧ ਮੈਂ ਲੋਕਾਂ ਦੇ ਦਿਲ ਜਿੱਤਣ 'ਚ ਕਾਮਯਾਬ ਹੋ ਰਿਹਾ ਹਾਂ। ਇਹੀ ਮੇਰਾ ਮਕਸਦ ਹੈ। ਇਸੇ ਤਰ੍ਹਾਂ ਹੀ ਉਨ੍ਹਾਂ ਫਰਮਾਕੇਅਰ, ਜਿਸ 'ਚ ਮੁਫ਼ਤ ਦਵਾਈਆਂ ਮੁਹੱਈਆ ਕਰਵਾਉਣ ਦੀ ਯੋਜਨਾ ਹੈ, ਬਾਰੇ ਵਿਸਥਾਰ ਨਾਲ ਦੱਸਿਆ।



'ਪੰਜਾਬੀ ਪੋਸਟ' ਵਲੋਂ ਟੈਕਸੀ ਇੰਡਸਟਰੀ ਨੂੰ ਬਚਾਉਣ ਲਈ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਮੈਨੂੰ ਨਹੀਂ ਪਤਾ ਕਿ ਜਿਵੇਂ ਡੇਅਰੀ ਇੰਡਸਟਰੀ ਨੂੰ ਬਚਾ ਰਹੇ ਹਾਂ, ਉਥੇ ਤਰ੍ਹਾਂ ਸਪਲਾਈ ਮੈਨੇਜਮੈਂਟ ਦੇ ਤਹਿਤ ਟੈਕਸੀ ਇੰਡਸਟਰੀ ਨੂੰ ਵੀ ਬਚਾ ਸਕੀਏ। ਪਰ ਮੈਂ ਇਸ ਗੱਲ ਦੀ ਵਕਾਲਤ ਜਰੂਰ ਕਰਦਾ ਆ ਰਿਹਾ ਹਾਂ ਕਿ ਇਹ ਜਿਹੜੀਆਂ ਵੈਬਬੇਸਡ ਕੰਪਨੀਆਂ ਹਨ, ਉਨ੍ਹਾਂ 'ਤੇ ਟੈਕਸ ਜਰੂਰ ਲਾਵਾਂਗਾ, ਤਾਂ ਜੋ ਉਨ੍ਹਾਂ ਤੇ ਟੈਕਸੀ ਪਲੇਟ ਓਨਰਾਂ ਲਈ ਇਕੋ ਜਿਹਾ ਟੈਕਸ ਹੋਵੇ। ਉਨ੍ਹਾਂ ਕਿਹਾ ਕਿ ਜੇਕਰ ਗੂਗਲ 'ਤੇ ਐਡ ਕੀਤੀ ਜਾਂਦੀ ਹੈ ਤਾਂ ਟੈਕਸ ਨਹੀਂ ਦੇਣਾ ਪੈਂਦਾ। ਇਹ ਵੱਡੀਆਂ ਕੰਪਨੀਆਂ ਸਾਡੇ ਰੈਵਿਨਿਊ ਦਾ ਵੱਡਾ ਹਿੱਸਾ ਖਾ ਰਹੀਆਂ ਹਨ। ਇਸ ਤੋਂ ਇਲਾਵਾ ਵਾਤਾਵਰਨ ਦੇ ਮੁੱਦੇ 'ਤੇ, ਇਮੀਗ੍ਰੇਸ਼ਨ 'ਤੇ, ਅੰਤਰਰਾਸ਼ਟਰੀ ਵਿਦਿਆਰਥੀ ਅਤੇ ਹੋਰ ਮੁੱਦਿਆਂ 'ਤੇ ਉਨ੍ਹਾਂ ਖੁਲ੍ਹ ਕੇ ਚਰਚਾ ਕੀਤੀ। ਉਸ ਸਮੇਂ ਮਹੌਲ ਗੰਭੀਰ ਸਥਿਤੀ ਧਾਰਨ ਕਰ ਗਿਆ, ਜਦੋਂ ਪ੍ਰਾਈਮ ਏਸ਼ੀਆ ਤੋਂ ਸੰਜੀਵ ਧਵਨ ਨੇ ਸਵਾਲ ਕੀਤਾ ਕਿ ਤੁਸੀਂ ਬਰੈਂਪਟਨ 'ਚ ਦੂਜੇ ਹਸਪਤਾਲ ਦੀ ਗੱਲ ਕਰ ਰਹੇ ਹੋ ਤੇ ਜੇ ਦੋ ਸਾਲਾਂ 'ਚ ਹਸਪਤਾਲ ਨਹੀਂ ਬਣਦਾ ਤਾਂ ਮੈਂ ਮਰਨ ਵਰਤ 'ਤੇ ਜਾਵਾਂਗਾ ਤੇ ਕੀ ਤੁਸੀਂ ਆਪਣੀ ਸਿਆਸੀ ਅਹੁਦੇ ਤੋਂ ਅਸਤੀਫ਼ਾ ਦੇਵੋਗੇ। ਇਸ ਗੱਲ 'ਤੇ ਜਗਮੀਤ ਸਿੰਘ ਨੇ ਸਾਫ਼ ਇਨਕਾਰ ਕਰ ਦਿੱਤਾ ਕਿ ਮੈਂ ਅਸਤੀਫ਼ਾ ਨਹੀਂ ਦੇਵਾਂਗਾ।

ਇਹ ਮਸਲਾ ਉਸ ਸਮੇਂ ਹੋਰ ਗੰਭੀਰ ਹੋ ਗਿਆ, ਜਦੋਂ ਨਗਾਰਾ ਰੇਡੀਓ ਦੇ ਰਾਣਾ ਸਿੱਧੂ ਨੇ ਇਹ ਕਹਿ ਦਿੱਤਾ ਕਿ ਇਕ ਗੱਲ ਪੱਕੀ ਹੈ ਕਿ ਸੂਬੇ ਦੀ ਸਰਕਾਰ ਬਿਨਾਂ ਹਸਪਤਾਲ ਨਹੀਂ ਬਣੇਗਾ ਤੇ ਫਰਜ਼ ਕਰੋ ਜੇ ਤੁਸੀਂ ਪੈਸਾ ਦੇ ਦਿੱਤਾ ਤਾਂ ਫੋਰਡ ਸਰਕਾਰ ਨੇ ਹਸਪਤਾਲ ਨਾ ਬਣਾਇਆ ਤੇ ਸਾਡਾ ਪੱਤਰਕਾਰ ਭੁੱਖ ਹੜਤਾਲ ਕਾਰਨ ਚੜ੍ਹਾਈ ਕਰ ਗਿਆ ਤਾਂ ਫੇਰ ਇਸ ਦੀ ਮੌਤ ਦਾ ਕੌਣ ਜ਼ਿੰਮੇਵਾਰ ਹੋਵੇਗਾ? ਇਸ ਸਵਾਲ ਨੂੰ ਜਿਥੇ ਬਾਕੀ ਸਾਰਿਆਂ ਨੇ ਮਜ਼ਾਕ 'ਚ ਲਿਆ, ਉਥੇ ਜਗਮੀਤ ਸਿੰਘ ਨੇ ਹਸਦਿਆਂ ਕਹਿ ਦਿੱਤਾ ਕਿ ਡੱਗ ਫੋਰਡ ਹੀ ਜ਼ਿੰਮੇਵਾਰ ਹੋਵੇਗਾ। ਸੰਜੀਵ ਧਵਨ ਨੇ ਇਸ ਗੱਲ ਨੂੰ ਕਾਫ਼ੀ ਗੰਭੀਰਤਾ ਨਾਲ ਲਿਆ ਤੇ ਜਿਸ ਨੇ ਆਉਣ ਵਾਲੀ 17 ਤਰੀਕ ਨੂੰ ਬਰੈਪਟਨ ਸਿਵਿਕ ਹੌਸਪੀਟਲ ਤੋਂ ਕੁਵੀਨਜ਼ ਪਾਰਕ ਦੀ ਪੈਦਲ ਯਾਤਰਾ ਦਾ ਵੀ ਐਲਾਨ ਕਰ ਦਿੱਤਾ ਹੈ। ਇਸੇ ਹੀ ਦਿਨ ਜਗਮੀਤ ਸਿੰਘ ਵਲੋਂ ਬਰੈਪਟਨ 'ਚ ਇਕ ਵੱਡੀ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਨੂੰ ਮੁਮੈਂਟਮ ਰੈਲੀ ਦਾ ਨਾਮ ਦਿੱਤਾ ਜਾ ਰਿਹਾ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
Ask For:
• Saffron Oil
• Therapeutic Essential Oils
• Herbal Teas
Ext. Use Only
Pain-Care — Joint Support — $9.99
He-Oil — For Men Only — $19.99
Stress-Care — Feel Relaxed — $9.99
GLOBAL NATURAL REMEDIES

# ਜਗਮੀਤ ਸਿੰਘ ਨੇ ਐਨਡੀਪੀ ਦੇ ਹੱਥ ਮਜ਼ਬੂਤ ਕਰਨ ਦੀ ਕੈਨੇਡੀਅਨਾਂ ਨੂੰ ਕੀਤੀ ਅਪੀਲ

**ਹੁਣ ਗੱਠਜੋੜ ਸਰਕਾਰ ਬਣਾਉਣ ਦੇ ਹੱਕ ਵਿੱਚ ਨਹੀਂ ਟਰੂਡੋ ਤੇ ਜਗਮੀਤ ਸਿੰਘ?**



ਟੋਰਾਂਟੋ, 14 ਅਕਤੂਬਰ (ਪੋਸਟ ਬਿਊਰੋ) : ਅਗਲੇ ਹਫਤੇ ਪੈਣ ਜਾ ਰਹੀਆਂ ਵੋਟਾਂ ਵਿੱਚ ਕੰਜ਼ਰਵੇਟਿਵਾਂ ਨੂੰ ਬਹੁਮਤ ਮਿਲਣ ਦੇ ਸਬੰਧ ਵਿੱਚ ਇੱਕ ਈਵੈਂਟ ਵਿੱਚ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਸੀ ਕਿ ਉਹ ਅਜਿਹਾ ਹੋਣ ਤੋਂ ਰੋਕਣ ਲਈ ਹੋਰਨਾਂ ਪਾਰਟੀਆਂ ਨਾਲ ਰਲ ਕੇ ਸਰਕਾਰ ਬਣਾਉਣ ਨੂੰ ਤਰਜੀਹ ਦੇਣਗੇ। ਪਰ ਸੋਮਵਾਰ ਨੂੰ ਆਪਣੀ ਇਸ ਗੱਠਜੋੜ ਸਰਕਾਰ ਵਾਲੀ ਗੱਲ ਤੋਂ ਐਨਡੀਪੀ ਆਗੂ ਨੇ ਆਪਣੇ ਹੱਥ ਖਿੱਚ ਲਏ।

ਐਤਵਾਰ ਨੂੰ ਸਰ੍ਹੀ, ਬੀਸੀ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਸੀ ਕਿ ਕੰਜ਼ਰਵੇਟਿਵ ਸਰਕਾਰ ਬਣਨ ਤੋਂ ਰੋਕਣ ਲਈ ਉਨ੍ਹਾਂ ਨੂੰ ਜੋ ਕੁੱਝ ਕਰਨਾ ਪਵੇਗਾ ਉਹ ਕਰਨਗੇ। ਇੱਥੋਂ ਤੱਕ ਕਿ ਜੇ ਕੰਜ਼ਰਵੇਟਿਵ ਜਿੱਤ ਵੀ ਜਾਂਦੇ ਹਨ ਤਾਂ ਉਹ ਲਿਬਰਲ ਆਗੂ ਜਸਟਿਨ ਟਰੂਡੋ ਨਾਲ ਰਲ ਕੇ ਗੱਠਜੋੜ ਸਰਕਾਰ ਬਣਾਉਣ ਨੂੰ ਪਹਿਲ ਦੇਣਗੇ। ਜਿੱਥੋਂ ਤੱਕ ਹੋ ਸਕੇਗਾ ਅਸੀਂ ਕੰਜ਼ਰਵੇਟਿਵ ਸਰਕਾਰ ਬਣਨ ਤੋਂ ਰੋਕਣ ਲਈ ਸੰਘਰਸ਼ ਕਰਾਂਗੇ।

ਪਰ ਸੋਮਵਾਰ ਨੂੰ ਜਗਮੀਤ ਸਿੰਘ ਨੇ ਇਨ੍ਹਾਂ ਟਿੱਪਣੀਆਂ ਤੋਂ ਟਾਲਾ ਵੱਟ ਲਿਆ ਤੇ ਕੈਨੇਡੀਅਨਾਂ ਨੂੰ ਬਿਹਤਰੀਨ ਸੇਵਾਵਾਂ ਹਾਸਲ ਕਰਨ ਲਈ ਐਨਡੀਪੀ ਨੂੰ ਵੋਟ ਪਾਉਣ ਲਈ ਆਖਿਆ। ਫਰੈਂਚ ਭਾਸ਼ਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਇਹ ਗੱਠਜੋੜ ਦਾ ਸਵਾਲ ਨਹੀਂ ਹੈ ਸਗੋਂ ਸਾਡੀਆਂ ਤਰਜੀਹਾਂ ਦਾ ਸਵਾਲ ਹੈ। ਉਨ੍ਹਾਂ ਆਖਿਆ ਕਿ ਉਹ ਕੈਨੇਡੀਅਨਾਂ ਨੂੰ ਇਹ ਆਖਣਾ ਚਾਹੁੰਦੇ ਹਨ ਕਿ ਜੇ ਕੋਈ ਕਲਾਈਮੇਟ ਚੇਂਜ ਲਈ ਤੁਹਾਡੇ ਵਾਸਤੇ ਲੜ ਸਕਦਾ ਹੈ ਤਾਂ ਉਹ ਹੋਰ ਕੋਈ ਨਹੀਂ ਸਗੋਂ ਐਨਡੀਪੀ ਹੈ। ਜੇ ਤੁਸੀਂ ਸਾਨੂੰ ਵੋਟ ਪਾਵੋਂਗੇ ਤਾਂ ਅਸੀਂ ਤੁਹਾਡੇ ਲਈ ਲੜਾਂਗੇ।

ਸੋਮਵਾਰ ਨੂੰ ਬਾਅਦ ਵਿੱਚ ਐਨਡੀਪੀ ਦੇ ਬੁਲਾਰੇ ਨੇ ਜਗਮੀਤ ਸਿੰਘ ਦੇ ਇਸ ਬਿਆਨ ਨੂੰ ਸਪਸ਼ਟ ਕਰਦਿਆਂ ਆਖਿਆ ਕਿ ਉਹ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਲੜ ਰਹੇ ਹਨ ਤੇ ਗੱਠਜੋੜ ਸਰਕਾਰ ਤਾਂ ਉਸ ਸਬੰਧ ਵਿੱਚ ਇੱਕ ਬਦਲ ਹੀ ਹੈ। ਬੱਸ ਉਹ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਸੱਤਾ ਕੰਜ਼ਰਵੇਟਿਵਾਂ ਦੇ ਹੱਥ ਨਾ ਜਾ ਪਵੇ। ਤਰਜ਼ਮਾਨ ਮਿਲੇਨੀ ਰਿਚਰ ਨੇ ਈਮੇਲ ਰਾਹੀਂ ਆਖਿਆ ਕਿ ਜਗਮੀਤ ਸਿੰਘ ਆਪਣੀਆਂ ਤਰਜੀਹਾਂ ਨਾਲ ਮੇਲ ਖਾਂਦੀਆਂ ਤਰਜੀਹਾਂ ਰੱਖਣ ਵਾਲਿਆਂ ਨਾਲ ਰਲ ਕੇ ਕੰਮ ਕਰਨਾ ਚਾਹੁੰਦੇ ਹਨ। ਫਿਰ ਭਾਵੇਂ ਉਨ੍ਹਾਂ ਨੂੰ ਵਿਰੋਧੀ ਧਿਰ ਵਜੋਂ ਕੰਮ ਕਰਨਾ ਪਵੇ, ਗੱਠਜੋੜ ਹੋਵੇ ਜਾਂ ਘੱਟਗਿਣਤੀ ਸਰਕਾਰ ਬਣੇ।

ਭਾਵੇਂ ਟਰੂਡੋ ਕੈਨੇਡੀਅਨਾਂ ਨੂੰ ਇਹ ਦਰਸਾਉਣਾ ਚਾਹੁੰਦੇ ਹਨ ਕਿ ਕੰਜ਼ਰਵੇਟਿਵਾਂ ਤੋਂ ਬਚਣ ਲਈ ਸਿਰਫ ਲਿਬਰਲਾਂ ਦਾ ਆਸਰਾ ਹੀ ਲਿਆ ਜਾ ਸਕਦਾ ਹੈ ਪਰ ਜਗਮੀਤ ਸਿੰਘ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਕੈਨੇਡੀਅਨਾਂ ਕੋਲ ਹੋਰ ਬਦਲ ਵੀ ਹਨ। ਉਨ੍ਹਾਂ ਇੱਕ ਵਾਰੀ ਮੁੜ ਕੈਨੇਡੀਅਨਾਂ ਨੂੰ ਜ਼ੋਰਦਾਰ ਅਪੀਲ ਕਰਦਿਆਂ ਆਖਿਆ ਕਿ ਐਨਡੀਪੀ ਨੂੰ ਵੋਟ ਪਾਓ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਤੁਹਾਡੀਆਂ ਤਰਜੀਹਾਂ ਨੂੰ ਸਾਹਮਣੇ ਰੱਖ ਕੇ ਤੇ ਧਿਆਨ ਵਿੱਚ ਰੱਖ ਕੇ ਹੀ ਕੋਈ ਫੈਸਲਾ ਲਿਆ ਜਾਵੇ। ਅਸੀਂ ਜਿੱਤ ਸਕਦੇ ਹਾਂ ਤੇ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਾਂਗੇ ਕਿ ਤੁਹਾਡੀ ਜ਼ਿੰਦਗੀ ਹੋਰ ਬਿਹਤਰ ਹੋ ਸਕੇ। ਇਸ ਦੌਰਾਨ ਜਦੋਂ ਟਰੂਡੋ ਤੋਂ ਇਹ ਪੁੱਛਿਆ ਗਿਆ ਕਿ ਐਨਡੀਪੀ ਨਾਲ ਰਲ ਕੇ ਗੱਠਜੋੜ ਸਰਕਾਰ ਬਣਾਉਣ ਬਾਰੇ ਕੀ ਖਿਆਲ ਹੈ ਤਾਂ ਉਹ ਇਸ ਸਵਾਲ ਨੂੰ ਟਾਲ ਗਏ ਤੇ ਉਨ੍ਹਾਂ ਆਖਿਆ ਕਿ ਐਨਡੀਪੀ ਨਾਫਟਾ ਡੀਲ ਨੂੰ ਖਤਮ ਕਰ ਦੇਵੇਗੀ। ਪਰ ਜਗਮੀਤ ਸਿੰਘ ਨੇ ਟਰੂਡੋ ਦੇ ਇਸ ਦਾਅਵੇ ਨੂੰ ਝੂਠਾ ਦੱਸਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST
NOW HIRING!
SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਮਨਜਿੰਦਰ ਸਿੰਘ ਸਿਰਸਾ ਦਾਨਵਾਂ ਵਿਵਾਦ, ਗੁਰਬਾਣੀ ਸੁਣਨ ਵੇਲੇ ਜੁੱਤੀ ਪਾਈ ਰੱਖਣ ਦਾ ਦੋਸ਼

* ਸ੍ਰੀ ਅਕਾਲ ਤਖਤ ਸਾਹਿਬ ਵੀ ਮਾਮਲਾ ਜਾ ਪੁੱਜਾ





ਅੰਮ੍ਰਿਤਸਰ, 14 ਅਕਤੂਬਰ, (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦਾ ਨਾਂਅ ਲਗਾਤਾਰ ਵਿਵਾਦਾਂ ਨਾਲ ਜੁੜਦਾ ਰਹਿੰਦਾ ਹੈ। ਇਸ ਵਾਰੀ ਉਨ੍ਹਾ ਉੱਤੇ ਜੁੱਤੀ ਪਾ ਕੇ ਗੁਰਬਾਣੀ ਸਰਵਣ ਕਰਨ ਦਾ ਦੋਸ਼ ਲੱਗਾ ਤੇ ਇਸ ਦੀ ਤਸਵੀਰ ਸੋਸ਼ਲ ਮੀਡੀਆ ਉੱਤੇ ਤੇਜ਼ੀ ਨਾਲ ਵਾਇਰਲ ਹੋਈ ਹੈ, ਜਿਸ ਉੱਤੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਨੋਟਿਸ ਲਿਆ ਹੈ।

ਇਸ ਸੰਬੰਧ ਵਿੱਚ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੋੜੇ ਪਾ ਕੇ ਕੀਰਤਨ ਸਰਵਣ ਕਰਨਾ ਸਿੱਖ ਮਰਿਆਦਾ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਸਿੰਘ ਸਹਿਬਾਨ ਦੀ ਬੈਠਕ ਵਿਚ ਇਹ ਮਾਮਲਾ ਵਿਚਾਰ ਕੇ ਭਾਵੇਂ ਕੋਈ ਵੀ ਵਿਅਕਤੀ ਹੋਵੇ, ਉਸ ਤੋਂ ਜਵਾਬ ਮੰਗਿਆ ਜਾਵੇਗਾ।ਦਿੱਲੀ ਗੁਰ-ਦੁਆਰਾ ਪ੍ਰਬੰਧਕ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੀ ਇਸ ਵਾਇਰਲ ਫੋਟੋ, ਜਿਸ ਵਿੱਚ ਉਹ ਜੋੜੇ ਪਾ ਕੇ ਕੀਰਤਨ ਸੁਣ ਰਹੇ ਹਨ,ਬਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਦੀ ਸ਼ਿਕਾਇਤ ਉਨ੍ਹਾਂ ਨੂੰ ਮਿਲ ਗਈ ਹੈ ਤੇ ਇਸ ਉੱਤੇ ਵਿਚਾਰ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਜੋ ਵੀ ਇਸ ਵਿੱਚ ਗਲਤ ਨਿਕਲੇਗਾ, ਉਸ ਨੂੰ ਅਕਾਲ ਤਖਤ ਵਿਖੇ ਤਲਬ ਕੀਤਾ ਜਾਵੇਗਾ। ਇਸ ਦੌਰਾਨ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਇਸ ਬਾਰੇ ਮਨਜਿੰਦਰ ਸਿੰਘ ਸਿਰਸਾ ਦੀ ਆਲੋਚਨਾ ਕੀਤੀ ਹੈ।ਉਨ੍ਹਾ ਕਿਹਾ ਕਿ ਜੋੜੇ ਪਾ ਕੇ ਕੀਰਤਨ ਸਰਵਣ ਕਰਨਾ ਗਲਤ ਹੈ ਅਤੇ ਇਸ ਤੋਂ ਵੱਡੀ ਬੇਅਦਬੀ ਹੋਰ ਕੋਈ ਨਹੀਂ ਹੋ ਸਕਦੀ।

# ਦਾਖਾ ਉੱਪ ਚੋਣ: ਅਕਾਲੀ ਦਲ ਦੀ ਸ਼ਿਕਾਇਤ ਉੱਤੇ ਚੋਣ ਕਮਿਸ਼ਨ ਵੱਲੋਂ ਐੱਸ ਐੱਚ ਓ ਵਿਰੁੱਧ ਕਾਰਵਾਈ

ਚੰਡੀਗੜ੍ਹ, 14 ਅਕਤੂਬਰ, (ਪੋਸਟ ਬਿਊਰੋ)-ਪੰਜਾਬ ਦੇ ਦਾਖਾ ਵਿਧਾਨ ਸਭਾ ਹਲਕੇ ਦੀ ਉੱਪ ਚੋਣ ਦੇ ਸੰਬੰਧ ਵਿੱਚ ਚੋਣ ਕਮਿਸ਼ਨ ਨੇ ਆਪਣੀ ਜਾਂਚ ਮੁਕੰਮਲ ਕਰਨ ਪਿੱਛੋਂ ਦਾਖਾ ਦੇ ਐੱਸ ਐੱਚ ਓ ਪ੍ਰੇਮ ਸਿੰਘ ਨੂੰ ਤੁਰੰਤ ਬਦਲਣ ਦੇ ਹੁਕਮ ਦਿੱਤੇ ਹਨ। ਪ੍ਰੇਮ ਸਿੰਘ ਉੱਤੇ ਅਕਾਲੀ ਦਲ ਨੇ ਚੋਣ ਜ਼ਾਬਤੇ ਦੀ ਉਲੰਘਣਾ ਕਰ ਕੇ ਪੰਜਾਬ ਦੀ ਹਾਕਮ ਧਿਰ ਕਾਂਗਰਸ ਪਾਰਟੀ ਦੇ ਉਮੀਦਵਾਰ ਕੈਪਟਨ ਸੰਦੀਪ ਸੰਧੂ ਦੀ ਮਦਦ ਕਰਨ ਦੇ ਦੋਸ਼ ਲਾਏ ਸਨ।

ਪਤਾ ਲੱਗਾ ਹੈ ਕਿ ਇਸ ਦੀ ਸ਼ਿਕਾਇਤ ਮਿਲਣ ਉੱਤੇਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾ. ਕਰੁਣਾ ਰਾਜੂ ਨੇ ਐੱਸ ਐੱਸ ਪੀ ਲੁਧਿਆਣਾ, ਡਿਪਟੀ ਕਮਿਸ਼ਨਰ ਲੁਧਿਆਣਾ ਅਤੇ ਲੁਧਿਆਣਾ ਦੇ ਪੁਲਸ ਕਮਿਸ਼ਨਰ ਨੂੰ ਵੱਖਰੇ-ਵੱਖਰੇ ਤੌਰ ਉੱਤੇ ਜਾਂਚ ਕਰਨ ਦੇ ਹੁਕਮ ਦਿੱਤੇ ਸਨ। ਪਿਛਲੇ ਦਿਨੀਂ ਜਦੋਂ ਤਿੰਨਾਂ ਅਧਿਕਾਰੀਆਂ ਤੋਂ ਜਾਂਚ ਰਿਪੋਰਟਾਂ ਆ ਗਈਆਂ ਤਾਂ ਖ਼ੁਫ਼ੀਆ ਤੰਤਰ ਦੀ ਰਿਪੋਰਟ ਦੀ ਘੋਖ ਕਰਨ ਪਿੱਛੋਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੇ ਆਪਣੀ ਟਿੱਪਣੀ ਰਿਪੋਰਟ ਕਾਰਵਾਈ ਲਈ ਭਾਰਤ ਦੇ ਚੋਣ ਕਮਿਸ਼ਨ ਦਿੱਲੀ ਨੂੰ ਭੇਜ ਦਿੱਤੀ ਸੀ, ਜਿਸ ਉੱਤੇਅੱਜ ਸੋਮਵਾਰ ਫ਼ੈਸਲਾ ਆਉਣ ਪਿੱਛੋਂ ਐੱਸ ਐੱਚ ਓ ਨੂੰ ਬਦਲਣ ਲਈ ਪੰਜਾਬ ਪੁਲਸ ਦੇ ਮੁਖੀ ਦਿਨਕਰ ਗੁਪਤਾ ਨੂੰ ਕਹਿ ਦਿੱਤਾ ਗਿਆ ਹੈ। ਇਸ ਦੇ ਨਾਲ ਇਹ ਵੀ ਪਤਾ ਲੱਗਾ ਹੈ ਕਿ ਐੱਸਡੀ ਐੱਮ ਜਗਰਾਉਂ ਅਤੇ ਆਈਜੀ ਰਣਬੀਰ ਸਿੰਘ ਖੱਟੜਾ ਨੂੰ ਚੋਣ ਕਮਿਸ਼ਨ ਨੇ ਕਲੀਨ ਚਿੱਟ ਦੇ ਦਿੱਤੀ ਹੈ, ਪਰ ਅਜੇ ਇਸ ਬਾਰੇ ਕਮਿਸ਼ਨ ਵੱਲੋਂ ਰਸਮੀ ਤੌਰ ਉੱਤੇ ਕੋਈ ਸੂਚਨਾ ਨਹੀਂਆਈ। ਪੰਜਾਬ ਦੇ ਮੁੱਖ ਚੋਣ ਅਫਸਰ ਡਾ. ਕਰੁਣਾ ਰਾਜ ਦਾ ਕਹਿਣਾ ਹੈ ਕਿ ਐੱਸ ਐੱਚ ਓ ਖ਼ਿਲਾਫ਼ ਕਈ ਤੱਥ ਤੇ ਸਬੂਤ ਮਿਲਣ ਉੱਤੇਕਾਰਵਾਈ ਕੀਤੀ ਗਈ ਹੈ, ਪਰ ਐੱਸਡੀ ਐੱਮ ਜਗਰਾਉਂਅਤੇ ਆਈਜੀ ਰਣਬੀਰ ਸਿੰਘ ਖੱਟੜਾ ਵਿਰੁੱਧ ਕੁਝ ਨਹੀਂ ਮਿਲਿਆ, ਜਿਸ ਕਰ ਕੇ ਕਾਰਵਾਈ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਦਾਖਾ ਹਲਕੇ ਵਿਚ ਸਿਹਤ ਵਿਭਾਗ ਦੇ ਇਕ ਮੁਲਾਜ਼ਮ ਦੇ ਖ਼ਿਲਾਫ਼ ਕਾਰਵਾਈ ਕਰ ਕੇ ਉਸ ਨੂੰ ਬਦਲਣ ਲਈ ਕਿਹਾ ਗਿਆ ਹੈ।

ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੂੰ ਐੱਸ ਐੱਚ ਓ ਦਾਖਾ ਦੇ ਮਾਮਲੇ ਵਿਚ ਐੱਸ ਐੱਸ ਪੀ, ਡਿਪਟੀ ਕਮਿਸ਼ਨਰ ਅਤੇ ਲੁਧਿਆਣਾ ਦੇ ਪੁਲਸ ਕਮਿਸਲਨਰਵੱਲੋਂ ਭੇਜੀਆਂ ਜਾਂਚ ਰਿਪੋਰਟਾਂ ਆਪੋ ਵਿਚ ਮੇਲ ਨਹੀਂ ਖਾਂਦੀਆਂ ਸਨ ਅਤੇ ਐੱਸ ਐੱਸ ਪੀਵੱਲੋਂਆਪਣੀ ਰਿਪੋਰਟ ਵਿੱਚ ਐੱਸ ਐੱਚ ਓ ਨੂੰ ਕਲੀਨ ਚਿੱਟ ਹੋਈ ਸੀ। ਮੁੱਖ ਚੋਣ ਅਫਸਰ ਨੇ ਆਪਣੇ ਪੱਧਰ ਉੱਤੇ ਇਕ ਹੋਰ ਜਾਂਚ ਵਿਚ ਦੋਸ਼ ਨਿਕਲਣ ਉੱਤੇ ਕਾਰਵਾਈ ਲਈ ਮੁੱਖ ਚੋਣ ਕਮਿਸ਼ਨ ਨੂੰ ਸਿਫਾਰਸ਼ ਭੇਜੀ ਸੀ।

## ਲੇਬਰ ਆਗੂ ਕਾਰਬਿਨ ਨੇ ਮੰਨਿਆ: ਕਸ਼ਮੀਰ ਬਾਰੇ ਮਤਾ ਭਾਰਤ ਦੇ ਖ਼ਿਲਾਫ਼ ਦੁਸ਼ਮਣੀ ਦੀ ਭਾਵਨਾ ਵਾਲਾ ਮੰਨਿਆ ਜਾ ਸਕਦੈ

ਲੰਡਨ, 14 ਅਕਤੂਬਰ, (ਪੋਸਟ ਬਿਊਰੋ)-ਬ੍ਰਿਟੇਨ ਦੀ ਵਿਰੋਧੀ ਧਿਰ ਦੀ ਲੇਬਰ ਪਾਰਟੀ ਦੇ ਆਗੂ ਜੈਰੇਮੀ ਕਾਰਬਿਨ ਨੇ ਮੰਨ ਲਿਆ ਹੈ ਕਿ ਉਨ੍ਹਾਂ ਦੀ ਪਾਰਟੀ ਵੱਲੋਂ 26 ਸਤੰਬਰ ਨੂੰ ਪਾਸ ਕੀਤੇ ਗਏ ਕਸ਼ਮੀਰ ਮਤੇ ਦੀ ਭਾਸ਼ਾ ਤੋਂ ਇਸ ਗੱਲ ਦੀ ਗੁੰਜਾਇਸ਼ ਹੈ ਕਿ ਉਸ ਨੂੰ ਭਾਰਤ ਦੇ ਵਿਰੁੱਧ ਦੁਸ਼ਮਣੀ ਵਾਲੀ ਭਾਸ਼ਾ ਕਿਹਾ ਜਾ ਸਕਦਾ ਹੈ। ਫਿਰ ਵੀ ਉਹ ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਦੇ ਖ਼ਿਲਾਫ਼ ਪਾਸ ਕੀਤੇ ਮਤੇ ਦਾ ਸਮਰਥਨ ਕਰਦੇ ਰਹੇ।

ਵਰਨਣ ਯੋਗ ਹੈ ਕਿ ਲੇਬਰ ਫ੍ਰੈਂਡਸ ਆਫ ਇੰਡੀਆ (ਐੱਲ ਐੱਫਆਈ) ਗਰੁੱਪ ਅਤੇ ਪਾਰਟੀ ਦੇ ਕਈ ਮੈਂਬਰਾਂ ਨੇ ਪੱਤਰ ਲਿਖ ਕੇ ਲੇਬਰ ਪਾਰਟੀ ਦੇ ਸਾਲਾਨਾ ਸੰਮੇਲਨ ਦੌਰਾਨ ਪਾਸ ਕੀਤੇ ਮਤੇ ਉੱਤੇ ਚਿੰਤਾ ਪ੍ਰਗਟ ਕੀਤੀ ਸੀ। ਏਸੇ ਪੱਤਰ ਉੱਤੇ ਆਪਣੀ ਪ੍ਰਤੀਕਿਰਿਆ ਦੇਂਦਿਆਂ ਕਾਰਬਿਨ ਨੇ ਕਿਹਾ ਕਿ ਕਸ਼ਮੀਰ ਮੁੱਦੇ ਉੱਤੇ ਐਮਰਜੈਂਸੀ ਮਤਾ ਲੇਬਰ ਪਾਰਟੀ ਦੇ ਸੰਮੇਲਨ ਵਿਚ ਲੋਕਤੰਤਰੀ ਪ੍ਰਕਿਰਿਆ ਹੇਠ ਪੇਸ਼ ਹੋਇਆ ਸੀ।

# ਕੇਸਾਂ ਵਿੱਚ ਫਸੇ ਹੋਏ ਪੰਜਾਬ ਪੁਲਿਸ ਦੇ ਪੰਜ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਵੱਲੋਂ ਰਾਹਤ

ਚੰਡੀਗੜ੍ਹ, 14 ਅਕਤੂਬਰ, (ਪੋਸਟ ਬਿਊਰੋ)-ਖਾੜਕੂਵਾਦ ਦੇ ਦੌਰ ਦੌਰਾਨ ਮਨੁੱਖੀ ਅਧਿਕਾਰਾਂ ਦੀ ਉਲੰਘਣਾ, ਕਤਲ ਤੇ ਤਸ਼ੱਦਦ ਕਰਨ ਦੇ ਦੋਸ਼ਾਂ ਵਿੱਚਪੰਜਾਬ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਪੁਲਿਸ ਦੇ ਪੰਜ ਮੁਲਾਜ਼ਮਾਂ ਨੂੰ ਛੱਡਣ ਦੇ ਲਈਕੇਂਦਰ ਸਰਕਾਰ ਨੇ ਫ਼ੈਸਲਾ ਕਰ ਲਿਆ ਦੱਸਿਆ ਗਿਆ ਹੈ।

ਵਰਨਣ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਿਛਲੇ ਦਿਨੀਂ ਕੇਂਦਰ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇੱਕ ਪੱਤਰ ਲਿਖ ਕੇ 20 ਉਨ੍ਹਾਂ ਪੁਲਿਸ ਅਫਸਰਾਂ ਤੇ ਮੁਲਾਜ਼ਮਾਂ ਨੂੰ ਛੱਡਣ ਦੀ ਮੰਗ ਕੀਤੀ ਸੀ, ਜਿਹੜੇ ਖਾੜਕੂਵਾਦ ਦੇ ਸਮੇਂ ਦੇ ਵੱਖ-ਵੱਖ ਕੇਸਾਂ ਦੇ ਲਈ ਸਜ਼ਾ ਕੱਟ ਰਹੇ ਹਨ। ਪੰਜਾਬ ਸਰਕਾਰ ਦੀ ਸਿਫ਼ਾਰਸ਼ ਉੱਤੇਕੇਂਦਰ ਦੇ ਗ੍ਰਹਿ ਮੰਤਰਾਲੇ ਨੇ ਇਨ੍ਹਾਂ 20 ਵਿਚੋਂ 5 ਜਣਿਆਂ ਨੂੰ ਛੱਡਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਵਿਚੋਂ ਸਭ ਤੋਂ ਵੱਧ ਉਮਰ ਵਾਲੇ ਪੁਲਿਸ ਮੁਲਾਜ਼ਮ ਦੀ ਉਮਰ 90 ਸਾਲ ਦੇ ਕਰੀਬ ਤੇ ਸਭ ਤੋਂ ਘੱਟ ਉਮਰ ਵਾਲੇਦੀ 63 ਸਾਲ ਦੱਸੀ ਗਈ ਹੈ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਲਏ ਗਏ ਇਸ ਫ਼ੈਸਲੇ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਸ ਪ੍ਰਗਟਾਈ ਹੈ ਕਿ ਕੇਂਦਰ ਸਰਕਾਰ ਵੱਲੋਂ ਜੇਲ੍ਹਾਂ ਵਿਚ ਬੰਦ ਬਾਕੀ ਪੁਲਿਸ ਮੁਲਾਜ਼ਮਾਂ, ਜਿਨ੍ਹਾਂ ਦੀ ਮਨੁੱਖੀ ਆਧਾਰ ਉੱਤੇ ਰਿਹਾਈ ਲਈ ਉਨ੍ਹਾਂ ਨੇ ਕੇਂਦਰ ਨੂੰ ਪਿਛਲੇ ਮਹੀਨੇ ਲਿਖਿਆ ਸੀ, ਬਾਰੇ ਵੀ ਹਾਂ-ਪੱਖੀ ਫ਼ੈਸਲਾ ਲਿਆ ਜਾਵੇਗਾ। ਇਨ੍ਹਾਂ 20 ਮੁਲਾਜ਼ਮਾਂ ਵਿੱਚੋਂ 5 ਨੂੰ ਸਜ਼ਾ ਵਿਚ ਵਿਸ਼ੇਸ਼ ਛੋਟ ਦੇਣ ਤੇ ਰਿਹਾਅ ਕਰਨ ਦੇ ਫ਼ੈਸਲੇ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮਨੁੱਖਵਾਦੀ ਤੇ ਉਦਾਰਤਾ ਦੀ ਵਿਚਾਰਧਾਰਾ ਦਾ ਦੱਸਿਆ ਹੈ। ਇਹ ਫ਼ੈਸਲਾ ਕੇਂਦਰ ਨੇ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ 9 ਸਿੱਖ ਕੈਦੀਆਂ ਦੀ ਸਜ਼ਾ ਵਿਚ ਛੋਟ ਦੇ ਫ਼ੈਸਲੇ ਤੋਂ ਕੁਝ ਦਿਨ ਬਾਅਦ ਲਿਆ ਹੈ।

ਕੈਪਟਨ ਅਮਰਿੰਦਰ ਸਿੰਘ ਨੇ 20 ਪੁਲਸ ਮੁਲਾਜ਼ਮਾਂ ਦੀ ਰਿਹਾਈ ਲਈਸਤੰਬਰ ਵਿਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਸਰਹੱਦ ਪਾਰ ਤੋਂ ਫੈਲਾਏ ਜਾਂਦੇ ਖਾੜਕੂਵਾਦ ਨਾਲ ਲੜਾਈ ਦੌਰਾਨ ਇਨ੍ਹਾਂ ਵਿਅਕਤੀਆਂ ਨੇ ਪੰਜਾਬ ਅਤੇ ਦੇਸ਼ ਦੇ ਹਿੱਤਾਂ ਦੀ ਰਾਖੀ ਲਈ ਕੰਮ ਕੀਤਾ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਕਈ ਪੁਲਿਸ ਮੁਲਾਜ਼ਮ ਗੰਭੀਰ ਬਿਮਾਰੀਆਂ ਵਿੱਚ ਫਸੇ ਹਨ ਅਤੇ ਕੇਂਦਰ ਸਰਕਾਰ ਦੀ ਦਿਆਲਤਾ ਦੇ ਹੱਕਦਾਰ ਹਨ। ਉਨ੍ਹਾਂ ਇਹ ਵੀ ਲਿਖਿਆ ਕਿ ਖਾੜਕੂਵਾਦ ਦੇ ਦੌਰਾਨ ਇਨ੍ਹਾਂ ਨੇ ਕਿਸੇ ਨਿੱਜੀ ਹਿੱਤ ਦੇ ਬਿਨਾਂ ਦੇਸ਼ ਲਈ ਜਾਨਾਂ ਖਤਰੇ ਵਿਚ ਪਾਈਆਂ ਸਨ।ਮੁੱਖ ਮੰਤਰੀ ਨੇ ਜਿਨ੍ਹਾਂ ਵਿਅਕਤੀਆਂ ਦੀ ਰਿਹਾਈ ਦੀ ਮੰਗ ਕੀਤੀ ਹੈ, ਉਹ ਆਪਣੀ ਬਹੁਤੀ ਸਜ਼ਾ ਭੁਗਤ ਚੁੱਕੇ ਦੱਸੇ ਜਾਂਦੇ ਹਨ।

## ਵੀਡੀਓ ਵਿੱਚ ਵਿਰੋਧੀਆਂ ਉੱਤੇ ਹਮਲਾ ਕਰ ਰਹੇ ਟਰੰਪ ਦਾ ਕਲਿਪ ਲੀਕ



ਵਾਸ਼ਿੰਗਟਨ, 14 ਅਕਤੂਬਰ, (ਪੋਸਟ ਬਿਊਰੋ)-ਰਾਸ਼ਟਰਪਤੀ ਡੋਨਾਲਡ ਟਰੰਪ ਦਾ ਅਮਰੀਕੀ ਮੀਡੀਆ ਦੇ ਨਾਲ ਵਿਹਾਰ ਸਭ ਨੂੰ ਪਤਾ ਹੈ। ਉਹ ਮੀਡੀਆ ਨੂੰ ਕਈ ਵਾਰੀ ਫੇਕ ਨਿਊਜ਼ ਵਾਲੇ ਕਹਿ ਕੇ ਭੰਡ ਚੁੱਕੇ ਹਨ। ਇਸ ਵਾਰੀ ਉਨ੍ਹਾਂ ਦਾ ਇਕ ਹਿਲਾ ਦੇਣ ਵਾਲਾ ਵੀਡੀਓ ਲੀਕ ਹੋਇਆ ਹੈ, ਜਿਸ ਵਿੱਚ ਦਿਖਾਏ ਦ੍ਰਿਸ਼ ਅਸਲੀ ਨਹੀਂ, ਪਰ ਇਸ ਵਿੱਚ ਉਨ੍ਹਾਂ ਨੂੰ ਆਪਣੇ ਮੀਡੀਆ ਅਤੇ ਸਿਆਸੀ ਵਿਰੋਧੀਆਂ ਨੂੰ ਗੋਲੀ ਅਤੇ ਚਾਕੂ ਮਾਰਦੇ ਦਿਖਾਇਆ ਗਿਆ ਹੈ।

ਇਹ ਕਾਲਪਨਿਕ ਵੀਡੀਓ ਪਿਛਲੇ ਹਫ਼ਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਿਆਮੀ ਵਾਲੇ ਰਿਜ਼ਾਰਟ ਵਿੱਚ ਉਨ੍ਹਾਂ ਦੇ ਹਮਾਇਤੀਆਂ ਦੇ ਸੰਮੇਲਨ ਵਿੱਚ ਦਿਖਾਇਆ ਗਿਆ ਸੀ। ਸੰਮੇਲਨ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਟਰੰਪ ਦੇ ਪੁੱਤਰ ਡੋਨਾਲਡ ਟਰੰਪ ਜੂਨੀਅਰ, ਸਾਬਕਾ ਬੁਲਾਰਾ ਮਿੱਸ ਸਾਰਾ ਸੈਂਡਰਸ ਤੇ ਫਲੋਰੀਡਾ ਦੇ ਗਵਰਨਰ ਰੌਨ ਡਿਸੇਂਟਿਸ ਵੀ ਸ਼ਾਮਲ ਸਨ। ਸਮਝਿਆ ਜਾਂਦਾ ਹੈ ਕਿ ਇਹ ਵੀਡੀਓ ਅਗਲੇ ਸਾਲ ਵਿੱਚ ਰਾਸ਼ਟਰਪਤੀ ਚੋਣਾਂ ਲਈ ਟਰੰਪ ਦੇ ਪ੍ਰਚਾਰ ਦਾ ਹਿੱਸਾ ਹੈ। ਸਾਰਾ ਸੈਂਡਰਸ ਅਤੇ ਟਰੰਪ ਜੂਨੀਅਰ ਦੇ ਇਕ ਕਰੀਬੀ ਨੇ ਪਿਛਲੇ ਐਤਵਾਰ ਕਿਹਾ ਸੀ ਕਿ ਉਨ੍ਹਾਂ ਸੰਮੇਲਨ ਵਿੱਚ ਵੀਡੀਓ ਨਹੀਂ ਦੇਖਿਆ। ਇਸ ਵੀਡੀਓ ਵਿੱਚ ਕਈ ਇੰਟਰਨੈੱਟ ਮੀਮ ਸ਼ਾਮਲ ਕੀਤੇ ਗਏ ਹਨ ਅਤੇ ਟਰੰਪ ਦਾ ਚੋਣ ਪ੍ਰਚਾਰ ਦਾ ਲੋਗੋ ਵੀ ਦਿਖਾਇਆ ਗਿਆ ਹੈ। ਸਭ ਤੋਂ ਹਿੰਸਕ ਦ੍ਰਿਸ਼ ਵਿੱਚ ਟਰੰਪ ਵਰਗੇ ਇਕ ਵਿਅਕਤੀ ਨੂੰ ਉਨ੍ਹਾਂ ਲੋਕਾਂਉੱਤੇ ਫਾਇਰਿੰਗ ਕਰਦੇ ਦਿਖਾਇਆ ਗਿਆ ਹੈ, ਜਿਨ੍ਹਾਂ ਦੇ ਚਿਹਰਿਆਂ ਉੱਤੇ ਸੀ ਐੱਨ ਐੱਨ, ਵਾਸ਼ਿੰਗਟਨ ਪੋਸਟ ਅਤੇ ਐੱਨ ਬੀਸੀ ਟੀਵੀ ਦੇ ਲੋਗੋ ਲੱਗੇ ਹੋਏ ਸਨ। ਇਕ ਹੋਰ ਕਲਿੱਪ ਵਿੱਚਟਰੰਪ ਨੂੰ ਵਿਰੋਧੀ ਰਿਪਬਲਿਕਨ ਸੈਨੇਟਰ ਮਿਟ ਰੋਮਨੀ ਨੂੰ ਜ਼ਮੀਨ ਉੱਤੇ ਸੁੱਟਦੇ ਅਤੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਕੰਧ ਨਾਲ ਮਾਰਦੇ ਦਿਖਾਇਆ ਗਿਆ ਹੈ।ਟਰੰਪ ਦੇ ਸਮੱਰਥਕਾਂ ਦੇ ਇਸ ਸੰਮੇਲਨ ਵਿੱਚ ਹਿੱਸਾ ਲੈਣ ਵਾਲੇ ਕਿਸੇ ਵਿਅਕਤੀ ਨੇ ਆਪਣੇ ਮੋਬਾਈਲ ਫੋਨ ਵਿੱਚ ਇਹ ਵੀਡੀਓ ਰਿਕਾਰਡ ਕਰ ਕੇ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਨੂੰ ਭੇਜਿਆ ਸੀ। ਸੰਮੇਲਨ ਪ੍ਰਬੰਧਕਾਂ ਨੇ ਬਿਆਨ ਜਾਰੀ ਕੀਤਾ ਹੈ ਕਿ ਸੰਮੇਲਨ ਵਿੱਚ ਦਿਖਾਈ ਕਲਿੱਪ ਮੀਮ ਪ੍ਰਦਰਸ਼ਨ ਦਾ ਹਿੱਸਾ ਸੀ। ਉਨ੍ਹਾਂ ਨੇ ਵੀਡੀਓ ਦੀ ਨਿੰਦਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦਾ ਸੰਗਠਨ ਇਹ ਪਤਾ ਲਾ ਰਿਹਾ ਹੈ ਕਿ ਇਸ ਨੂੰ ਕਿਵੇਂ ਦਿਖਾਇਆ ਗਿਆ ਸੀ।

# ਦਿੱਲੀ ਦੀ ਹਵਾ ਅਚਾਨਕ ਹੱਦੋਂ ਵੱਧ ਵਿਗੜੀ, ਕੇਂਦਰ ਸਰਕਾਰ ਨੇ ਹੰਗਾਮੀ ਮੀਟਿੰਗ ਸੱਦੀ



ਨਵੀਂ ਦਿੱਲੀ, 14 ਅਕਤੂਬਰ, (ਪੋਸਟ ਬਿਊਰੋ)-ਦਿੱਲੀ-ਐੱਨ ਸੀ ਆਰ(ਨੈਸ਼ਨਲ ਕੈਪੀਟਲ ਰੀਜਨ) ਵਿੱਚ ਤੇਜ਼ੀ ਨਾਲ ਖ਼ਰਾਬ ਹੋਈ ਹਵਾ ਨੇ ਕੇਂਦਰ ਸਰਕਾਰ ਦੀ ਬੇਚੈਨੀ ਵਧਾ ਦਿੱਤੀ ਹੈ। ਇਹ ਹਾਲਤ ਉਸ ਵੇਲੇ ਹੈ, ਜਦੋਂ ਇਸਨਾਲ ਨਿਪਟਣ ਲਈ ਪਹਿਲਾਂ ਹੀ ਤਿਆਰੀਆਂ ਅਤੇ ਮੀਟਿੰਗਾਂ ਹੋ ਚੁੱਕੀਆਂ ਹਨ। ਤਾਜ਼ਾ ਸਥਿਤੀ ਵਿੱਚ ਕੇਂਦਰ ਸਰਕਾਰ ਨੇ ਦਿੱਲੀ ਅਤੇ ਉਸ ਦੇ ਗੁਆਂਢ ਰਾਜਾਂ ਦੇ ਵਾਤਾਵਰਣ ਮੰਤਰੀਆਂ ਦੀ ਹੰਗਾਮੀ ਮੀਟਿੰਗ ਸੱਦ ਲਈ ਹੈ।

ਅੱਜ ਸੋਮਵਾਰ ਨੂੰ ਵਾਤਾਵਰਨ ਮੰਤਰਾਲੇ ਵਿਚ ਪੂਰਾ ਦਿਨ ਦਿੱਲੀ-ਐੱਨ ਸੀ ਆਰ ਦੀ ਹਵਾ ਬਾਰੇ ਲੰਬੀਆਂ ਬੈਠਕਾਂ ਦੌਰਾਨ ਪਿਛਲੇ ਸਾਲ ਦੇ ਮੁਕਾਬਲੇ ਹਵਾ ਦੀ ਗੁਣਵਤਾ ਵਿੱਚ ਸੁਧਾਰ ਦੇ ਦਾਅਵੇ ਕੀਤੇ ਗਏ ਅਤੇ ਇਸ ਦੇ ਨਾਲ ਇਹ ਆਸ ਪ੍ਰਗਟਾਈ ਗਈ ਕਿ ਇਸ ਵਾਰ ਹਵਾ ਦੀ ਗੁਣਵਤਾ ਬਹੁਤੇ ਖ਼ਰਾਬ ਹੋਣ ਦੇ ਪੱਧਰ ਤੋਂ ਹੇਠਾਂ ਨਹੀਂ ਜਾਵੇਗੀ।

ਇਸ ਵਾਰੀ ਦਿੱਲੀ-ਐੱਨ ਸੀ ਆਰ ਦੀ ਹਵਾ ਵਿਚ ਇਹਤਬਦੀਲੀ ਪਹਿਲੀ ਅਕਤੂਬਰ ਤੋਂ ਸ਼ੁਰੂ ਹੋਈ ਹੈ। ਪਹਿਲੀ ਅਕਤੂਬਰ ਨੂੰ ਹਵਾ ਵਿਚਪੀ ਐੱਮ (ਪਾਰਟੀਕੁਲੇਟ ਮੈਟਰ)-10 ਦੀ ਮਾਤਰਾ 90 ਮਾਈਕ੍ਰੋਗਰਾਮ ਪ੍ਰਤੀ ਕਿਊਬਕ ਮੀਟਰ ਸੀ। ਦੋ ਅਕਤੂਬਰ ਨੂੰ ਪੀ ਐੱਮ-10 ਦੀ ਮਾਤਰਾ ਵਧ ਕੇ 101 ਤਕ ਪੁੱਜ ਗਈ ਅਤੇ ਸੋਮਵਾਰ ਤਕ ਹੋਰ ਵਧਦੀ ਹੋਈਪੀ ਐੱਮ-10 ਦੀ ਮਾਤਰਾ 222 ਤਕ ਪੁੱਜ ਗਈ। ਹਵਾ ਦੀ ਗੁਣਵਤਾ ਦੇ ਖ਼ਰਾਬ ਜਾਂ ਬੇਹੱਦ ਖ਼ਰਾਬ ਦਾ ਮੁਲੰਕਣ ਪੀ ਐੱਮ-10 ਅਤੇ ਪੀ ਐੱਮ-2.5 ਪੱਧਰ ਦੇ ਆਧਾਰ ਉੱਤੇ ਕੀਤਾ ਜਾਂਦਾ ਹੈ। ਚੰਗੀ ਗੁਣਵਤਾ ਲਈ ਪੀ ਐੱਮ-10 ਦਾ ਪੱਧਰ 100 ਮਾਈਕ੍ਰੋਗਰਾਮ ਪ੍ਰਤੀ ਕਿਊਬਿਕ ਮੀਟਰ ਜਾਂ ਉਸ ਤੋਂ ਘੱਟ ਹੋਣਾ ਚਾਹੀਦਾ ਹੈ।ਵਾਤਾਵਰਨ ਮੰਤਰਾਲੇ ਨਾਲ ਦੇ ਅਧਿਕਾਰੀਆਂ ਮੁਤਾਬਕ ਹਵਾ ਦੀ ਗੁਣਵਤਾ ਵਿੱਚ ਜਿਵੇਂ ਤਬਦੀਲੀ ਆਈ ਹੈ, ਉਸ ਦੇ ਪਿੱਛੇ ਸਿਰਫ਼ ਪਰਾਲੀ ਹੀ ਇਕੱਲਾ ਕਾਰਨ ਨਹੀਂ, ਮੌਸਮ ਦੀ ਤਬਦੀਲੀ ਦਾ ਪਹਿਲੂ ਵੀ ਹੈ। ਇਸ ਤਬਦੀਲੀ ਨਾਲ ਹਵਾ ਦੀ ਚਾਲ ਸੁਸਤ ਹੋਈ ਹੈ, ਜਿਸ ਕਾਰਨ ਦਿੱਲੀ ਅਤੇ ਐੱਨ ਸੀ ਆਰ ਵਿੱਚ ਪੈਦਾ ਹੋਣ ਵਾਲਾ ਪ੍ਰਦੂਸ਼ਣ ਬਾਹਰ ਨਹੀਂ ਨਿਕਲਦਾ।

# ਐੱਫ ਏ ਟੀ ਐੱਫ ਬੈਠਕ: ਪਾਕਿਸਤਾਨ ਨੂੰ ਕਿਸੇ ਵੀ ਦੇਸ਼ ਦਾ ਸਮਰਥਨ ਨਹੀਂ ਮਿਲ ਸਕਿਆ



ਇਸਲਾਮਾਬਾਦ, 14 ਅਕਤੂਬਰ, (ਪੋਸਟ ਬਿਊਰੋ)- ਫਾਈਨੈਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਵੱਲੋਂ ਕੋਈ ਫੈਸਲਾ ਲਏ ਜਾਣ ਤੋਂ ਪਹਿਲਾਂ ਪਾਕਿਸਤਾਨ ਨੂੰ ਇੱਕ ਵਾਰ ਫਿਰ ਵੱਡਾ ਝਟਕਾ ਲੱਗਾ ਹੈ। ਇਸ ਬਾਰੇ ਆਖਰੀ ਫੈਸਲਾ ਬੇਸ਼ੱਕ 18 ਅਕਤੂਬਰ ਨੂੰ ਹੋਣਾ ਹੈ, ਪਰ ਓਦੋਂ ਪਹਿਲਾਂ ਕਿਸੇ ਦੇਸ਼ ਨੇ ਪਾਕਿਸਤਾਨ ਦਾ ਸਮਰਥਨ ਨਹੀਂ ਕੀਤਾ, ਏਥੋਂ ਤੱਕ ਕਿ ਚੀਨ, ਮਲੇਸ਼ੀਆ ਅਤੇ ਤੁਰਕੀ ਨੇ ਵੀ ਉਸ ਦਾ ਸਮਰਥਨ ਨਹੀਂ ਕੀਤਾ।

ਇਸ ਕੌਮਾਂਤਰੀ ਅਦਾਰੇ ਦੇ ਸੂਤਰਾਂ ਮੁਤਾਬਕ ਐੱਫ ਏ ਟੀ ਐੱਫ ਅਗਲੇ ਦਿਨਾਂ ਦੌਰਾਨ ਪਾਕਿਸਤਾਨ ਖ਼ਿਲਾਫ ਵੱਡੀ ਕਾਰਵਾਈ ਕਰ ਕੇ ਉਸ ਨੂੰ 'ਡਾਰਕ ਗ੍ਰੇਅ' ਲਿਸਟ ਵਿੱਚ ਸ਼ਾਮਲ ਕਰ ਸਕਦਾ ਹੈ। ਐੱਫ ਏ ਟੀ ਐੱਫ ਦੇ ਨਿਯਮਾਂ ਮੁਤਾਬਕ ਗ੍ਰੇਅ ਅਤੇ ਬਲੈਕ ਲਿਸਟ ਵਿਚਾਲੇ ਇੱਕ ਡਾਰਕ ਗ੍ਰੇਅ ਦੀ ਕਲਾਸ ਵੀ ਹੁੰਦੀ ਹੈ। ਜੇਏਦਾਂ ਕੀਤਾ ਜਾਂਦਾ ਹੈ ਤਾਂ ਪਾਕਿਸਤਾਨ ਨੂੰ ਇਹ ਇੱਕ ਨਵੀਂ ਸਖਤ ਚਿਤਾਵਨੀ ਹੋਵੇਗੀ ਕਿ ਉਹ ਇਕ ਆਖਰੀ ਮੌਕੇਦੌਰਾਨ ਖੁਦ ਨੂੰ ਸੁਧਾਰ ਲਵੇ, ਵਰਨਾ ਇਸ ਦੇ ਬਾਅਦ ਉਸ ਨੂੰ ਬਲੈਕ-ਲਿਸਟ ਕੀਤਾ ਜਾ ਸਕਦਾ ਹੈ।

ਪਤਾ ਲੱਗਾ ਹੈ ਕਿ ਪਾਕਿਸਤਾਨ ਆਪਣੇ ਦੇਸ਼ ਵਿੱਚ ਅੱਤਵਾਦ ਦੇ ਖਿਲਾਫ ਕਾਰਵਾਈ ਬਾਰੇ ਐੱਫ ਏ ਟੀ ਐੱਫ ਵਿੱ-ਚਇਕ ਡੋਜ਼ੀਅਰ ਪੇਸ਼ ਕਰਨ ਵਾਲਾ ਹੈ, ਜਿਸ ਵਿੱਚ ਇਸ ਦਾ ਜ਼ਿਕਰ ਹੋਵੇਗਾ ਕਿ ਪਾਕਿਸਤਾਨ ਨੇ ਹਾਫਿਜ਼ ਸਈਦ, ਮਸੂਦ ਅਜ਼ਹਰ ਅਤੇ ਹੋਰ ਅੱਤਵਾਦੀਆਂ ਦੇ ਖਿਲਾਫ ਕੀ ਕਾਰਵਾਈ ਕੀਤੀ ਹੈ। ਇਸ ਡੋਜ਼ੀਅਰ ਵਿੱਚ ਅੱਤਵਾਦੀ ਫੰਡਿੰਗ ਤੇ ਮਨੀ ਲਾਂਡ੍ਰਿੰਗ ਦੇ ਖਿਲਾਫ ਕੀਤੀ ਕਾਰਵਾਈ ਬਾਰੇਵੀ ਜਾਣਕਾਰੀ ਦਿੱਤੀ ਜਾ ਸਕਦੀ ਹੈ। ਪੈਰਿਸ ਵਿੱਚਇਸ ਵਕਤ ਚੱਲਦੀ ਪਈ ਬੈਠਕ ਵਿੱਚ ਸ਼ੁੱਕਰਵਾਰ ਨੂੰ ਪਾਕਿਸਤਾਨਬਾਰੇ ਫੈਸਲਾ ਕੀਤਾ ਜਾਣਾ ਹੈ।








ਬੀਤੇ ਦਿਨੀਂ ਮੋਗਾ ਵਿਖੇ ਆਜ਼ਾਦ ਵੈਲਫੇਅਰ ਕਲੱਬ ਵੱਲੋਂ ਦੂਜਾ ਦਸਤਾਰ-ਏ-ਸਰਦਾਰ ਅਵਾਰਡ ਸਮਾਰੋਹ ਕਰਵਾਇਆ ਗਿਆ। ਇਸ ਦੌਰਾਨ ਦਸਤਾਰ ਮੁਬਾਕਲੇ ਕਰਵਾਏ ਗਏ। ਜਿਸ ਵਿਚ ਮੋਗਾ ਸ਼ਹਿਰ ਦੇ ਜੋਬਨਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

# ਅੰਤਰਰਾਸ਼ਟਰੀ ਨਗਰ ਕੀਰਤਨ ਨੇ ਹਨੂੰਮਾਨਗੜ੍ਹ ਲਈ ਰਵਾਨਾ

ਅੰਮ੍ਰਿਤਸਰ, 14 ਅਕਤੂਬਰ (ਗਿਆਨ ਸਿੰਘ): ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਆਰੰਭ ਹੋਇਆ ਅੰਤਰਰਾਸ਼ਟਰੀ ਨਗਰ ਕੀਰਤਨ ਅੱਜ ਹਰਿਆਣਾ ਦੇ ਸਿਰਸਾ ਵਿਖੇ ਸਥਿਤ ਗੁਰਦੁਆਰਾ ਚਿਲ੍ਹਾ ਸਾਹਿਬ ਪਾਤਸ਼ਾਹੀ ਪਹਿਲੀ ਤੋਂ ਅਗਲੇ ਪੜਾਅ ਹਨੂੰਮਾਨਗੜ੍ਹ (ਰਾਜਿਸਥਾਨ) ਲਈ ਰਵਾਨਾ ਹੋਇਆ। ਖ਼ਾਲਸਈ ਜੈਕਾਰਿਆਂ ਅਤੇ ਨਗਾਰਿਆਂ ਦੀ ਗੂੰਜ ਵਿਚ ਨਗਰ ਕੀਰਤਨ ਦੀ ਰਵਾਨਗੀ ਸਮੇਂ ਹਜ਼ਾਰਾਂ ਸੰਗਤਾਂ ਮੌਜੂਦ ਸਨ। ਆਰੰਭਤਾ ਸਮੇਂ ਸਜਾਏ ਗਏ ਧਾਰਮਿਕ ਦੀਵਾਨ 'ਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਬਾਬਾ ਗੁਰਮੀਤ ਸਿੰਘ ਤ੍ਰਿਲੋਕੇਵਾਲਾ ਅਤੇ ਮੈਂਬਰ ਜਥੇਦਾਰ ਜਗਸੀਰ ਸਿੰਘ ਮਾਂਗੇਆਣਾ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨਗਰ ਕੀਰਤਨ ਦੇ ਸਵਾਗਤ ਅਤੇ ਰਾਤਰੀ ਪ੍ਰਬੰਧਾਂ ਲਈ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਇਸੇ ਦੌਰਾਨ ਸੰਗਤਾਂ ਵੱਲੋਂ ਨਗਰ ਕੀਰਤਨ ਦਾ ਸਾਹੋਵਾਲਾ, ਚੋਰਮਾਰ, ਓਡਾਂ, ਮੰਡੀ ਡੱਬਵਾਲੀ, ਚੋਟਾਲਾ, ਸੰਗਰੀਆ ਬਾਰਡਰ ਆਦਿ ਵਿਖੇ ਭਰਵਾਂ ਸਵਾਗਤ ਕੀਤਾ ਗਿਆ। ਵੱਖ-ਵੱਖ ਥਾਵਾਂ 'ਤੇ ਲੰਗਰ ਲਗਾਏ ਗਏ ਸਨ ਅਤੇ ਸਵਾਗਤੀ ਗੇਟ ਬਣਾ ਕੇ ਸੰਗਤਾਂ ਨੇ ਸ਼ਰਧਾ ਪ੍ਰਗਟਾਈ। ਨਗਰ ਕੀਰਤਨ ਨਾਲ ਪ੍ਰਮੁੱਖ ਸ਼ਖ਼ਸੀਅਤਾਂ ਵਿਚ ਗੁਰਦੁਆਰਾ ਚਿਲ੍ਹਾ ਸਾਹਿਬ ਪਾਤਸ਼ਾਹੀ ਪਹਿਲੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰਕਾਸ਼ ਸਿੰਘ ਸਾਹੂਵਾਲਾ, ਬਾਬਾ ਅਜੀਤ ਸਿੰਘ, ਬਾਬਾ ਪ੍ਰੀਤਮ ਸਿੰਘ ਮਾਲੜੀਵਾਲ, ਹਰਪ੍ਰੀਤ ਸਿੰਘ ਰਮਦਾਸ, ਸਿੱਖ ਮਿਸ਼ਨ ਹਰਿਆਣਾ ਦੇ ਇੰਚਾਰਜ ਭਾਈ ਮੰਗਪ੍ਰੀਤ ਸਿੰਘ, ਪਰਮਜੀਤ ਸਿੰਘ ਸਮੇਤ ਹੋਰ ਮੌਜੂਦ ਸਨ।



# ਡਾ. ਓਬਰਾਏ ਵੱਲੋਂ ਸੁਲਤਾਨਪੁਰ ਲੋਧੀ 'ਚ ਹੋਵੇਗਾ ਨਿਵੇਕਲਾ ਜੋੜਾ ਘਰ ਤਿਆਰ



ਅੰਮ੍ਰਿਤਸਰ, 14 ਅਕਤੂਬਰ (ਗਿਆਨ ਸਿੰਘ): ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਤੇ ਆਪਣੀ ਵਿਲੱਖਣ ਸੇਵਾ ਕਾਰਜ ਸ਼ੈਲੀ ਤੇ ਖੁੱਲਦਿਲੀ ਕਾਰਨ ਅੰਤਰਰਾਸ਼ਟਰੀ ਪੱਧਰ ਤੇ ਇੱਕ ਵੱਖਰੀ ਪਛਾਣ ਬਣਾਉਣ ਵਾਲੇ ਦੁਬਈ ਦੇ ਉੱਘੇ ਕਾਰੋਬਾਰੀ ਡਾ.ਐੱਸ.ਪੀ. ਸਿੰਘ ਓਬਰਾਏ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਸੁਲਤਾਨਪੁਰ ਲੋਧੀ ਵਿਖੇ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦੌਰਾਨ ਪੰਜਾਬ ਸਰਕਾਰ ਦੇ ਸਹਿਯੋਗ ਇੱਕ ਨਿਵੇਕਲਾ ਜੋੜਾ ਘਰ ਤਿਆਰ ਕੀਤਾ ਜਾ ਰਿਹਾ ਹੈ। ਜਿਸ 'ਚ ਦਰਸ਼ਨ ਕਰਨ ਆਉਣ ਵਾਲੀਆਂ ਸੰਗਤਾਂ ਲਈ 2.5 ਲੱਖ ਹਵਾਈ ਚੱਪਲਾਂ ਦੇ ਜੋੜਿਆਂ ਦਾ ਪ੍ਰਬੰਧ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਟਰੱਸਟ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਨ੍ਹਾਂ ਸਮਾਗਮਾਂ ਦੌਰਾਨ ਆਉਣ ਵਾਲੀਆਂ ਸੰਗਤਾਂ ਦੀ ਸੁਰੱਖਿਆ ਦੇ ਪ੍ਰਬੰਧ ਲਈ ਵਿਸ਼ੇਸ਼ ਤੌਰ ਤੇ ਤਾਇਨਾਤ ਆਈ.ਜੀ. ਨੌਨਿਹਾਲ ਸਿੰਘ ਵੱਲੋਂ ਡਾ. ਓਬਰਾਏ ਨਾਲ ਇੱਕ ਵਿਸ਼ੇਸ਼ ਮੀਟਿੰਗ ਕਰਨ ਉਪਰੰਤ ਬਣਾਏ ਜਾ ਰਹੇ ਇਸ ਵਿਸ਼ੇਸ਼ ਜੋੜਾ ਘਰ ਅੰਦਰ ਵੱਖ-ਵੱਖ ਅਕਾਰ ਦੀਆਂ 2.5 ਲੱਖ ਜੋੜਾ ਮਿਆਰੀ ਕਿਸਮ ਦੀਆਂ ਹਵਾਈ ਚੱਪਲਾਂ ਦਾ ਰੱਖਿਆ ਜਾਵੇਗਾ ,ਜਿਸ ਵਿਚ ਮਰਦਾਂ,ਔਰਤਾਂ ਤੇ ਬੱਚਿਆਂ ਲਈ ਚੱਪਲਾਂ ਦੇ ਵੱਖ- ਵੱਖ ਰੰਗ ਮੌਜੂਦ ਹੋਣਗੇ। ਉਨ੍ਹਾਂ ਦੱਸਿਆ ਕਿ ਸੁਲਤਾਨਪੁਰ ਲੋਧੀ ਦੇ ਮੁੱਖ ਗੁਰਦੁ-ਆਰਾ ਸਾਹਿਬ ਵਿਖੇ 2 ਲੱਖ ਜੋੜਾ ਰੱਖਿਆ ਜਾਵੇਗਾ ਜਦ ਕਿ ਸ਼ਹਿਰ ਅੰਦਰ ਮੌਜੂਦ ਬਾਕੀ ਗੁਰਦੁਆਰਿਆਂ ਅੰਦਰ 2000 ਤੋਂ ਲੈ ਕੇ 5000 ਤੱਕ ਚੱਪਲਾਂ ਦੇ ਜੋੜੇ ਰੱਖਣ ਦਾ ਫ਼ੈਸਲਾ ਹੋਇਆ ਹੈ। ਉਨ੍ਹਾਂ ਦੱਸਿਆ ਕਿ ਡਾ. ਓਬਰਾਏ ਦੇ ਇਸ ਵਿਸ਼ੇਸ਼ ਤੇ ਨਿਵੇਕ-ਲੇ ਉਪਰਾਲੇ ਸਦਕਾ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ 'ਚ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾਉਣ ਆ ਰਹੀਆਂ ਸੰਗਤਾਂ ਨੂੰ ਵੱਡੀ ਸਹੂਲਤ ਮਿਲੇਗੀ ਕਿਉਂਕਿ ਇਸ ਨਾਲ ਸੰਗਤਾਂ ਨੂੰ ਵਾਰ-ਵਾਰ ਆਪਣੇ ਜੋੜੇ ਜਮ੍ਹਾਂ ਕਰਵਾਉਣ ਜਾਂ ਵਾਪਸ ਲੈਣ ਦੀ ਲੋੜ ਨਹੀਂ ਪਵੇਗੀ। ਸਮਾਗਮਾਂ ਦੌਰਾਨ ਪਹੁੰਚਣ ਵਾਲੀ ਸੰਗਤ ਪ੍ਰਸ਼ਾਸਨ ਵੱਲੋਂ ਬਾਹਰ ਵਾਰ ਤਿਆਰ ਕੀਤੇ ਗਏ ਵੱਡੇ ਜੋੜਾ ਘਰ ਅੰਦਰ ਆਪਣਾ ਨਿੱਜੀ ਜੋੜਾ ਇੱਕ ਵਾਰ ਜਮ੍ਹਾਂ ਕਰਵਾ ਕੇ ਸਰਬੱਤ ਦਾ ਭਲਾ ਟਰੱਸਟ ਵੱਲੋਂ ਉੱਥੇ ਰੱਖੇ ਜੋੜੇ ਬਿਨਾਂ ਕਿਸੇ ਪਰਚੀ ਤੋਂ ਲੈ ਕੇ ਸ਼ਹਿਰ ਦੇ ਕਿਸੇ ਵੀ ਗੁਰ-ਦੁਆਰਾ ਸਾਹਿਬ ਵਿਖੇ ਦਰਸ਼ਨ ਕਰਨ ਜਾ ਸਕਦੇ ਹਨ, ਕਿਸੇ ਵੀ ਗੁਰਦੁ-ਆਰਾ ਸਾਹਿਬ ਵਿਖੇ ਜੋੜਾ ਬਦਲ ਵੀ ਸਕਦੇ ਹਨ ਅਤੇ ਵਾਪਸੀ ਸਮੇਂ ਮੁੱਖ ਜੋੜਾ ਘਰ ਤੋਂ ਆਪਣਾ ਜੋੜਾ ਪ੍ਰਾਪਤ ਕਰ ਸਕਦੇ ਹਨ। ਟਰੱਸਟ ਵੱਲੋਂ ਦਿੱਤੀ ਜਾਣ ਵਾਲੀ ਇਸ ਸਹੂਲਤ ਨਾਲ ਜਿੱਥੇ ਸਮੇਂ ਦੀ ਬਹੁਤ ਬਚਤ ਹੋਵੇਗੀ ਉੱਥੇ ਹੀ ਸੰਗਤ ਦਾ ਬੇਲੋੜੀ ਖ਼ੱਜਲ ਖ਼ੁਆਰੀ ਤੋਂ ਵੀ ਬਚਾ ਹੋਵੇਗਾ। ਡਾ. ਓਬਰਾਏ ਵੱਲੋਂ ਖ਼੍ਰੀਦੇ ਗਏ ਜੋੜਿਆਂ ਤੇ ਉਨ੍ਹਾਂ ਦਾ 70 ਲੱਖ ਰੁਪਏ ਤੋਂ ਵੱਧ ਖਰਚਾ ਆਇਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਡਾ.ਓਬਰਾਏ ਦੀ ਸਰਪ੍ਰਸਤੀ ਹੇਠ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਖੋਲ੍ਹੀਆਂ ਜਾ ਰਹੀਆਂ 50 ਮਿਆਰੀ ਤੇ ਕਿਫ਼ਾਇਤੀ ਕਲੀਨੀਕਲ ਲੈਬਾਰਟਰੀਆਂ ਤੇ ਡਾਇਗਨੋਜ਼ ਸੈਂਟਰਾਂ ਦੀ ਲੜੀ ਤਹਿਤ ਗੁਰਪੁਰਬ ਤੋਂ ਪਹਿਲਾਂ ਸੁਲਤਾਨਪੁਰ ਲੋਧੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਪਹਿਲੀ ਲੈਬਾਰਟਰੀ ਦੀ ਸੇਵਾ ਗੁਰ-ਦੁਆਰਾ ਹੱਟ ਸਾਹਿਬ ਵਿਖੇ ਸ਼ੁਰੂ ਕੀਤੀ ਜਾ ਰਹੀ ਹੈ। ਜਦ ਕਿ ਟਰੱਸਟ ਵੱਲੋਂ ਅਪਣੇ ਪੱਧਰ ਤੇ ਪਹਿਲਾਂ ਹੀ ਚਲਾਈਆਂ ਜਾ ਰਹੀਆਂ 10 ਲੈਬਾਰਟਰੀਆਂ 'ਚੋ ਟੈਸਟ ਕਰਵਾ ਕੇ ਹਜ਼ਾਰਾਂ ਹੀ ਲੋਕ ਫ਼ਾਇਦਾ ਉਠਾ ਰਹੇ ਹਨ ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਬਿਨਾਂ ਕਿਸੇ ਸਵਾਰਥ ਦੇ ਅਰਬ ਦੇਸ਼ਾਂ ਅੰਦਰ ਫਸੇ ਨੌਜਵਾਨਾਂ ਨੂੰ ਫਾਂਸੀ ਤੋਂ ਬਚਾਉਣ,ਵਿਦੇਸ਼ਾਂ ਅੰਦਰ ਕਿਸੇ ਕਾਰਨ ਮਰ ਜਾਣ ਵਾਲੇ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਉਨ੍ਹਾਂ ਦੇ ਵਾਰਸਾਂ ਤੱਕ ਵਤਨ ਪਹੁੰਚਾਉਣ ਤੋਂ ਇਲਾਵਾ ਪੰਜਾਬ ਸਮੇਤ ਹੋਰਨਾਂ ਸੂਬਿਆਂ ਅੰਦਰ ਲੋੜਵੰਦ ਲੋਕਾਂ ਦੀ ਸਿਹਤ,ਸਿੱਖਿਆ ਦੀ ਬਿਹਤਰੀ ਤੋਂ ਇਲਾਵਾ ਸਮਾਜ ਦੇ ਹਰੇਕ ਖੇਤਰ 'ਚ ਵੱਡੇ ਪੱਧਰ ਤੇ ਸੇਵਾ ਦੇ ਕਾਰਜ ਕਰਨ ਵਾਲੇ ਡਾ.ਐੱਸ.ਪੀ.ਸਿੰਘ ਓਬਰਾਏ ਵੱਲੋਂ ਸਥਾਪਿਤ ਕੀਤਾ ਗਿਆ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੁਨੀਆਂ ਦਾ ਇੱਕ ਵਾਅਦ ਅਜਿਹਾ ਟਰੱਸਟ ਹੈ,ਜਿਸ ਵੱਲੋਂ ਇੱਕ ਵੀ ਪੈਸਾ ਦਾਨ ਵਜੋਂ ਇਕੱਠਾ ਨਹੀਂ ਕੀਤਾ ਜਾਂਦਾ।ਇਸ ਟਰੱਸਟ ਵੱਲੋਂ ਖਰਚਿਆ ਜਾਂਦਾ ਸਾਰਾ ਹੀ ਪੈਸਾ ਡਾ.ਐੱਸ.ਪੀ. ਸਿੰਘ ਓਬਰਾਏ ਆਪਣੀ ਨੇਕ ਕਮਾਈ 'ਚੋਂ ਖਰਚ ਕਰਦੇ ਹਨ ਅਤੇ ਟਰੱਸਟ ਦਾ ਸਾਲਾਨਾ ਬਜਟ ਕਰੋੜਾਂ ਵਿੱਚ ਹੁੰਦਾ ਹੈ ।

# ਵਾਤਾਵਰਨ ਦੀ ਸਵੱਛਤਾ ਲਈ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਲੋੜ : ਅਵਤਾਰ ਸਿੰਘ ਭੁੱਲਰ

ਕਪੂਰਥਲਾ, 14 ਅਕਤੂਬਰ (ਗਿਆਨ ਸਿੰਘ): ਮਾਨਵ ਵਿਕਾਸ ਸੰਸਥਾਨ ਵੱਲੋਂ ਆਈ. ਟੀ. ਸੀ ਮਿਸ਼ਨ ਸੁਨਹਿਰਾ ਕੱਲ੍ਹ ਪ੍ਰੋਗਰਾਮ ਤਹਿਤ ਪਿੰਡ ਨੂਰਪੁਰ ਲੁਬਾਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਇਕ ਰੋਜ਼ਾ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਇਸ ਸਮਾਗਮ ਵਿਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) . ਅਵਤਾਰ ਸਿੰਘ ਭੁੱਲਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਉਨ੍ਹਾਂ ਕਿਹਾ ਕਿ ਸਾਨੂੰ ਵਾਤਾਵਰਨ ਨੂੰ ਦੂਸ਼ਿਤ ਹੋਣੋਂ ਬਚਾਉਣ ਲਈ ਗੁਰੂ ਨਾਨਕ ਦੇਵ ਜੀ ਦੀਆਂ ਹਵਾ, ਪਾਣੀ ਅਤੇ ਧਰਤੀ ਦੇ ਮਹੱਤਵ ਬਾਰੇ ਦਿੱਤੀਆਂ ਸਿੱਖਿਆਵਾਂ 'ਤੇ ਚੱਲਣਾ ਚਾਹੀਦਾ ਹੈ। ਇਸ ਮੌਕੇ ਵਾਤਾਵਰਨ ਦੀ ਸਵੱਛਤਾ ਸਬੰਧੀ ਬੱਚਿਆਂ ਦੇ ਪੇਂਟਿੰਗ ਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿਚ ਕਾਂਜਲੀ, ਖੀਰਾਂਵਾਲੀ, ਖੁਖਰੈਣ ਅਤੇ ਨੂਰਪੁਰ ਲੁਬਾਣਾ ਦੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੇ ਭਾਗ ਲਿਆ। ਮੁਕਾਬਲਿਆਂ ਵਿਚ ਜੱਜਾਂ ਦੀ ਭੂਮਿਕਾ ਨਵਦੀਪ ਕੌਰ, ਸੂਰਜ ਉਪਾਧਿਆਏ, ਗੌਤਮ ਅਤੇ ਡਾ. ਅਮਿਤ ਸਲਾਰੀਆ ਨੇ ਨਿਭਾਈ। ਜੇਤੂ ਬੱਚਿਆਂ ਨੂੰ ਮੁੱਖ ਮਹਿਮਾਨ ਅਵਤਾਰ ਸਿੰਘ ਭੁੱਲਰ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਪਰਾਲੀ ਦੀ ਸਾਂਭ-ਸੰਭਾਲ ਪ੍ਰਤੀ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਜਾਗਰੂਕਤਾ ਵੈਨ ਨੂੰ ਵੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਤੋਂ ਪਹਿਲਾਂ ਸਕੂਲ ਦੇ ਪ੍ਰਿੰਸੀਪਲ ਮੈਡਮ ਪੁਨੀਤ ਪੁਰੀ ਨੇ ਮੁੱਖ ਮਹਿਮਾਨ ਅਤੇ ਸਕੂਲਾਂ ਤੋਂ ਆਏ ਅਧਿਆਪਕ ਸਾਹਿਬਾਨ ਦਾ ਸਵਾਗਤ ਕੀਤਾ। ਇਸ ਮੌਕੇ ਮਾਨਵ ਵਿਕਾਸ ਸੰਸਥਾਨ ਵੱਲੋਂ ਰਾਜਵੀਰ ਸਿੰਘ ਨੇ ਸਮਾਗਮ ਦੇ ਮੁੱਖ ਉਦੇਸ਼ 'ਤੇ ਚਾਨਣਾ ਪਾਉਂਦਿਆਂ ਕਿਸਾਨਾਂ ਨੂੰ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਕਰਨ ਅਤੇ ਇਸ ਦੀ ਵਰਤੋਂ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਣ ਲਈ ਕਰਨ ਨੂੰ ਕਿਹਾ। ਸਟੇਜ ਸਕੱਤਰ ਦੀ ਭੂਮਿਕਾ ਬਲਵਿੰਦਰ ਸਿੰਘ ਵੱਲੋਂ ਬਾਖ਼ੂਬੀ ਨਿਭਾਈ ਗਈ। ਇਸ ਮੌਕੇ ਮਾਨਵ ਵਿਕਾਸ ਸੰਸਥਾਨ ਵੱਲੋਂ ਹੀਰਾ, ਜਬਵੀਰ ਕੌਰ, ਕੁਲਦੀਪ ਸਿੰਘ, ਮੁਨੀਸ਼ ਕੁਮਾਰ ਅਤੇ ਕੋਮਲਪ੍ਰੀਤ ਸਿੰਘ ਤੇ ਹੋਰ ਹਾਜ਼ਰ ਸਨ।





# ਕਪੂਰਥਲਾ ਦੇ ਗੁਰਤਾਜ ਸਿੰਘ ਨੇ ਸਟੇਟ ਖੇਡਾਂ 'ਚ ਜਿੱਤਿਆ ਸੋਨ ਤਗਮਾ



ਕਪੂਰਥਲਾ, 14 ਅਕਤੂਬਰ (ਗਿਆਨ ਸਿੰਘ): ਅੰਮ੍ਰਿਤਸਰ ਵਿਖੇ ਚੱਲ ਰਹੀਆਂ ਸਟੇਟ ਖੇਡਾਂ ਕੁਸ਼ਤੀ ਅੰਡਰ-19 ਵਿਚ 130 ਕਿਲੋ ਭਾਰ ਵਰਗ ਵਿਚ ਕਪੂਰਥਲਾ ਜ਼ਿਲ੍ਹੇ ਦੇ ਗੁਰਤਾਜ ਸਿੰਘ ਪੁੱਤਰ ਅਮਰਜੀਤ ਸਿੰਘ ਨੇ ਸੋਨ ਤਗਮਾ ਜਿੱਤ ਕੇ ਜ਼ਿਲ੍ਹੇ ਦਾ ਨਾਂਅ ਰੋਸ਼ਨ ਕੀਤਾ ਹੈ। ਐਸ. ਡੀ ਸਕੂਲ ਸੁਲਤਾਨ-ਪੁਰ ਲੋਧੀ ਦੇ ਵਿਦਿਆਰਥੀ ਗੁਰਤਾਜ ਸਿੰਘ ਦੀ ਇਸ ਪ੍ਰਾਪਤੀ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਮੱਸਾ ਸਿੰਘ ਸਿੱਧੂ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਬਿਕਰਮ ਜੀਤ ਸਿੰਘ, ਏ. ਈ. ਓ ਸੁਖਵਿੰਦਰ ਸਿੰਘ ਖੱਸਣ, ਡੀ. ਟੀ. ਸੀ ਦੇ ਜਨਰਲ ਸਕੱਤਰ ਬਲਦੇਵ ਸਿੰਘ ਟੀਟਾ, ਖੇਡ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਸਟੇਟ ਅਵਾਰਡੀ ਰੋਸ਼ਨ ਖੈੜਾ, ਉੱਪ ਚੇਅਰਮੈਨ ਬਲਵਿੰਦਰ ਸਿੰਘ ਬੱਟੂ, ਪ੍ਰਿੰਸੀਪਲ ਨਵਚੇਤਨ ਸਿੰਘ, ਮਨਜੀਤ ਸਿੰਘ ਹੈਬਤਪੁਰੀ, ਸੁਖਬੀਰ ਸਿੰਘ, ਕੁਸ਼ਤੀ ਕੋਚ ਪੀ. ਆਰ ਸੋਧੀ, ਰਜਿੰਦਰ ਪਾਲ ਭੋਲਾ ਤੇ ਰਾਮ ਗੋਪਾਲ, ਗੁਰਸ਼ਰਨ ਸਿੰਘ, ਲੈਕਚਰਾਰ ਸੁਰਜੀਤ ਸਿੰਘ, ਜਗੀਰ ਸਿੰਘ, ਸੁਖਵਿੰਦਰ ਗੋਲਡੀ, ਅਜੀਤਪਾਲ ਸਿੰਘ ਆਦਿ ਨੇ ਵਧਾਈ ਦਿੱਤੀ ਅਤੇ ਰੋਸ਼ਨ ਭਵਿੱਖ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਪਿੰਡ ਸੁੱਜੋਕਾਲੀਆ ਦੇ ਰਹਿਣ ਵਾਲੇ ਗੁਰਤਾਜ ਦੇ ਪਿਤਾ ਅਮਰਜੀਤ ਸਿੰਘ ਪੰਜਾਬ ਪੁਲਿਸ ਵਿਚ ਏ. ਐਸ. ਆਈ ਹਨ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers






We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative
ਸੰਪਰਕ ਕਰੋ:
416-400-5825
ROYAL LEPAGE
SUPREME REALTY, BROKERAGE*
*INDEPENDENTLY OWNED AND OPERATED

63 Talbot Street / BRAMPTON $729,900



Stunningly Fully & Tastefully Renovated 3+1 Bedrooms, 3 Bathrooms, Home In The City Of Brampton. Step Right In To Your Foyer Entryway With A Great Size Stone Accent Wall. Enjoy A Relaxing And Romantic Evening, Sitting By The Fire, Watching A Movie, Or Even Just Listening To Music. Open Concept Living And Dining Room. Great Size Backyard For Your Entertainment. Located Near The Go Train, Transportation,

12 Bluffmeadow Street / BRAMPTON $989,000



Welcome To Model Like Home -12 Bluffmeadow Street. 4 Bedroom, 3 Bathroom Family Home With Dark Stained Hardwood Flooring Throughout And Dark Stained Oak Staircase. Gourmet Kitchen With Granite Counter Tops, Island And Breakfast Bar Area. Second Floor Nook, Open Concept, Can Be Used In Multiple Ways; Office, Play Area, And/Or Your Reading Place. Enjoy A Relaxing Bath In Your Own Ensuite Jacuzzi Tub.

For More listings Visit anabelaserra.com

KARTAR FURNITURE

ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6

## ਫੇਡਰਲ ਅਲੈਕਸ਼ਨਜ਼:

# ਜਗਦੀਸ਼ ਗਰੇਵਾਲ ਦਾ ਸੰਪਾਦਕੀ ਸਮੇਂ ਦਾ ਪੂਰਾ ਹਾਣੀ

ਅਜੀਤ ਸਿੰਘ ਰੱਖੜਾ 905 794 7882

ਪੰਜਾਬੀ ਪੋਸਟ 7 ਅਕਤੂਬਰ 2019 ਦਾ ਸੰਪਾਦਕੀ ਜਿਸਦਾ ਹੈਡਿੰਗ ਸੀ 'ਡੱਗ ਫੋਰਡ ਨੂੰ ਛਡਕੇ ਜੈਸਨ ਕੈਨੀ ਉਪਰ ਟੇਕ ਕਿਓਂ' ਬਹੁਤ ਹੀ ਮੌਕਾ ਮੇਲ ਹੈ। ਅਜਕਲ ਤਕਰੀਬਨ 5 ਪਾਰਟੀਆਂ ਦੇ ਪ੍ਰਧਾਨ ਆਪਣਾ ਆਪਣਾ ਜੋਰ ਲਗਾ ਰਹੇ ਹਨ। ਕੋਈ ਜਿਤਣ ਵਾਸਤੇ ਅਤੇ ਕੋਈ ਕੇਵਲ ਆਪਣੀ ਪਹਿਚਾਣ ਬਣਾਉਣ ਵਾਸਤੇ। ਜੇ ਸਹੀ ਗਲ ਕਰਨੀ ਹੋਵੇ ਤਾਂ ਮੁਕਾਬਲਾ ਸਿਰਫ ਦੋ ਪਾਰਟੀਆ ਵਿਚਕਾਰ ਹੀ ਹੈ। ਟਰੂਡੋ ਜੋ ਆਪਣੀ ਸ਼ਰੀਫ ਅਤੇ ਸਾਊ ਇਮੇਜ ਬਣਾਉਣ ਵਿਚ ਕਾਮਯਾਬ ਰਹੇ ਹਨ ਇਕ ਹੋਰ ਪਾਰੀ ਖੇਡਣ ਦੇ ਪੂਰੇ ਹੱਕਦਾਰ ਹਨ। ਸਭ ਲੋਕਾਂ ਨੂੰ ਸਮਝ ਹੈ ਕਿ ਟੋਰੀਆਂ ਅਤੇ ਲਿਬਰਲਾਂ ਦਾ ਫਰਕ ਕੀ ਹੈ। ਇਹ ਫਰਕ ਕਾਮਯਾਬੀਆ ਅਤੇ ਨਾ ਕਾਮਯਾਬੀਆਂ ਕਰਕੇ ਨਹੀਂ ਹੈ। ਫਰਕ ਨੀਯਤ ਅਤੇ ਤਸੀਰ ਕਰਕੇ ਹੈ। ਲਿਬਰਲ ਹਮੇਸ਼ਾ ਆਵਾਸੀਆ ਲਈ ਲਿਬਰਲ ਰਹੇ ਹਨ ਅਤੇ ਟੋਰੀ ਹਮੇਸ਼ਾ ਲੋਕਾਂ ਨੂੰ ਡਰਾਕੇ ਰੱਖਣ ਦੇ ਮੁਦਈ ਰਹੇ ਹਨ। ਇਹ ਕਹਿਣ ਦੀ ਗਲ ਨਹੀਂ ਸਗੋਂ ਤਵਾਰੀਖ ਇਸ ਤਰ੍ਹਾ ਆਖਦੀ ਹੈ।

ਪੰਜਾਬੀਆਂ ਦੀ ਕਨੇਡਾ ਵਿਚ ਹਿਸਟਰੀ ਕਾਮਾਗਾਟੂ ਤੋਂ ਸ਼ੁਰੂ ਹੋਕੇ ਅਜਤਕ ਨਿਰੰਤਰ ਉਸੇ ਤਰੀਕੇ ਚਲ ਰਹੀ ਹੈ। ਕਾਮਾਗਾਟਾ ਦੀ ਤ੍ਰਾਸਦੀ ਬਾਰੇ ਜੱਗ ਜਾਣਦਾ ਹੈ ਕਿ ਕਿਵੇਂ ਆਵਾਸੀਆਂ ਨਾਲ ਕਰੂਰ ਵਤੀਰਾ ਕੀਤਾ ਗਿਆ ਸੀ। ਇਹ ਓਹੀ ਸਨ ਜਿਸ ਪਾਰਟੀ ਵਿਚੋਂ ਹਾਰਪਰ ਹੋਰੀ ਆਏ ਸਨ, ਕਨਜ਼ਰਵੇਟਿਵਜ਼। ਹਾਰਪਰ ਹੋਰੀ ਆਏ, ਗਰੀਬ ਪੈਨਸ਼ਨਰਾਂ ਨੂੰ ਰਗੜਕੇ ਰਖ ਦਿਤਾ। ਕਨੇਡਾ ਭਰ ਵਿਚ 150,000 ਪੈਨਸ਼ਰਾਂ ਦੀਆਂ ਫਾਈਲਾ ਪਾਸੇ ਕਰਕੇ ਰਖ ਲਈਆਂ ਤਾਂ ਜੋ ਉਨਾਂ ਦੀ ਫਾਰਿਨ ਇੰਨਕਮ ਦੇ ਅਧਾਰ ਤੇ ਜੀ ਆਈ ਐਸ ਘਟ ਕੀਤੀ ਜਾ ਸਕੇ। ਅਲਬਰਟਾ ਵਿਚ ਕਈਆਂ ਦੀਆਂ ਪੈਨਸ਼ਨਾ ਹੀ ਬੰਦ ਕਰ ਦਿਤੀਆਂ ਅਤੇ ਕਈਆਂ ਦੇ ਹਜਾਰਾ ਅਤੇ ਲੱਖਾ ਵਿਚ ਏਰੀਅਰਜ਼ ਕਢ ਦਿਤੇ ਗਏ। ਭਲਾ ਹੋਵੇ ਲਿਬਰਲਾਂ ਦਾ ਜਿਨ੍ਹਾ ਇਹ ਅੰਧੇਰ ਗਰਦੀ ਬੰਦ ਕਰਵਾਈ ਅਤੇ ਅਗੋਂ ਤੋਂ ਚੁਪ ਰਹੇ ਹਨ। ਹਾਲਾਂ ਗਲ ਮੁਕੀ ਨਹੀਂ।

ਅੰਟਾਰੀਓ ਵਿਚ ਪੰਜਾਬੀ ਵਸੋਂ ਜ਼ਿਆਦਾ ਹੋਣ ਕਾਰਣ ਟੋਰੀਆਂ ਵਲੋਂ ਡਗ ਫੋਰਡ ਪ੍ਰੀਮੀਅਰ ਬਣ ਗਏ, ਕਿਓ ਕਿ ਪੰਜਾਬੀ ਹਮੇਸ਼ਾ ਚਲਦੀਆ ਸਰਕਾਰਾ ਦੇ ਵਿਰੁਧ ਚਲਣ ਦੇ ਆਦੀ ਹਨ। ਉਸਨੇ ਡਰ ਅਤੇ ਦਹਿਸ਼ਤ ਵਾਲੀ ਨੀਤੀ ਇਸ ਕਦਰ ਨਾਜ਼ਲ ਕੀਤੀ ਕਿ ਸਭ ਨੂੰ ਸਮਝ ਲਗ ਗਈ ਕਿ ਗਲਤ ਬੰਦਾ ਮੂਹਰੇ ਆ ਗਿਆ ਹੈ। ਇਕ ਸਾਲ ਬਾਅਦ ਹੀ ਟੋਰੀ ਤਸੀਰ ਸਾਹਮਣੇ ਆ ਗਈ। ਡੱਗ ਫੋਰਡ ਨਾਲ ਕੰਮ ਕਰਨ ਵਾਲੇ ਦਸਦੇ ਹਨ ਕਿ ਉਹ ਡਿਕਟੇਟਰ ਤੋਂ ਵੀ ਵਧ ਸਖਤ ਹੈ। ਵਿਧਾਇਕਾ ਨੂੰ ਇਸ ਕਦਰ ਡਰਾਕੇ ਰਖਿਆ ਹੋਇਆ ਹੈ ਕਿ ਉਹ ਓਹੀ ਕੁਝ ਬੋਲਦੇ ਹਨ ਜੋ ਡਗ ਸਾਹਿਬ ਬੋਲਣ ਨੂੰ ਕਹਿੰਦੇ ਹਨ। ਕਿਸੇ ਦੀ ਕੋਈ ਆਪਣੀ ਹਸਤੀ ਨਹੀਂ। ਹਾਈ ਕਮਾਂਡ ਨੂੰ ਪਤਾ ਲਗ ਚੁਕਾ ਹੈ ਕਿ ਡਗ ਫੋਰਡ ਨੂੰ ਇਸ ਸਮੇ ਟੋਰੀਆ ਦਾ ਸਪੋਕਸਮੈਨ ਬਣਨ ਦਿਤਾ ਗਿਆ ਤਾਂ ਪੱਲੇ ਕੁਝ ਨਹੀਂ ਪੈਣਾ। ਇਸੇ ਲਈ ਇਕ ਦੂਰ ਦੇ ਪ੍ਰਾਂਤ ਅਲਬਰਟਾ ਤੋਂ ਜੈਸਨ ਕੈਨੀ ਨੂੰ ਅੰਟਾਰੀਓ ਖਾਤਰ ਇਹ ਜਿਮੇਦਾਰੀ ਦਿਤੀ ਗਈ ਹੈ। ਜਗਦੀਸ਼ ਹੋਰੀ ਬਿਲਕੁਲ ਸਹੀ ਵਿਚਾਰ ਦਿਤੇ ਹਨ।

# ਅਰਪਣ ਖੰਨਾ: ਕੰਜ਼ਰਵੇਟਿਵਾਂ ਲਈ ਆਸ ਦੀ ਕਿਰਨ

...ਪੰਨਾ 1 ਦਾ ਬਾਕੀ

ਉਹ ਇੱਕ ਮਿਲਣਸਾਰ ਅਤੇ ਮਿਹਨਤੀ ਨੌਜਵਾਨ ਹੈ ਜਿਸਨੂੰ ਵਕਾਲਤ ਤੱਕ ਦੀ ਪੜਾਈ ਕਰਨ ਤੋਂ ਇਲਾਵਾ ਫੈਡਰਲ ਅਤੇ ਪ੍ਰੋਵਿੰਸ਼ੀਅਲ ਪੱਧਰ ਉੱਤੇ ਕਈ ਅਹੁਦੇ ਸੰਭਲਾਣ ਦਾ ਅਨੁਭਵ ਹੈ। ਕੰਜ਼ਰਵੇਟਿਵ ਪਾਰਟੀ ਦੇ ਜੱਥੇਬੰਦਕ ਢਾਂਚੇ ਵਿੱਚ ਅਪਰਣ ਨੇ ਸਾਬਕਾ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਅਤੇ ਸਾਬਕਾ ਇੰਮੀਗਰੇਸ਼ਨ ਮੰਤਰੀ ਜੇਸਨ ਕੈਨੀ ਤੋਂ ਇਲਾਵਾ ਹੋਰ ਕਈ ਸੀਨੀਅਰ ਲੀਡਰਾਂ ਨਾਲ ਮਿਲ ਕੇ ਵੱਖ 2 ਅਹੁਦਿਆਂ ਉੱਤੇ ਕੰਮ ਕੀਤਾ ਹੈ। ਇਸ ਵਿੱਚ ਮਿਨਿਸਟਰ ਆਫ ਮਲਟੀਕਲਚਰਿਜ਼ਮ ਅਤੇ ਮਿਨਿਸਟਰ ਆਫ ਨੈਸ਼ਨਲ ਡੀਫੈਂਸ ਦੇ ਸੀਨੀਅਰ ਰੀਜਨਲ ਸਲਾਹਕਾਰ ਵਜੋਂ ਕੰਮ ਕਰਨਾ ਸ਼ਾਮਲ ਹੈ।

ਅਪਰਣ ਖੰਨਾ ਦਾ ਆਖਣਾ ਹੈ ਕਿ ਉਹ ਬਰੈਂਪਟਨ ਨੌਰਥ ਦੀ ਰਾਈਡਿੰਗ ਦੀ ਰਗ 2 ਤੋਂ ਵਾਕਫ਼ ਹੈ ਕਿਉਂਕਿ ਉਸਦਾ ਜਨਮ ਵੀ ਇਸ ਰਾਈਡਿੰਗ ਵਿੱਚ ਹੋਇਆ ਜਿੱਥੇ ਆਪਣੇ ਪਰਿਵਾਰ ਨਾਲ ਉਹ ਹੁਣ ਤੱਕ ਰਹਿ ਰਿਹਾ ਹੈ। ਉਸ ਕੋਲ ਵਾਲੰਟੀਅਰਾਂ ਦੀ ਇੱਕ ਖੂਬਸੂਰਤ ਟੀਮ ਹੈ ਜੋ ਉਸਦੇ ਸੁਨੇਹੇ ਨੂੰ ਘਰ 2 ਪਹੁੰਚਾਉਣ ਲਈ ਦਿਨ ਰਾਤ ਇੱਕ ਕਰ ਰਹੀ ਹੈ। ਇੱਕ ਚੰਗਾ ਬੁਲਾਰਾ ਹੋਣ ਦੇ ਨਾਲ ਨਾਲ ਬਰੈਂਪਟਨ ਦੀਆਂ ਹੋਰ ਰਾਈਡਿੰਗ ਤੋਂ ਖੜੇ ਕੰਜ਼ਰਵੇਟਿਵ ਉਮੀਦਵਾਰਾਂ ਵਿੱਚੋਂ ਅਰਪਣ ਵਾਹਦ ਇੱਕ ਅਜਿਹਾ ਆਗੂ ਹੈ ਜਿਸਦੀ ਕਮਿਉਨਿਟੀ ਵਿੱਚ ਚੰਗੀ ਸਾਖ਼ ਵੀ ਹੈ ਅਤੇ ਜਿਸ ਕੋਲ ਕਮਿਉਨਿਟੀ ਨੂੰ ਦਰਪੇਸ਼ ਮਸਲਿਆਂ ਬਾਰੇ ਗਹਿਰੀ ਜਾਣਕਾਰੀ ਹੋਣ ਦੇ ਨਾਲ ਨਾਲ ਉਹਨਾਂ ਦੇ ਹੱਲ ਲਈ ਉਤਸ਼ਾਹ ਵੀ ਹੈ। ਵਕੀਲ ਹੋਣ ਨਾਤੇ ਉਸ ਕੋਲ ਤਰਕ ਵੀ ਹੈ ਅਤੇ ਗੱਲ ਕਰਨ ਦਾ ਸੁੱਚਜਾ ਢੰਗ ਵੀ।

ਅਰਪਣ ਖੰਨਾ ਮੁਤਾਬਕ ਉਹ ਸਿਆਸਤ ਵਿੱਚ ਕਿਸੇ ਮਕਸਦ ਨਾਲ ਨਹੀਂ ਆਇਆ ਸਗੋਂ ਸਿਆਸਤ ਤਾਂ ਛੋਟੀ ਉਮਰ ਤੋਂ ਹੀ ਉਸਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਰਹੀ ਹੈ। ਇਸਦਾ ਅਰਥ ਹੈ ਕਿ ਉਹ ਮੌਸਮੀ ਬਿਰਤੀ ਵਾਲਾ ਸਿਆਸਤਦਾਨ ਨਹੀਂ ਸਗੋਂ ਕਮਿਉਨਿਟੀ ਲਈ ਕੁੱਝ ਸਾਰਥਕ ਕਰਨ ਦੀ ਖਵਾਹਿਸ਼ ਰੱਖਣ ਵਾਲਾ ਵਿਅਕਤੀ ਹੈ। ਉਸਨੂੰ ਆਸ ਹੈ ਕਿ ਬਰੈਂਪਟਨ ਨੌਰਥ ਦੇ ਵੋਟਰ ਉਸਨੂੰ ਜਿਤਾ ਕੇ ਓਟਾਵਾ ਭੇਜਣਗੇ ਜਿੱਥੇ ਉਹ ਆਪਣੇ ਲੰਬੇ ਸਿਆਸੀ ਅਨੁਭਵ ਤੋਂ ਲਾਭ ਲੈਂਦੇ ਹੋਏ ਬਰੈਂਪਟਨ ਨੌਰਥ ਰਾਈਡਿੰਗ ਵਾਸੀਆਂ ਦੇ ਹਿੱਤ ਵਿੱਚ ਅਤੇ ਸਮੂਹ ਕੈਨੇਡੀਅਨ ਦੀ ਬਿਹਤਰੀ ਲਈ ਐਂਡਰੀਊ ਸ਼ੀਅਰ ਟੀਮ ਵਜੋਂ ਸ਼ਾਨਦਾਰ ਕੰਮ ਕਰੇਗਾ।

# ਜਗਮੀਤ ਸਿੰਘ ਦੀ ਚੜ੍ਹਤ ਨੇ ਸੱਭ ਨੂੰ ਕੀਤਾ ਹੈਰਾਨ, ਗੱਠਜੋੜ ਸਰਕਾਰ ਬਨਣ ਦੀ ਸੰਭਾਵਨਾ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਹੁਣ ਜਦੋਂ ਕਿ ਦੋਵਾਂ ਪਾਰਟੀਆਂ ਨੂੰ ਹੀ 33 ਫੀ ਸਦੀ ਤੋਂ ਘੱਟ ਸਮਰਥਨ ਮਿਲ ਰਿਹਾ ਹੈ ਤਾਂ ਅਜਿਹੇ ਵਿੱਚ ਬਹੁਗਿਣਤੀ ਸਰਕਾਰ ਬਣਦੀ ਨਜ਼ਰ ਨਹੀਂ ਆ ਰਹੀ। ਈਕੋਜ਼ ਰਿਸਰਚ ਦੇ ਫਰੈਂਕ ਗ੍ਰੇਵਜ਼ ਦਾ ਦਾਅਵਾ ਹੈ ਕਿ ਐਨਡੀਪੀ ਦੀ ਪਕੜ ਯਕੀਨਨ ਮਜ਼ਬੂਤ ਹੋਈ ਹੈ ਤੇ ਬਲਾਕ ਕਿਊਬਿਕੁਆ ਵੀ ਉੱਪਰ ਉੱਠੀ ਹੈ। ਪਰ ਉਨ੍ਹਾਂ ਮੁਤਾਬਕ ਸੀਪੀਸੀ ਦੀ ਪਕੜ ਢਿੱਲੀ ਪਈ ਹੈ ਤੇ ਉਸ ਨੂੰ ਘੱਟ ਸੀਟਾਂ ਮਿਲਣ ਦੀ ਸੰਭਾਵਨਾ ਹੈ।




ਐਬੇਕਸ ਡਾਟਾ ਅਨੁਸਾਰ ਜਗਮੀਤ ਸਿੰਘ ਦਾ ਕਿਰਦਾਰ ਨਿਖਰ ਕੇ ਸਾਹਮਣੇ ਆਇਆ ਹੈ ਤੇ ਸ਼ੀਅਰ ਨੂੰ ਇਸ ਨਾਲ ਨੁਕਸਾਨ ਹੋ ਸਕਦਾ ਹੈ। ਟੋਰਾਂਟੋ ਸਨ ਦੇ ਬ੍ਰਾਇਨ ਲਿਲੀ ਦਾ ਮੰਨਣਾ ਹੈ ਕਿ ਵੇਗ ਨੂੰ ਰੋਕਣ ਬਹੁਤ ਔਖਾ ਹੁੰਦਾ ਹੈ ਤੇ ਜਗਮੀਤ ਸਿੰਘ ਦੇ ਵੇਗ ਨੂੰ ਰੋਕਿਆ ਜਾਣਾ ਵੀ ਸੰਭਵ ਨਹੀਂ ਹੈ। ਕੋਰਸ ਰੇਡੀਓ ਦੇ ਚਾਰਲਸ ਐਡਲਰ ਅਨੁਸਾਰ ਕੈਨੇਡਾ ਨੂੰ ਜਗਮੀਤ ਸਿੰਘ ਦੇ ਰੂਪ ਵਿੱਚ ਨਵਾਂ ਸਿਆਸੀ ਰਾਕ ਸਟਾਰ ਮਿਲ ਗਿਆ ਹੈ। ਟੂ ਕਲੋਸ ਟੂ ਕਾਲ ਦੇ ਬ੍ਰਾਇਨ ਬ੍ਰੈਗਟ ਦਾ ਕਹਿਣਾ ਹੈ ਕਿ ਭੂਗੋਲਿਕ ਤੌਰ ਉੱਤੇ ਲਿਬਰਲਾਂ ਲਈ ਰੁਝਾਨ ਕਾਫੀ ਨਕਾਰਾਤਮਕ ਹੈ ਜਦਕਿ ਐਨਡੀਪੀ ਲਈ ਇਹ ਕਾਫੀ ਸਕਾਰਾਤਮਕ ਹੈ। ਕੰਜ਼ਰਵੇਟਿਵਾਂ ਲਈ ਵੀ ਇਹ ਰੁਝਾਨ ਕਾਫੀ ਨਕਾਰਾਤਮਕ ਹੈ।

ਗਲੋਬਲ ਨਿਊਜ਼ ਦੇ ਕੀਥ ਬਾਲਡਰੇਅ ਦਾ ਮੰਨਣਾ ਹੈ ਕਿ ਜਗਮੀਤ ਸਿੰਘ ਬਹੁਤ ਹੀ ਵਧੀਆ ਕੈਂਪੇਨਰ ਹਨ ਤੇ ਸਾਰੇ ਆਗੂਆਂ ਨਾਲੋਂ ਵੱਧ ਦਮਖਮ ਰੱਖਦੇ ਹਨ। ਕੈਂਪੇਨ ਰਿਸਰਚ ਦੇ ਨਿੱਕ ਕੁਵਾਲਿਸ ਨੇ ਆਖਿਆ ਕਿ ਐਨਡੀਪੀ ਆਗੂ ਵਜੋਂ ਜਗਮੀਤ ਸਿੰਘ ਵੱਲੋਂ ਕੀਤੇ ਜਾ ਰਹੇ ਕੰਮ ਨੂੰ 50 ਫੀ ਸਦੀ ਕੈਨੇਡੀਅਨ ਮਨਜ਼ੂਰੀ ਦੇ ਚੁੱਕੇ ਹਨ। ਐਬੇਕਸ ਡਾਟਾ ਦੇ ਬਰੂਸ ਐਂਡਰਸਨ ਤੇ ਡੇਵਿਡ ਕੋਲੇਟੋ ਅਨੁਸਾਰ ਸਿਆਸੀ ਪਿੜ ਵਿੱਚ ਜਗਮੀਤ ਸਿੰਘ ਦਾ ਕੱਦ ਕਾਫੀ ਉੱਚਾ ਹੋਇਆ ਹੈ।

# ਇਮਰਾਨ ਦਾ ਨਵਾਂ ਪੈਂਤੜਾ: ਟਰੰਪ ਨੂੰ ਚਿੜਾਉਣ ਲਈ ਸੀਰੀਆ ਉੱਤੇ ਤੁਰਕੀ ਵੱਲੋਂ ਹਮਲੇ ਦਾ ਸਮੱਰਥਨ

ਬੇਰੂਤ, 14 ਅਕਤੂਬਰ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸੀਰੀਆ ਉੱਤੇ ਤੁਰਕੀ ਦੇ ਹਮਲੇ ਦਾ ਸਮਰਥਨ ਕੀਤਾ ਹੈ। ਵਰਨਣ ਯੋਗ ਹੈ ਕਿ ਤੁਰਕੀ ਵੱਲੋਂ ਇਸ ਹਫਤੇ ਸੀਰੀਆ ਵਿੱਚ ਕੀਤੀ ਫੌਜੀ ਕਾਰਵਾਈ ਨਾਲ ਕਈ ਲੋਕ ਬੇਘਰ ਹੋ ਚੁੱਕੇ ਹਨ ਤੇ ਡੋਨਾਲਡ ਟਰੰਪ ਇਸ ਤੋਂ ਕਾਫੀ ਨਾਰਾਜ਼ ਹਨ।

ਅੱਜ ਸ਼ੁੱਕਰਵਾਰ ਪਾਕਿਸਤਾਨ ਸਰਕਾਰ ਦੇ ਜਾਰੀ ਕੀਤੇ ਇੱਕ ਬਿਆਨ ਮੁਤਾਬਕ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਤੁਰਕੀ ਦੇ ਰਾਸ਼ਟਰਪਤੀ ਰਜ਼ਬ ਤਇਬ ਐਦਰੋਗਨ ਨੂੰ ਫੋਨ ਕਰ ਕੇ ਉਨ੍ਹਾਂ ਦਾ ਸਮਰਥਨ ਕੀਤਾ ਤੇ ਇਕਜੁੱਟਤਾ ਪ੍ਰਗਟਾਈ ਹੈ। ਇਸ ਬਿਆਨ ਮੁਤਾਬਕ ਇਮਰਾਨ ਖਾਨ ਨੇ ਐਦਰੋਗਨ ਨੂੰ ਕਿਹਾ ਕਿ ਅੱਤਵਾਦ ਉੱਤੇ ਤੁਰਕੀ ਦੀਆਂ ਚਿੰਤਾਵਾਂ, ਖਤਰੇ ਤੇ ਚੁਣੌਤੀਆਂ ਨੂੰ ਪਾਕਿਸਤਾਨ ਸਮਝਦਾ ਹੈ, ਜਿਸ ਨਾਲ ਬੀਤੇ ਸਾਲਾਂ ਵਿੱਚ 40 ਹਜ਼ਾਰ ਲੋਕਾਂ ਦੀ ਮੌਤ ਹੋਈ ਹੈ। ਇਮਰਾਨ ਖਾਨ ਨੇ ਕਿਹਾ ਕਿ ਉਹ ਕਾਮਨਾ ਕਰਦੇ ਹਨ ਕਿ ਤੁਰਕੀ ਨੇ ਸੀਰੀਆ ਵਿੱਚ ਸੁਰੱਖਿਆ, ਖੇਤਰੀ ਸਥਿਰਤਾ ਤੇ ਸ਼ਾਂਤੀ ਪੂਰਨ ਹੱਲ ਲੱਭਣ ਦੀ ਜੋ ਕੋਸ਼ਿਸ਼ ਕੀਤੀ ਹੈ, ਉਹ ਪੂਰੀ ਤਰ੍ਹਾਂ ਨਾਲ ਸਫਲ ਹੋਵੇ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਇੱਕ ਬਿਆਨ ਆ ਚੁੱਕਾ ਹੈ, ਜਿਸ ਵਿੱਚ ਉਨ੍ਹਾਂ ਨੇ ਤੁਰਕੀ ਦੀ ਇਸ ਫੌਜੀ ਮੁਹਿੰਮ ਦਾ ਵਿਰੋਧ ਕੀਤਾ ਹੋਇਆ ਹੈ ਤੇ ਦੋਵਾਂ ਧਿਰਾਂ ਦੀ ਕੌੜ ਵਧ ਰਹੀ ਹੈ।

# ਜਗਮੀਤ ਸਿੰਘ ਨੇ ਲੋਕਾਂ ਨੂੰ ਐਡਵਾਂਸ ਪੋਲਿੰਗ ਵਿੱਚ ਹਿਸਾ ਲੈਣ ਲਈ ਦਿੱਤੀ ਹੱਲਾਸ਼ੇਰੀ

ਬਰੈਂਪਟਨ, 14 ਅਕਤੂਬਰ (ਪੋਸਟ ਬਿਊਰੋ) : ਇਸ ਸਮੇਂ ਹਵਾ ਦਾ ਰੁਖ ਐਨਡੀਪੀ ਆਗੂ ਜਗਮੀਤ ਸਿੰਘ ਵੱਲ ਨਜ਼ਰ ਆ ਰਿਹਾ ਹੈ। ਐਨਡੀਪੀ ਆਗੂ ਵੱਲੋਂ ਸ਼ਨਿੱਚਰਵਾਰ ਦਾ ਦਿਨ ਬਰੈਂਪਟਨ ਤੇ ਟੋਰਾਂਟੋ ਵਿੱਚ ਲੋਕਾਂ ਨਾਲ ਮੁਲਾਕਾਤ ਕਰਨ ਵਿੱਚ ਗੁਜ਼ਾਰਿਆ ਜਾਵੇਗਾ ਤੇ ਇਸ ਦੌਰਾਨ ਉਹ ਨੁਨਾਵਤ ਤੋਂ ਐਨਡੀਪੀ ਉਮੀਦਵਾਰ ਮੁਮੀਲਾਕ ਕਕਾਕ ਨਾਲ ਵਾਇਆ ਫੇਸਬੁੱਕ ਲਾਈਵ ਕੌਫੀ ਸਾਂਝੀ ਕਰਨਗੇ। ਜਗਮੀਤ ਸਿੰਘ ਲੋਕਾਂ ਨੂੰ ਐਡਵਾਂਸ ਪੋਲਿੰਗ ਵਿੱਚ ਹਿੱਸਾ ਲੈਣ ਲਈ ਵੀ ਹੱਲਾਸ਼ੇਰੀ ਦੇਣਗੇ।

ਜਗਮੀਤ ਸਿੰਘ ਨੇ ਇਸ ਮੌਕੇ ਆਖਿਆ ਕਿ ਜਿਸ ਸਮੇਂ ਲਿਬਰਲ ਅਮੀਰ ਕਾਰਪੋਰੇਸ਼ਨਾਂ ਨੂੰ ਫਾਇਦਾ ਪਹੁੰਚਾਉਣ ਵਿੱਚ ਲੱਗੇ ਹੋਏ ਹਨ ਜਿਸ ਕਾਰਨ ਸਾਨੂੰ ਸਾਰਿਆਂ ਨੂੰ ਆਰਥਿਕ ਪੱਖੋਂ ਤੰਗ ਹੋਣਾ ਪੈ ਰਿਹਾ ਹੈ ਅਜਿਹੇ ਵਿੱਚ ਮਿਹਨਤਕਸ਼ ਪਰਿਵਾਰਾਂ ਦਾ ਅੱਗੇ ਵੱਧਣਾ ਬਹੁਤ ਔਖਾ ਹੈ। ਉਨ੍ਹਾਂ ਆਖਿਆ ਕਿ ਪਿਛਲੇ ਚਾਰ ਸਾਲਾਂ ਵਿੱਚ ਜਸਟਿਨ ਟਰੂਡੋ ਨੂੰ ਆਪਣੇ ਕਾਰਪੋਰੇਟ ਦੋਸਤਾਂ ਨੂੰ ਬਿਲੀਅਨਾਂ ਡਾਲਰ ਦੀ ਟੈਕਸ ਛੋਟ ਦੇਣ ਵਿੱਚ ਕੋਈ ਦਿੱਕਤ ਨਹੀਂ ਹੋਈ ਪਰ ਉਨ੍ਹਾਂ ਕੈਨੇਡੀਅਨਾਂ ਲਈ ਦਵਾਈਆਂ ਦੀਆਂ ਕੀਮਤਾਂ ਘਟਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ, ਨਾ ਹੀ ਚਾਈਲਡ ਕੇਅਰ ਦਾ ਕੋਈ ਹੱਲ ਕੱਢਿਆ ਹੈ ਤੇ ਨਾ ਹੀ ਕੈਨੇਡੀਅਨਾਂ ਲਈ ਕਿਫਾਇਤੀ ਘਰਾਂ ਦਾ ਕੋਈ ਰਾਹ ਲੱਭਿਆ ਹੈ। ਇਹ ਸੱਭ ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ। ਅਸੀਂ ਬਿਹਤਰ ਬਦਲ ਤਲਾਸ਼ ਸਕਦੇ ਹਾਂ।

ਲਿਬਰਲ ਤੇ ਕੰਜ਼ਰਵੇਟਿਵ ਪਰਿਵਾਰਾਂ ਨੂੰ ਮੁੱਢਲੀਆਂ ਲੋੜਾਂ ਜਿਵੇਂ ਕਿ ਘਰ ਖਰੀਦਣ, ਸੈੱਲ ਫੋਨ ਦੇ ਬਿੱਲ ਦੇਣ, ਦਵਾਈਆਂ, ਡੈਂਟਿਸਟ ਦੀਆਂ ਐਪੁਆਇੰਟਮੈਂਟਸ ਲਈ ਹੋਰ ਮਿਹਨਤ ਕਰਕੇ ਬਚਤ ਕਰਨ ਜਾਂ ਕਰਜ਼ਾ ਚੁੱਕਣ ਦੀ ਸਲਾਹ ਹੀ ਦਿੰਦੇ ਆਏ ਹਨ। ਇਸ ਦੌਰਾਨ ਪਿਛਲੇ ਚਾਰ ਸਾਲਾਂ ਵਿੱਚ ਅਮੀਰਾਂ ਤੇ ਪਹਿਲਾਂ ਹੀ ਮੁਨਾਫੇ ਵਿੱਚ ਚੱਲ ਰਹੀਆਂ ਕਾਰਪੋਰੇਸ਼ਨਾਂ ਬਹੁਤ ਵਧੀਆ ਕਾਰਗੁਜ਼ਾਰੀ ਵਿਖਾ ਰਹੀਆਂ ਹਨ। ਜਗਮੀਤ ਸਿੰਘ ਨੇ ਆਖਿਆ ਕਿ ਜਿਵੇਂ ਲਿਬਰਲ ਹਰ ਵਾਰੀ ਚੋਣਾਂ ਵਿੱਚ ਕੈਨੇਡੀਅਨਾਂ ਨੂੰ ਡਰਾ ਕੇ ਘੱਟ ਉੱਤੇ ਸਮਝੌਤਾ ਕਰਨ ਲਈ ਆਖਦੇ ਰਹੇ ਹਨ ਇਸ ਵਾਰੀ ਵੀ ਟਰੂਡੋ ਉਹੀ ਦਾਅਪੇਚ ਅਪਨਾ ਰਹੇ ਹਨ। ਪਰ ਐਨਡੀਪੀ ਜਾਣਦੀ ਹੈ ਕਿ ਤੁਸੀਂ ਕਿਤੇ ਵੱਧ ਬਿਹਤਰੀਨ ਦੇ ਹੱਕਦਾਰ ਹੋਂ। ਪਰਿਵਾਰ ਸੰਘਰਸ਼ ਕਰ ਰਹੇ ਹਨ ਤੇ ਉਨ੍ਹਾਂ ਨੂੰ ਹੁਣ ਮਦਦ ਦੀ ਲੋੜ ਹੈ। ਜਗਮੀਤ ਸਿੰਘ ਨੇ ਆਖਿਆ ਕਿ ਜ਼ਿੰਦਗੀ ਨੂੰ ਹੋਰ ਬਿਹਤਰ ਬਣਾਉਣ ਲਈ ਸਾਡੇ ਕੋਲ ਵਧੀਆ ਯੋਜਨਾ ਹੈ, ਅਸੀਂ ਹੈਲਥ ਕੇਅਰ ਨੂੰ ਮਜ਼ਬੂਤ ਕਰ ਸਕਦੇ ਹਾਂ ਤੇ ਕਲਾਈਮੇਟ ਸੰਕਟ ਨਾਲ ਨਜਿੱਠ ਸਕਦੇ ਹਾਂ। ਐਨਡੀਪੀ ਤੁਹਾਡੇ ਲਈ ਲੜੇਗੀ।

# ਦੁਨੀਆ ਤੋਂ ਸੱਤ ਸਾਲ ਪਿੱਛੇ ਇਥੋਪੀਆ ਵਿੱਚ ਅਜੇ ਵੀ 2012 ਦਾ ਸਾਲ ਚੱਲ ਰਿਹੈ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਦੁਨੀਆ ਵਿੱਚ ਸਾਲ 2019 ਚਲ ਰਿਹਾ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਇੱਕ ਦੇਸ਼ ਅਜਿਹਾ ਹੈ, ਜਿਥੇ ਅਜੇ ਸਾਲ 2012 ਚਲ ਰਿਹਾ ਹੈ। ਇਸ ਦੇਸ਼ ਦੇ ਲੋਕ ਬਾਕੀ ਦੁਨੀਆ ਤੋਂ ਸੱਤ ਸਾਲ ਪਿੱਛੇ ਹਨ। ਇਹੋ ਨਹੀਂ ਇਸ ਦੇਸ਼ ਦਾ ਇੱਕ ਸਾਲ 13 ਮਹੀਨਿਆਂ ਦਾ ਹੁੰਦਾ ਹੈ। ਅਜਿਹੇ ਵਿੱਚ ਤੁਸੀਂ ਖੁਦ ਸਮਝ ਸਕਦੇ ਹੋ ਕਿ ਇਹ ਦੇਸ਼ ਬਾਕੀ ਦੇਸ਼ਾਂ ਤੋਂ ਸੱਤ ਸਾਲ ਪਿੱਛੇ ਕਿਉਂ ਚੱਲ ਰਿਹਾ ਹੈ।

ਇਹ ਦੇਸ਼ ਇਥੋਪੀਆ ਹੈ, ਜਿੱਥੇ ਅੱਜ 2019 ਨਹੀਂ, ਸਗੋਂ ਸਾਲ 2012 ਚੱਲਦਾ ਹੈ, ਜੋ ਦੁਨੀਆ ਦੇ ਸਾਰੇ ਦੇਸ਼ਾਂ ਤੋਂ ਸੱਤ ਸਾਲ ਪਿੱਛੇ ਹੈ। ਇਸ ਦੇਸ਼ ਦੀ ਅਬਾਦੀ ਸਿਰਫ 10 ਕਰੋੜ ਦੇ ਨੇੜੇ ਹੈ। ਖਾਸ ਗੱਲ ਇਹ ਹੈ ਕਿ ਜਿਥੇ ਦੁਨੀਆ ਦੇ ਸਾਰੁ ਦੇਸ਼ ਇੱਕ ਜਨਵਰੀ ਨੂੰ ਨਵਾਂ ਸਾਲ ਮਨਾਉਂਦੇ ਹਨ, ਉਥੇ ਇਥੋਪੀਆ ਦੇ ਲੋਕ 11 ਸਤੰਬਰ ਨੂੰ ਨਵਾਂ ਸਾਲ ਮਨਾਉਂਦੇ ਹਨ। ਇਥੋਪੀਆ ਵਾਸੀਆਂ ਦਾ ਆਪਣਾ ਕੈਲੰਡਰ ਹੈ, ਜਿਸ ਦੇ ਹਿਸਾਬ ਉਹ ਚਲਦੇ ਹਨ। ਦੁਨੀਆ ਦੇ ਸਾਰੇ ਦੇਸ਼ ਇੱਕ ਹੀ ਗਰੀਗੋਰੀਅਨ ਕੈਲੰਡਰ ਦੇ ਹਿਸਾਬ ਨਾਲ ਚੱਲਦੇ ਹਨ ਅਤੇ ਉਨ੍ਹਾਂ ਦੇ ਤਿਉਹਾਰ ਵੀ ਇਸੇ ਕੈਲੰਡਰ ਦੇ ਹਿਸਾਬ ਨਾਲ ਹੁੰਦੇ ਹਨ। ਇਥੋਪੀਆ ਦੇ ਲੋਕ ਮੰਨਦੇ ਹਨ ਕਿ ਈਸਾ ਦਾ ਜਨਮ ਈਸਾ ਪੂਰਵ 7ਵੀਂ ਸਦੀ 'ਚ ਹੋਇਆ ਸੀ ਅਤੇ ਇਸੇ ਹਿਸਾਬ ਨਾਲ ਉਥੇ ਦਿਨਾਂ ਦੀ ਗਿਣਤੀ ਸ਼ੁਰੂ ਹੋਈ, ਜਿਸ ਤੋਂ ਬਾਅਦ ਕੈਲੰਡਰ ਬਣਾਇਆ ਗਿਆ। ਇਥੋਪੀਆ ਵਿੱਚ ਕੋਈ ਵੀ ਤਿਉਹਾਰ ਉਸ ਦਿਨ ਨਹੀਂ ਮਨਾਇਆ ਜਾਂਦਾ, ਜਦੋਂ ਪੂਰੀ ਦੁਨੀਆ ਉਸ ਤਿਉਹਾਰ ਨੂੰ ਮਨਾ ਰਹੀ ਹੁੰਦੀ ਹੈ।

# ਉਨਾਵ ਦੀ ਪੀੜਤਾ ਨਾਲ ਨੌ ਦਿਨਾਂ ਤੱਕ ਬਲਾਤਕਾਰ ਹੁੰਦਾ ਰਿਹਾ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਸੀ ਬੀ ਆਈ ਨੇ ਦਿੱਲੀ ਦੀ ਇੱਕ ਅਦਾਲਤ ਨੂੰ ਦੱਸਿਆ ਹੈ ਕਿ ਉਨਾਵ ਦੀ ਪੀੜਤ ਲੜਕੀ ਨੂੰ 2017 ਵਿੱਚ ਅਗਵਾ ਕਰਨ ਤੋਂ ਬਾਅਦ ਤਿੰਨ ਲੋਕਾਂ ਨੇ ਵੱਖ-ਵੱਖ ਥਾਵਾਂ 'ਤੇ ਨੌਂ ਦਿਨਾਂ ਤੱਕ ਉਸ ਨਾਲ ਬਲਾਤਕਾਰ ਕੀਤਾ, ਓਦੋਂ ਉਹ ਨਾਬਾਲਿਗਾ ਸੀ। ਇਹ ਮਾਮਲਾ ਭਾਜਪਾ ਵਿੱਚੋਂ ਕੱਢੇ ਗਏ ਵਿਧਾਇਕ ਕੁਲਦੀਪ ਸਿੰਘ ਸੇਂਗਰ ਵੱਲੋਂ 2017 ਵਿੱਚ ਔਰਤ ਨਾਲ ਬਲਾਤਕਾਰ ਦੇ ਕੇਸ ਤੋਂ ਵੱਖ ਹੈ।

ਅਦਾਲਤੀ ਕਾਰਵਾਈ ਮੌਕੇ ਜ਼ਿਲਾ ਮੈਜਿਸਟ੍ਰਟ ਧਰਮੇਸ਼ ਸ਼ਰਮਾ ਨੇ ਸਮੂਹਿਕ ਬਲਾਤਕਾਰ ਕੇਸ ਵਿੱਚ ਸੀ ਬੀ ਆਈ ਵੱਲੋਂ ਦਾਖਲ ਦੋਸ਼-ਪੱਤਰ ਦਾ ਸਖਤ ਨੋਟਿਸ ਲਿਆ ਅਤੇ ਕੇਸ ਦੀ ਅਗਲੀ ਸੁਣਵਾਈ ਲਈ 15 ਅਕਤੂਬਰ ਦੀ ਤਰੀਕ ਤੈਅ ਕੀਤੀ। ਸੀ ਬੀ ਆਈ ਨੇ ਆਪਣੇ ਦੋਸ਼-ਪੱਤਰ ਵਿੱਚ ਦੋਸ਼ੀਆਂ ਵਜੋਂ ਤਿੰਨ ਜਣਿਆਂ ਨਰੇਸ਼ ਤਿਵਾੜੀ, ਬ੍ਰਿਜੇਸ਼ ਯਾਦਵ ਅਤੇ ਸ਼ੁਭਮ ਸਿੰਘ ਨੂੰ ਨਾਮਜ਼ਦ ਕੀਤਾ ਹੈ। ਉਨਾਵ ਵਿੱਚ ਇੱਕ ਜੁਡੀਸ਼ਲ ਮੈਜਿਸਟ੍ਰੇਟ ਕੋਲ ਦਰਜ ਹੋਏ ਪੀੜਤਾ ਦੇ ਬਿਆਨ ਦੇ ਹਵਾਲੇ ਨਾਲ ਸੀ ਬੀ ਆਈ ਨੇ ਕਿਹਾ ਕਿ 11 ਜੂਨ 2017 ਉਹ ਪਾਣੀ ਲੈਣ ਆਪਣੇ ਘਰੋਂ ਬਾਹਰ ਨਿਕਲੀ ਤਾਂ ਸ਼ੁਭਮ ਸਿੰਘ ਅਤੇ ਤਿਵਾੜੀ ਨੇ ਤਿੰਨ ਹੋਰ ਲੋਕਾਂ ਨਾਲ ਮਿਲ ਕੇ ਉਸ ਨੂੰ ਕਾਰ ਵਿੱਚ ਖਿੱਚ ਲਿਆ ਅਤੇ ਕੁਝ ਦੂਰ ਜਾਣ ਤੋਂ ਬਾਅਦ ਸਿੰਘ ਅਤੇ ਤਿਵਾੜੀ ਨੇ ਕਾਰ ਵਿੱਚ ਉਸ ਨਾਲ ਬਲਾਤਕਾਰ ਕੀਤਾ। ਇਸ ਪਿੱਛੋਂ ਉਸ ਨੂੰ ਕਾਨਪੁਰ ਦੇ ਰਸਤੇ ਉੱਤੇ ਇੱਕ ਮਕਾਨ ਵਿੱਚ ਲਿਜਾਇਆ ਗਿਆ ਜਿਥੇ ਚਿਹਰਾ ਢੱਕੇ ਹੋਏ ਦੋ ਅਣਪਛਾਤੇ ਲੋਕਾਂ ਨੇ ਉਸ ਨਾਲ ਬਲਾਤਕਾਰ ਕੀਤਾ। ਦੋ-ਤਿੰਨ ਦਿਨ ਬਾਅਦ ਉਸ ਨੂੰ ਯਾਦਵ ਦੇ ਘਰ ਲਿਜਾਇਆ ਗਿਆ, ਜਿਥੇ ਉਸ ਨਾਲ ਬਲਾਤਕਾਰ ਕੀਤਾ ਗਿਆ। ਇਸ ਤੋਂ ਦੋ ਦਿਨਾਂ ਬਾਅਦ ਉਸ ਨੂੰ ਉੱਤਰ ਪ੍ਰਦੇਸ਼ ਦੇ ਓਰਈਆ ਜ਼ਿਲ੍ਹੇ ਵਿੱਚ ਲਿਜਾਇਆ ਗਿਆ, ਜਿਥੇ ਉਹ ਪੁਲਸ ਨੂੰ ਮਿਲੀ ਸੀ।

# ਰਾਧਾ ਸੁਆਮੀ ਬਾਬੇ ਵੱਲੋਂ ਸਫਾਈ: ਸਿੰਘ ਭਰਾਵਾਂ ਦਾ ਕੋਈ ਪੈਸਾ ਬਾਕੀ ਨਹੀਂ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਦਾਇਚੀ-ਰਨਬੈਕਸੀ ਕੇਸ ਵਿੱਚ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਪ੍ਰਮੁੱਖ ਗੁਰਿੰਦਰ ਸਿੰਘ ਢਿੱਲੋਂ ਅਤੇ ਉਨ੍ਹਾਂ ਦੇ ਪਰਵਾਰ ਨੇ ਦਿੱਲੀ ਹਾਈ ਕੋਰਟ ਵਿੱਚ ਅਪੀਲ ਕਰਕੇ ਕਿਹਾ ਹੈ ਕਿ ਉਨ੍ਹਾਂ ਦੇ ਪਰਵਾਰ ਉੱਤੇ ਆਰ ਸੀ ਹੋਲਡਿੰਗਸ ਪ੍ਰਾਈਵੇਟ ਲਿਮਟਿਡ ਦੀ ਕੋਈ ਬਕਾਇਆ ਨਹੀਂ ਹੈ। ਢਿੱਲੋਂ ਪਰਵਾਰ ਨੇ ਹਾਈ ਕੋਰਟ ਨੂੰ ਕਿਹਾ ਕਿ ਮਾਲਵਿੰਦਰ ਸਿੰਘ ਅਤੇ ਸ਼ਿਵਇੰਦਰ ਅਤੇ ਆਰ ਐਚ ਸੀ ਹੋਲਡਿੰਗਸ ਨੇ ਗਲਤ ਦਾਅਵਾ ਕੀਤਾ ਹੈ ਕਿ ਉਸ ਦਾ ਉਨ੍ਹਾਂ ਉੱਪਰ ਕੋਈ ਪੈਸਾ ਬਕਾਇਆ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇਂ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
AN EXPRESSION OF THE COMMUNITY
Ramz Punjabi RADIO & TV
FM 91.9
EVERYDAY 1PM TO 2PM
HOST - HARJINDER SINGH GILL
647.400.6862 | RAMZPUNJABI@GMAIL.COM | WWW.RAMZPUNJABI.COM

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟੱਰਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਔਰਤਾਂ ਦੀ ਸੁਰੱਖਿਆ ਅਤੇ ਸਿੱਖਿਆ ਦਾ ਸੁਪਨਾ

-ਲਕਸ਼ਮੀ ਕਾਂਤਾ ਚਾਵਲਾ

ਅੱਜ ਦੇਸ਼ ਵਿੱਚ ਧੀਆਂ ਦੀ ਸੁਰੱਖਿਆ ਦੇ ਵਿਸ਼ੇ ਉਤੇ ਚਿੰਤਾ ਅਤੇ ਚਿੰਤਨ ਹੋ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਨੂੰ ਸੁਨੇਹਾ ਦੇਣ ਲਈ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦਿੱਤਾ, ਪਰ ਧੀਆਂ ਦੀ ਚਿੰਤਾ ਭਾਰਤ ਦੇ ਮਹਾਨ ਸਪੂਤ ਸਵਾਮੀ ਵਿਵੇਕਾਨੰਦ ਨੇ ਵੀ ਕੀਤੀ ਸੀ। ਉਹ ਚਾਰ ਵਰ੍ਹੇ ਵਿਦੇਸ਼ਾਂ ਵਿੱਚ ਭਾਰਤੀ ਧਰਮ ਤੇ ਸੱਭਿਆਚਾਰ ਦਾ ਝੰਡਾ ਬੁਲੰਦ ਕਰਕੇ 1898 ਵਿੱਚ ਭਾਰਤ ਪਰਤੇ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਦੇਸ਼ ਦੀ ਮਜ਼ਬੂਤੀ ਤੇ ਸੁਤੰਤਰਤਾ ਲਈ ਕਾਰਜ ਕੀਤਾ। ਜਨਤਾ ਵਿੱਚ ਆਪਣੇ ਵਿਚਾਰਾਂ ਰਾਹੀਂ ਨਵੀਂ ਕਰਾਂਤੀ ਪੈਦਾ ਕੀਤੀ। ਇਸੇ ਸਾਲ ਉਘੇ ਰਸਾਲੇ ਦੇ ਸੰਪਾਦਕ ਉਨ੍ਹਾਂ ਕੋਲ ਆਏ ਅਤੇ ਉਨ੍ਹਾਂ ਨਾਲ ਕਈ ਵਿਸ਼ਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਸਵਾਮੀ ਵਿਵੇਕਾਨੰਦ ਨੂੰ ਸਵਾਲ ਕੀਤਾ ਕਿ ਭਾਰਤ ਵਿੱਚ ਔਰਤਾਂ ਨਾਲ ਪੱਖਪਾਤ ਕਿਉਂ ਕੀਤਾ ਜਾਂਦਾ ਹੈ? ਉਨ੍ਹਾਂ ਕਿਹਾ ਕਿ ਕਿਤੇ ਅਸੀਂ ਇਹ ਤਾਂ ਨਹੀਂ ਮੰਨ ਰਹੇ ਕਿ ਪੱਛਮੀ ਔਰਤਾਂ ਦੀ ਤੁਲਨਾ ਵਿੱਚ ਆਪਣੇ ਮੁਲਕ ਦੀਆਂ ਔਰਤਾਂ ਦੀ ਹਾਲਤ ਵੱਖਰੀ ਦੇਖ ਕੇ, ਅਸੀਂ ਭਾਰਤ ਵਿੱਚ ਔਰਤਾਂ ਪ੍ਰਤੀ ਨਾਬਰਾਬਰੀ ਦੇ ਵਿਦੇਸ਼ੀਆਂ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਚੁੱਪ ਚੁਪੀਤੇ ਕਬੂਲ ਤਾਂ ਨਹੀਂ ਰਹੇ।

ਜਦੋਂ ਉਨ੍ਹਾਂ ਤੋਂ ਔਰਤਾਂ ਦੀ ਮੌਜੂਦਾ ਹਾਲਤ ਤੋਂ ਸੰਤੁਸ਼ਟ ਹੋਣ ਬਾਰੇ ਪੁੱਛਿਆ ਗਿਆ ਤਾਂ ਸਵਾਮੀ ਵਿਵੇਕਾਨੰਦ ਵੱਲੋਂ ਦਿੱਤਾ ਜਵਾਬ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹੈ। ਉਨ੍ਹਾਂ ਕਿਹਾ ਸੀ ਕਿ ਔਰਤਾਂ ਦੇ ਸਬੰਧ ਵਿੱਚ ਸਾਡਾ ਦਖਲ ਅੰਦਾਜ਼ੀ ਦਾ ਅਧਿਕਾਰ ਮਹਿਜ਼ ਉਨ੍ਹਾਂ ਨੂੰ ਸਿੱਖਿਆ ਦੇਣ ਤੱਕ ਸੀਮਿਤ ਰਹਿਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਯੋਗ ਬਣਾਉਣਾ ਹੋਵੇਗਾ ਜਿਸ ਨਾਲ ਉਹ ਆਪਣੀਆਂ ਸਮੱਸਿਆਵਾਂ ਦਾ ਆਪ ਹੱਲ ਲੱਭ ਸਕਣ। ਕੋਈ ਹੋਰ ਉਨ੍ਹਾਂ ਲਈ ਕੰਮ ਨਹੀਂ ਕਰ ਸਕਦਾ ਅਤੇ ਅਜਿਹਾ ਕਰਨਾ ਵੀ ਠੀਕ ਨਹੀਂ। ਭਾਰਤੀ ਔਰਤਾਂ ਆਪਣੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਦੁਨੀਆ ਦੇ ਕਿਸੇ ਵੀ ਹਿੱਸੇ ਦੀਆਂ ਔਰਤਾਂ ਤੋਂ ਪਿਛਾਂਹ ਨਹੀਂ ਹਨ।

ਇਸੇ ਵਿਸ਼ੇ ਉੱ ਨਿਊਯਾਰਕ ਵਿੱਚ ਭਾਸ਼ਣ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਔਰਤਾਂ ਦੀ ਜੇ ਉਸੇ ਤਰ੍ਹਾਂ ਤਰੱਕੀ ਹੋਵੇ ਜਿਵੇਂ ਇਸ ਦੇਸ਼ ਵਿੱਚ ਹੋਈ ਹੈ ਤਾਂ ਉਨ੍ਹਾਂ ਨੂੰ ਖੁਸ਼ੀ ਹੋਵੇਗੀ, ਪਰ ਇਹ ਤਰੱਕੀ ਉਦੋਂ ਹੀ ਉਨ੍ਹਾਂ ਦੀ ਇੱਛਾ ਦੀ ਪੂਰਤੀ ਕਰ ਸਕਦੀ ਹੈ ਜਦੋਂ ਉਹ ਉਨ੍ਹਾਂ ਦੇ ਜੀਵਨ ਵਿੱਚ ਇਸਤਰੀ ਦੇ ਆਪਣੇ ਵਜੂਦ ਨੂੰ ਸੱਟ ਨਾ ਮਾਰੇ।

ਇਹ ਸੁਪਨਾ ਅੱਜ ਤੋਂ ਸਵਾ ਸੌ ਵਰ੍ਹੇ ਪਹਿਲਾਂ ਸਵਾਮੀ ਵਿਵੇਕਾਨੰਦ ਨੇ ਦੇਖਿਆ ਸੀ। ਆਜ਼ਾਦ ਦੇਸ਼ ਵਿੱਚ ਨਿਸ਼ਚਿਤ ਹੀ ਇਸ ਨੂੰ ਪੂਰਾ ਕਰਨ ਤੇ ਔਰਤਾਂ ਨੂੰ ਸਿੱਖਿਅਤ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ। ਜਾਪਦਾ ਹੈ ਕਿ ਜਿਨ੍ਹਾਂ ਔਰਤਾਂ ਨੂੰ ਇਹ ਮੌਕਾ ਮਿਲਿਆ, ਉਹ ਆਪਣੇ ਦ੍ਰਿੜ੍ਹ ਨਿਸ਼ਚੇ ਨਾਲ ਸਾਜ਼ਗਾਰ ਹਾਲਾਤ ਦਾ ਲਾਹਾ ਲੈਂਦਿਆਂ ਗਿਆਨ ਵਿਗਿਆਨ ਦੇ ਖੇਤਰ ਵਿੱਚ ਪੁਲਾਂਘਾਂ ਪੁੱਟਦੀਆਂ ਗਈਆਂ। ਆਜ਼ਾਦ ਭਾਰਤ ਦੇ ਹਾਸਲ ਸ਼ੁਰੂਆਤੀ ਅੰਕੜਿਆਂ ਮੁਤਾਬਕ ਮੁਲਕ ਦੀ ਕੁੱਲ ਆਬਾਦੀ ਦਾ 16 ਤੋਂ 20 ਫੀਸਦੀ ਹਿੱਸਾ ਹੀ ਸਿੱਖਿਅਤ ਸੀ। ਅੱਜ ਦੇਸ਼ ਵਿੱਚ ਸਿੱਖਿਅਤ ਲੋਕਾਂ ਦੀ ਗਿਣਤੀ 75 ਫੀਸਦੀ ਹੋ ਗਈ ਹੈ। ਇਹ ਵੱਡਾ ਹਾਸਲ ਹੈ। ਮੁਲਕ ਦੇ 25 ਫੀਸਦੀ ਲੋਕਾਂ ਦਾ ਹਾਲੇ ਵੀ ਅਨਪੜ੍ਹ ਰਹਿਣਾ ਚਿੰਤਾ ਦਾ ਵਿਸ਼ਾ ਹੈ, ਪਰ ਇਸ ਦਾ ਵੱਡਾ ਕਾਰਨ ਤੇਜ਼ੀ ਨਾਲ ਵਧ ਰਹੀ ਆਬਾਦੀ, ਗਰੀਬੀ ਅਤੇ ਬੇਰੁਜ਼ਗਾਰੀ ਹੈ।

ਇਹ ਦੁੱਖ ਦੀ ਗੱਲ ਹੈ ਕਿ ਕੁੱਲ ਸਿੱਖਿਅਤ ਔਰਤਾਂ ਦੀ ਗਿਣਤੀ ਹਾਲੇ ਵੀ ਔਰਤ ਦੀ ਆਬਾਦੀ ਦਾ 65 ਫੀਸਦੀ ਹੈ। ਇਸ ਅਨੁਸਾਰ ਹਾਲੇ ਵੀ 35 ਫੀਸਦੀ ਔਰਤਾਂ ਸਿੱਖਿਆ ਤੋਂ ਵਾਂਝੀਆਂ ਹਨ। ਮਾਂ ਨੂੰ ਸਾਡੇ ਧਰਮ ਵਿੱਚ ਪਹਿਲਾ ਗੁਰੂ, ਪਹਿਲਾ ਵਿਦਵਾਨ ਕਿਹਾ ਜਾਂਦਾ ਹੈ। ਜੇ 35 ਫੀਸਦੀ ਧੀਆਂ, ਭੈਣਾ, ਮਾਵਾਂ ਸਿੱਖਿਆ ਤੋਂ ਵਾਂਝੀਆਂ ਹਨ ਤਾਂ ਪਰਵਾਰਾਂ ਨੂੰ ਸਹੀ ਸੱਭਿਆਚਾਰ ਬਾਰੇ ਸਿੱਖਿਅਤ ਕਰਨਾ ਦੂਰ ਦੀ ਗੱਲ ਹੋਵੇਗਾ। ਇਹ ਸਹੀ ਹੈ ਕਿ ਪੇਟ ਪਾਲਣ ਲਈ ਪਰਵਾਰ ਦੇ ਸਾਰੇ ਜੀਅ ਕੰਮ ਕਰ ਰਹੇ ਹਨ, ਪਰ ਇਸ ਨਾਲ ਸਿਰਫ ਸਰੀਰਕ ਪੋਸ਼ਣ ਮਿਲ ਰਿਹਾ ਹੈ। ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਭਾਰਤ ਵਿੱਚ ਉਸ ਨੂੰ ਸਿੱਖਿਅਤ ਮੰਨ ਲਿਆ ਜਾਂਦਾ ਹੈ, ਜਿਹੜਾ ਮਾੜਾ ਮੋਟਾ ਪੜ੍ਹਨਾ ਅਤੇ ਦਸਤਖਤ ਕਰਨਾ ਸਿੱਖ ਲੈਂਦਾ ਹੈ। ਦੂਜੇ ਪਾਸੇ ਦੇਸ਼ ਵਿੱਚ ਹੀ ਸਿੱਖਿਅਤ ਸਮਾਜ ਦੀ ਬਿਹਤਰੀਨ ਮਿਸਾਲ ਵੀ ਹੈ। 1989 ਵਿੱਚ ਕੇਰਲ ਦੇ ਕੋਟਾਯਮ ਸ਼ਹਿਰ ਨੂੰ ਪੂਰੀ ਤਰ੍ਹਾਂ ਸਿੱਖਿਅਤ ਐਲਾਨਿਆ ਗਿਆ ਸੀ। ਇਤਿਹਾਸ ਵਿੱਚ 1989 ਦਾ ਵਰ੍ਹਾ ਇਸ ਲਈ ਵੀ ਮਹੱਤਵ ਪੂਰਨ ਹੈ ਕਿ ਇਸ ਵਰ੍ਹੇ ਸਾਖਰਤਾ ਮੁਹਿੰਮ ਤੇਜ਼ੀ ਨਾਲ ਚਲਾਈ ਜਾ ਰਹੀ ਸੀ। ਇਹ ਉਸ ਮੁਹਿੰਮ ਦਾ ਸ਼ੁਰੂਆਤੀ ਦੌਰ ਸੀ। ਕੇਰਲ ਦੀ ਸਾਖਰਤਾ ਦਰ ਸੌ ਫੀਸਦੀ ਹੈ ਤੇ ਇਥੋਂ ਦੇ ਲੋਕ ਸਭ ਤੋਂ ਵੱਧ ਸਿੱਖਿਅਤ ਵੀ ਹਨ, ਪਰ ਕਿਸੇ ਇਕ ਸ਼ਹਿਰ ਨੂੰ ਸੌ ਫੀਸਦੀ ਸਾਖਰ ਐਲਾਨਿਆ ਜਾਣਾ ਇਕ ਅਨੋਖੀ ਮਿਸਾਲ ਕਿਹਾ ਜਾ ਸਕਦਾ ਹੈ।

ਜ਼ਿਕਰ ਯੋਗ ਹੈ ਕਿ ਕੋਟਾਯਾਮ ਦੇ ਲੋਕਾਂ ਵਿੱਚ ਅਜਿਹਾ ਕਿਹੜਾ ਉਤਸ਼ਾਹ ਸੀ ਕਿ ਉਨ੍ਹਾਂ ਨੇ ਇਹ ਸਥਾਨ ਹਾਸਲ ਕੀਤਾ। ਅਸਲ ਵਿੱਚ ਉਨ੍ਹਾਂ ਦੀ ਇਸ ਕੋਸ਼ਿਸ਼ ਵਿੱਚ ਸਮਾਜਿਕ ਸੰਗਠਨਾਂ ਅਤੇ ਸਰਕਾਰ ਨੇ ਮਿਲ ਕੇ ਯੋਗਦਾਨ ਦਿੱਤਾ ਅਤੇ ਅਨਪੜ੍ਹ ਨੂੰ ਸਾਖਰ ਕਰਨ ਦੀ ਮੁਹਿੰਮ ਚਲਾਈ ਜਿਸ ਕਾਰਨ ਕੋਟਾਯਾਮ ਇਹ ਟੀਚਾ ਹਾਸਲ ਕਰ ਗਿਆ। ਇਕ ਜਾਣਕਾਰੀ ਮੁਤਾਬਕ ਇਸ ਲਈ ਜਿਹੜੇ 14 ਹਜ਼ਾਰ ਵਾਲੰਟੀਅਰ ਤਿਆਰ ਹੋਏ, ਉਨ੍ਹਾਂ ਵਿੱਚੋਂ 12 ਹਜ਼ਾਰ ਔਰਤਾਂ ਸਨ।

ਸਵਾਮੀ ਵਿਵੇਕਾਨੰਦ ਨੇ ਵੀ ਇਹ ਸੁਨੇਹਾ ਦੇਸ਼ ਦੇ ਸਿੱਖਿਅਤ ਵਰਗ ਖਾਸਕਰ ਸਾਧਾਂ ਸੰਤਾਂ ਨੂੰ ਦਿੱਤਾ ਸੀ ਕਿ ਉਹ ਦੇਸ਼ ਨੂੰ ਸਾਖਰ ਕਰਨ। ਉਨ੍ਹਾਂ ਕਿਹਾ ਸੀ ਕਿ ਰੋਗੀ ਡਾਕਟਰ ਕੋਲ ਪੁੱਜਣ ਤੋਂ ਅਸਮਰੱਥ ਹੈ ਤਾਂ ਡਾਕਟਰ ਨੂੰ ਉਸ ਕੋਲ ਪੁੱਜ ਜਾਣਾ ਚਾਹੀਦਾ ਹੈ। ਸਵਾਮੀ ਵਿਵੇਕਾਨੰਦ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਆਪਣੇ ਦੇਸ਼ ਦੇ ਸਾਧਾਂ ਨੂੰ ਸਿਰਫ ਧਰਮ ਦੀ ਸਿੱਖਿਆ ਰਾਹੀਂ ਮੋਕਸ਼ ਹਾਸਲ ਕਰਨ ਦਾ ਸੁਨੇਹਾ ਨਹੀਂ ਦਿੰਦੇ, ਸਗੋਂ ਉਨ੍ਹਾਂ ਦਾ ਕਹਿਣਾ ਸੀ ਕਿ ਸ਼ਾਮ ਸਮੇਂ ਕਿਸੇ ਚੌਪਾਲ ਜਾਂ ਦਰੱਖਤ ਹੇਠਾਂ ਬੈਠੇ ਦੇਸ਼ ਦੇ ਨਾਗਰਿਕਾਂ ਕੋਲ ਜਾਓ ਤੇ ਉਨ੍ਹਾਂ ਨੂੰ ਦੇਸ਼ ਦੀ ਦਸ਼ਾ, ਭੂਗੋਲ ਤੇ ਇਤਿਹਾਸ ਦਾ ਗਿਆਨ ਚਿੱਤਰਾਂ ਰਾਹੀਂ ਦਿਓ। ਅੱਜ ਜਦੋਂ ਮੁਲਕ ਬੇਟੀ ਬਚਾਓ, ਬੇਟੀ ਪੜ੍ਹਾਓ ਦਾ ਨਾਅਰਾ ਦੇ ਰਿਹਾ ਹੈ ਤਾਂ 35 ਫੀਸਦੀ ਅਨਪੜ੍ਹ ਰਹਿ ਗਈਆਂ ਔਰਤਾਂ ਦੀ ਸਿੱਖਿਆ ਅਤੇ ਉਨ੍ਹਾਂ ਲਈ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਦਾ ਵੀ ਪ੍ਰਬੰਧ ਕੀਤਾ ਜਾਵੇ।

# ਸੱਸ-ਨੂੰਹ ਦਾ ਰਿਸ਼ਤਾ

-ਰਮੇਸ਼ ਕੁਮਾਰ ਸ਼ਰਮਾ

ਸਾਡੇ ਸਮਾਜ ਵਿੱਚ ਕਈ ਰਿਸ਼ਤੇ ਅਜਿਹੇ ਹਨ, ਜਿਹੜੇ ਹਮੇਸ਼ਾ ਬਦਨਾਮ ਰਹੇ ਹਨ, ਜਿਵੇਂ ਜੀਜਾ-ਸਾਲੀ, ਦਿਓਰ-ਭਾਬੀ ਤੇ ਸੱਸ-ਨੂੰਹ। ਇਨ੍ਹਾਂ ਰਿਸ਼ਤਿਆਂ ਵਿੱਚ ਭਾਵੇਂ ਜਿੰਨੀ ਮਰਜ਼ੀ ਪਾਕੀਜ਼ਗੀ ਹੋਵੇ, ਇਨ੍ਹਾਂ ਨੂੰ ਕੈਰੀ ਅੱਖ ਨਾਲ ਵੇਖਿਆ ਜਾਂਦਾ ਹੈ। ਸੱਸ-ਨੂੰਹ ਦੇ ਰਿਸ਼ਤੇ ਨੂੰ ਇੱਟ-ਕੁੱਤੇ ਦੇ ਵੈਰ ਦੀ ਤਰ੍ਹਾਂ ਸਮਝਿਆ ਜਾਂਦਾ ਹੈ। ਮਾਂ-ਭਾਵੇਂ ਰੋਜ਼ ਆਢਾ ਲਾ ਕੇ ਰੱਖੇ ਉਹ ਬਰਦਾਸ਼ਤ ਹੋ ਜਾਂਦਾ ਹੈ, ਪਰ ਸੱਸ ਦੀ ਕਹੀ ਮਾੜੀ-ਮੋਟੀ ਗੱਲ ਵੀ ਘਰ ਵਿੱਚ ਬਵਾਲ ਲਿਆ ਦਿੰਦੀ ਹੈ। ਕੁਦਰਤ ਵੱਲੋਂ ਵੀ ਇਨ੍ਹਾਂ ਦੋਵਾਂ ਦੀ ਰਾਸ਼ੀ ਨਹੀਂ ਮਿਲਦੀ। ਸੱਸ ਨੂੰ ਸੱਪ ਅਤੇ ਨੂੰਹ ਨੂੰ ਨਿਓਲੇ ਵਰਗੇ ਉਪ-ਨਾਵਾਂ ਨਾਲ ਨਿਵਾਜਿਆ ਜਾਂਦਾ ਹੈ। ਤਾੜੀ ਇੱਕ ਹੱਥ ਨਾਲ ਨਹੀਂ ਵੱਜਦੀ, ਕੁਝ ਨਾ ਕੁਝ ਖ਼ਾਮੀਆਂ ਦੋਵਾਂ ਧਿਰਾਂ ਵਿੱਚ ਹੁੰਦੀਆਂ ਹਨ। ਅੱਜ ਤੋਂ ਪੰਜ-ਛੇ ਦਹਾਕੇ ਪਹਿਲਾਂ ਦੀਆਂ ਸੱਸਾਂ ਬਹੁਤ ਖੜੂਸ ਹੁੰਦੀਆਂ ਸਨ, ਕਿਉਂਕਿ ਉਨ੍ਹਾਂ ਦੀਆਂ ਸੱਸਾਂ ਨੇ ਉਨ੍ਹਾਂ ਨਾਲ ਵਧੀਕੀਆਂ ਕੀਤੀਆਂ ਹੁੰਦੀਆਂ ਸਨ, ਇਸ ਕਰ ਕੇ ਉਹ ਆਪਣੀਆਂ ਨੂੰਹਾਂ ਉਤੇ ਪੂਰਾ ਰੋਹਬ-ਦਾਬ ਰੱਖਦੀਆਂ ਸਨ। ਘਰ ਪਰਵਾਰ ਸਾਂਝੇ ਤੇ ਵੱਡੇ ਹੁੰਦੇ ਸਨ। ਘਰ ਵਿੱਚ ਇੱਜ-ਦੋ ਮੈਂਬਰ ਕਮਾਊ ਹੁੰਦੇ ਸਨ ਅਤੇ ਬਾਕੀ ਸਾਰੇ ਵਿਹਲੀਆਂ ਖਾਂਦੇ ਸਨ। ਨੂੰਹਾਂ ਰਾਣੀਆਂ ਦੇ ਸੰਦੂਕ ਦੀਆਂ ਚਾਬੀਆਂ ਸੱਸ ਕੋਲ ਹੁੰਦੀਆਂ ਸਨ ਤੇ ਜ਼ਰੂਰਤ ਪੈਣ ਉਤੇ ਉਹ ਆਪ ਲੋੜੀਂਦੀ ਚੀਜ਼ ਵਸਤ ਕੱਢ ਕੇ ਦਿੰਦੀਆਂ ਸਨ। ਘਰ ਵਿੱਚ ਸੱਸਾਂ ਦੀ ਸਰਦਾਰੀ ਹੁੰਦੀ ਸੀ। ਖਾਣ-ਪੀਣ ਦੀਆਂ ਚੀਜ਼ਾਂ ਦੀ ਵੰਡ ਵੀ ਸੱਸ ਹੀ ਕਰਦੀ ਸੀ। ਇਹ ਗੱਲ ਉਸ ਸਮੇਂ ਬਹੁਤ ਵਧੀਆ ਹੁੰਦੀ ਸੀ, ਨੂੰਹਾਂ ਆਪਣੀ ਸੱਸ ਨਾਲ ਜਿੰਨੀ ਮਰਜ਼ੀ ਖਾਰ ਖਾਂਦੀਆਂ ਸਨ, ਸਵੇਰੇ ਉਠਦੇ ਸਾਰ ਵੱਡੇ ਬਜ਼ੁਰਗਾਂ ਦੇ ਪੈਰ ਛੂਹ ਕੇ ਉਸ ਤੋਂ ਆਸ਼ੀਰਵਾਦ ਲੈਂਦੀਆਂ ਸਨ। ਤਕਰੀਬਨ ਹਰ ਘਰ ਇਹੀ ਦਸਤੂਰ ਸੀ। ਪਹਿਲਾਂ ਜ਼ਿਆਦਾਤਰ ਸੱਸਾਂ ਬੁੱਢੀਆਂ ਠੇਰੀਆਂ ਹੁੰਦੀਆਂ ਸਨ, ਜਵਾਨ ਸੱਸ ਤਾਂ ਨੀਲਕੰਠ ਵਾਂਗ ਕਿਤੇ-ਕਿਤੇ ਹੀ ਨਜ਼ਰ ਆਉਂਦੀ ਸੀ। ਆਖਰੀ ਨੂੰਹ ਨੂੰ ਸਭ ਤੋਂ ਘੱਟ ਸਮਾਂ ਸੱਸ ਨਾਲ ਗੁਜ਼ਾਰਨਾ ਪੈਂਦਾ ਸੀ।

ਮੈਨੂੰ ਯਾਦ ਹੈ, ਕਾਫੀ ਸਮਾਂ ਪਹਿਲਾਂ ਇੱਕ ਵਾਰੀ ਮੈਨੂੰ ਇੱਕ ਵਿਆਹ 'ਤੇ ਜਾਣ ਦਾ ਮੌਕਾ ਮਿਲਿਆ। ਓਥੇ ਗੱਲ ਸੁਣੀ ਗਈ ਕਿ ਸ਼ਾਦੀ ਵਿੱਚ ਨਵੀਂ ਨੂੰਹ ਆਪਣੀ ਜਵਾਨ ਜਿਹੀ ਸੱਸ ਦੀ ਸ਼ਕਲ ਵੇਖ ਕੇ ਗਸ਼ ਖਾ ਕੇ ਡਿੱਗ ਪਈ। ਇੱਕ ਬਜ਼ੁਰਗ ਨੇ ਫੜ ਕੇ ਖੜ੍ਹੀ ਕੀਤੀ ਤੇ ਪੁੱਛਿਆ, ''ਕੀ ਹੋ ਗਿਆ ਸੀ ਕੁੜੀਏ ਤੈਨੂੰ?''

ਉਸ ਨੇ ਕਿਹਾ, ''ਵੇਖ ਨਹੀਂ ਰਹੇ, ਮੇਰੀ ਸੱਸ ਕਿੰਨੀ ਜਵਾਨ ਪਈ ਏ।''

''ਫਿਰ ਕੀ ਹੋ ਗਿਆ।'' ਬਾਬੇ ਨੇ ਪੁੱਛਿਆ।

''ਇਹ ਵੀ ਮੈਂ ਸਮਝਾਵਾਂ?'' ਕੁੜੀ ਨੇ ਕਿਹਾ।

ਬਾਬੇ ਦੇ ਕਾਫੀ ਦੇਰ ਬਾਅਦ ਗੱਲ ਪੱਲੇ ਪਈ।

ਸਮੇਂ ਦੇ ਵੇਗ ਨਾਲ ਸਭ ਕੁਝ ਬਦਲ ਜਾਂਦਾ ਹੈ। ਲੋਕ ਪੜ੍ਹ-ਲਿਖ ਗਏ ਹਨ, ਪਰਵਾਰ ਸੁੰਗੜ ਗਏ ਹਨ, ਸਭ ਦੇ ਇੱਕ-ਦੋ ਬੱਚੇ ਹੁੰਦੇ ਹਨ। ਬੱਚੇ ਬਾਹਰ ਦੂਰ-ਦੂਰ ਨੌਕਰੀਆਂ ਕਰਦੇ ਅਤੇ ਆਪੋ ਆਪਣੇ ਪਰਵਾਰ ਵਿੱਚ ਖੁਸ਼ੀ ਨਾਲ ਰਹਿੰਦੇ ਹਨ, ਸੱਸ-ਸਹੁਰੇ ਦੇ ਸਿਰ ਤੇ ਕੋਈ ਤਲਵਾਰ ਨਹੀਂ। ਸਿਆਣੇ ਤੇ ਗੈਰਤਮੰਦ ਮਾਤਾ-ਪਿਤਾ ਤਾਂ ਆਪ ਵੀ ਨੂੰਹ-ਪੁੱਤਰ ਕੋਲ ਰਹਿਣਾ ਪਸੰਦ ਨਹੀਂ ਕਰਦੇ, ਜਦੋਂ ਤੱਕ ਉਨ੍ਹਾਂ ਦੇ ਆਪਣੇ ਨੈਣ-ਪ੍ਰਾਣ ਚਲਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਦੂਰ-ਦੂਰ ਰਹਿਣ ਨਾਲ ਪਿਆਰ ਵਧਦਾ ਹੈ ਅਤੇ ਕੋਈ ਆਪਸੀ ਦਰਾਰ ਵੀ ਨਹੀਂ ਪੈਂਦੀ।

ਜੇ ਕਿਤੇ ਪਰਵਾਰ ਵਿੱਚ ਪੇਂਡੂ ਨੂੰਹ ਆ ਜਾਵੇ ਤਾਂ ਆਧੁਨਿਕ ਸੱਸਾਂ ਉਸ ਨੂੰ ਆਪਣੇ ਘਰ ਦੇ ਮਾਹੌਲ ਅਨੁਸਾਰ ਢਾਲ ਲੈਂਦੀਆਂ ਹਨ। ਸੱਸਾਂ ਆਪ ਆਪਣੀਆਂ ਨੂੰਹਾਂ ਨੂੰ ਬਿਊਟੀ ਪਾਰਲਰ ਲੈ ਕੇ ਜਾਂਦੀਆਂ ਹਨ ਅਤੇ ਉਨ੍ਹਾਂ ਵਿੱਚ ਲੋੜੀਂਦੇ ਬਦਲਾਅ ਕਰਵਾ ਲੈਂਦੀਆਂ ਹਨ ਅਤੇ ਨਾਲ ਲੱਗੇ ਆਪਣਾ ਵੀ ਥੋੜ੍ਹਾ ਬਹੁਤ ਪੈਚ-ਵਰਕ ਕਰਵਾ ਆਉਂਦੀਆਂ ਹਨ।

ਘਰ ਦਾ ਮਾਹੌਲ ਖੁਸ਼ਮਈ ਬਣਾਉਣ ਲਈ ਸੱਸ ਨੂੰ ਸਮਝਣਾ ਚਾਹੀਦਾ ਹੈ ਕਿ ਨੂੰਹ ਰਾਣੀ ਘਰ ਵਿੱਚ ਮਹਿਮਾਨ ਨਹੀਂ, ਇਸ ਨੇ ਇਥੇ ਹੀ ਰਹਿਣਾ ਹੈ। ਉਹ ਆਪਣੇ ਘਰ ਦੇ ਪਿਆਰ ਭਰੇ ਮਾਹੌਲ ਵਿੱਚੋਂ ਆਈ ਹੈ। ਉਸ ਲਈ ਸਭ ਕੁਝ ਨਵਾਂ-ਨਵਾਂ ਤੇ ਓਪਰਾ ਹੈ। ਆਪਣੇ ਆਪ ਨੂੰ ਨਵੇਂ ਵਾਤਾਵਰਣ ਅਨੁਸਾਰ ਬਦਲਣ ਨੂੰ ਥੋੜ੍ਹਾ ਸਮਾਂ ਲੱਗੇਗਾ। ਇਹ ਬਿਲਕੁਲ ਇਸ ਤਰ੍ਹਾਂ ਹੈ ਜਿਵੇਂ ਨਵੇਂ ਪੌਦੇ ਨੂੰ ਪੁੱਟ ਕੇ ਦੂਜੀ ਥਾਂ ਲਾਇਆ ਜਾਵੇ ਤਾਂ ਨਵੀਂ ਮਿੱਟੀ ਨਾਲ ਰਲਣ ਨੂੰ ਸਮਾਂ ਲੱਗਦਾ ਹੈ।



ਨੂੰਹਾਂ ਘਰ ਦੀਆਂ ਨੀਹਾਂ ਹੁੰਦੀਆਂ ਹਨ। ਤੁਸੀਂ ਆਪਣੇ ਘਰ ਦੀਆਂ ਜਿੰਨੀਆਂ ਮਰਜ਼ੀ ਫੜ੍ਹਾਂ ਮਾਰੋ ਕੋਈ ਨਹੀਂ ਮੰਨੇਗਾ ਜੇ ਇਹੀ ਵਡਿਆਈ ਨੂੰਹ ਕਰੇ ਤਾਂ ਸਾਰੇ ਮੰਨਣਗੇ। ਨੂੰਹ ਨੂੰ ਚਾਹੀਦਾ ਹੈ ਕਿ ਉਹ ਆਪਣੇ ਸੱਸ-ਸਹੁਰੇ ਦਾ ਸਤਿਕਾਰ ਕਰੇ ਤੇ ਹਰ ਉਸ ਸ਼ਖਸ ਦਾ ਸਤਿਕਾਰ ਕਰੇ, ਜਿਸ ਦਾ ਉਸ ਦੇ ਸਹੁਰੇ ਪਰਵਾਰ ਨਾਲ ਸੰਬੰਧ ਹੈ। ਨੂੰਹ ਨੂੰ ਆਪਣੇ ਪਿਆਰ ਅਤੇ ਸਮਰਪਣ ਨਾਲ ਸਭ ਦਾ ਮਨ ਜਿੱਤ ਲੈਣਾ ਚਾਹੀਦਾ ਹੈ। ਸਾਨੂੰ ਵੀ ਸਮਝ ਲੈਣਾ ਚਾਹੀਦਾ ਹੈ ਕਿ ਜੇ ਉਹ ਸਭ ਦਾ ਮਨ ਜਿੱਤ ਸਕਦੀ ਹੈ ਤਾਂ ਕੀ ਅਸੀਂ ਸਾਰੇ ਘਰ ਦੇ ਜੀਅ ਉਸ ਇਕੱਲੀ ਦਾ ਮਨ ਨਹੀਂ ਜਿੱਤ ਸਕਦੇ? ਇਥੇ ਹਾਰ ਜਿੱਤ ਦਾ ਮਸਲਾ ਨਹੀਂ ਹੁੰਦਾ, ਤਾਲਮੇਲ ਦੇ ਹੁਨਰ ਦੀ ਲੋੜ ਹੈ। ਜੇ ਸੱਸ ਆਪਣੀ ਨੂੰਹ ਨੂੰ ਧੀ ਦੀ ਤਰ੍ਹਾਂ ਅਤੇ ਨੂੰਹ ਨੂੰ ਆਪਣੀ ਸੱਸ ਵਿੱਚ ਆਪਣੀ ਮਾਂ ਦਾ ਅਕਸ ਦਿਖਾਈ ਦੇਵੇ ਤਾਂ ਕਦੇ ਘਰ ਵਿੱਚ ਵਿਵਾਦ ਨਹੀਂ ਹੋ ਸਕਦਾ।

# ਚਾਚਾ ਚਰਨੂ ਦੀ ਮਸ਼ਕ..

-ਇੰਦਰਜੀਤ ਭਲਿਆਣ

ਇਧਰੋਂ ਗਰਮੀ ਕਹਿਰ ਢਾਹੁਣ ਲੱਗਦੀ ਤੇ ਉਧਰੋਂ ਹਾੜ੍ਹੀ ਸਾਂਭਣ ਦੀ ਹੋੜ ਲੱਗ ਜਾਂਦੀ। ਕਣਕ ਸਮੇਤ ਉਪਰੋਥਲੀ ਕਈ ਫਸਲਾਂ ਪੱਕ ਜਾਂਦੀਆਂ। ਸਮਝ ਲਓ, ਸੂਰਜ ਖੇਤਾਂ ਵਿੱਚ ਚੜ੍ਹਦਾ ਤੇ ਖੇਤਾਂ ਵਿੱਚ ਛਿਪਦਾ। ਕਿਆ ਬੱਚਾ, ਕਿਆ ਬੁੱਢਾ, ਕਿਆ ਆਦਮੀ, ਕਿਆ ਤੀਵੀ, ਪੂਰਾ ਟੱਬਰ ਸਿਰ ਧੜ ਦੀ ਬਾਜ਼ੀ ਲਾ ਦਿੰਦਾ। ਦੇਖਦੇ-ਦੇਖਦੇ ਕਣਕ ਦੀ ਸੁਨਹਿਰੀ ਫਸਲ ਨਾਲ ਲਹਿਲਾਉਂਦੇ ਖੇਤ ਸ਼ਾਮ ਨੂੰ ਬੇੜਾਂ ਵਿੱਚ ਬੰਨ੍ਹੀਆਂ ਭਰੀਆਂ ਵਿੱਚ ਤਬਦੀਲ ਹੋ ਜਾਂਦੇ। ਇਸ ਕੜਕਦੀ ਧੁੱਪ ਵਿੱਚ ਚਰਨੂ ਚਾਚਾ ਹੀ ਠੰਢੀ ਹਵਾ ਦਾ ਬੁੱਲਾ ਬਣ ਕੇ ਬਹੁੜਦਾ ਤੇ ਆਪਣੀ ਮਸ਼ਕ ਦੇ ਪਾਣੀ ਨਾਲ ਵਢਾਵਿਆਂ ਦੇ ਦਿਲ ਠਾਰ ਜਾਂਦਾ।

ਸਾਢੇ ਪੰਜ ਛੇ ਦਹਾਕੇ ਪਹਿਲਾਂ ਪੰਜਾਬ ਵਿੱਚ ਅਜੇ ਹਰੀ ਕ੍ਰਾਂਤੀ ਨੇ ਪੈਰ ਨਹੀਂ ਸੀ ਪਸਾਰੇ। ਛੋਟੇ ਤੇ ਦਰਮਿਆਨੇ ਕਿਸਾਨ ਰਵਾਇਤੀ ਖੇਤੀ ਨਾਲ ਜੁੜੇ ਹੋਏ ਸਨ। ਦੋ ਫਸਲ ਦੀ ਖੇਤੀ ਦਾ ਰਿਵਾਜ ਸੀ। ਘਰੇਲੂ ਲੋੜ ਦੀ ਹਰ ਫਸਲ ਬੀਜੀ ਜਾਂਦੀ। ਕਣਕ, ਮੱਕੀ, ਬਾਸਮਤੀ, ਕਪਾਹ ਦੇ ਨਾਲ ਅਲਸੀ, ਤਿਲ, ਤਾਰਾਮੀਰਾ, ਦਾਲਾਂ, ਛੋਲੇ, ਧਣੀਆਂ, ਸੌਂਫ, ਜਵੈਣ ਤੇ ਹਰੀਆਂ ਸਬਜ਼ੀਆਂ ਦੀ ਕਾਸ਼ਤ ਹਰ ਕਿਸਾਨ ਕਰਦਾ। ਥੈਲਾ ਚੁੱਕ ਕੇ ਬਾਜ਼ਾਰ ਜਾਣ ਦੀ ਲੋੜ ਘੱਟ ਹੀ ਪੈਂਦੀ ਸੀ। ਟਿਊਬਵੈਲ ਅਜੇ ਚਾਲੂ ਨਹੀਂ ਸੀ ਹੋਏ, ਸਿੰਜਾਈ ਖੂਹਾਂ 'ਤੇ ਨਿਰਭਰ ਸੀ, ਭਾਵ ਵਧੇਰੇ ਖੇਤੀ ਵਰਖਾ 'ਤੇ ਨਿਰਭਰ ਸੀ। ਬਰਾਨੇ ਖੇਤ ਵਿੱਚ ਵਧੇਰੇ ਕਰਕੇ ਕਣਕ ਛੋਲਿਆਂ ਦੀ ਸਾਂਝੀ ਫਸਲ (ਬੇਰੜਾ) ਬੀਜੀ ਜਾਂਦੀ। ਤਾਰਾਮੀਰਾ, ਮੂੰਗਫਲੀ ਜਾਂ ਤਿਲ ਆਦਿ ਵੀ ਅਜਿਹੀ ਜ਼ਮੀਨ ਵਿੱਚ ਕਾਸ਼ਤ ਕੀਤੀਆਂ ਜਾਂਦੀਆਂ ਸਨ। ਇਕ ਅੱਧ ਵਾਰ ਪਿਆ ਮੀਂਹ ਪਾਰ ਉਤਾਰਾ ਕਰ ਦਿੰਦਾ ਸੀ।

ਉਦੋਂ ਦੀ ਖੇਤੀ ਵਿੱਚ ਖੂਹ (ਹਲਟ) ਦੀ ਬੜੀ ਅਹਿਮੀਅਤ ਹੁੰਦੀ ਸੀ। ਇਹ ਇਕ ਤਰ੍ਹਾਂ ਸਮਾਜ ਵਿੱਚ ਹੈਸੀਅਤ ਦਾ ਪ੍ਰਤੀਕ ਸੀ। ਸਿੰਜਾਈ ਦਾ ਸਸਤਾ ਸਾਧਨ ਹੋਣ ਕਾਰਨ ਪਿੰਡਾਂ ਵਿੱਚ ਖੂਹ ਦੀ ਪੂਜਾ ਕੀਤੀ ਜਾਂਦੀ। ਸੁਆਣੀਆਂ ਐਤਵਾਰ ਨੂੰ ਮਿੱਠੇ ਚੌਲਾਂ ਦਾ ਮੱਥਾ ਟੇਕਣਾ ਨਾ ਭੁੱਲਦੀਆਂ। ਫਿਰ ਖੂਹਾਂ ਦੀ ਥਾਂ ਮਹਿੰਗੇ ਸਿੰਜਾਈ ਸਾਧਨ ਟਿਊਬਵੈਲ ਨੇ ਲੈ ਲਈ, ਜਿਸ ਨਾਲ ਸਿਰਫ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਹੇਠਾਂ ਗਿਆ ਹੈ, ਸਿੰਜਾਈ ਲਾਗਤਾਂ ਵੀ ਵਧੀਆਂ। ਉਤੋਂ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਅੰਧਾਧੁੰਦ ਵਰਤੋਂ ਨੇ ਕਿਸਾਨ ਨੂੰ ਕਰਜ਼ੇ ਦੀ ਦਲਦਲ ਵਿੱਚ ਫਸਾ ਲਿਆ ਹੈ। ਮਹਿੰਗੇ ਬੀਜ ਤੇ ਲੇਬਰ ਅਤੇ ਮਸ਼ੀਨੀਕਰਨ ਨੇ ਕਿਸਾਨ ਨੂੰ ਅਜਿਹੇ ਚੱਕਰਵਿਊ ਵਿੱਚ ਫਸਾ ਲਿਆ ਕਿ ਨਿਕਲਣਾ ਔਖਾ ਹੋ ਗਿਆ।

ਹਲਟ ਭਾਵੇਂ ਕਿਸਾਨਾਂ ਵਿੱਚ ਬੇਹੱਦ ਹਰਮਨ ਪਿਆਰਾ ਹੁੰਦਾ ਸੀ, ਪਰ ਬੱਚੇ ਇਸ ਤੋਂ ਆਮ ਕਰਕੇ ਨਫਰਤ ਕਰਦੇ ਸਨ। ਐਤਵਾਰ ਦੀ ਛੁੱਟੀ ਹਮੇਸ਼ਾ ਹਲਟ ਖਾ ਜਾਂਦਾ। ਸਾਰਾ ਦਿਨ ਬਲਦ ਹੱਕਦਿਆਂ ਲੰਘ ਜਾਂਦਾ। ਹਾੜ੍ਹੀ ਚੁੱਕਣ ਵੇਲੇ ਇਕ ਹੋਰ ਮੁਸੀਬਤ ਆ ਪੈਂਦੀ। ਕਣਕ ਦੀ ਵਾਢੀ ਜਿਵੇਂ ਹੱਥਾਂ ਨਾਲ ਹੁੰਦੀ, ਉਸੇ ਤਰ੍ਹਾਂ ਕਣਕ ਦੀ ਗਹਾਈ ਫਲ੍ਹਿਆਂ ਨਾਲ ਹੁੰਦੀ ਸੀ। ਫਲ੍ਹਾ ਬਾਂਸ ਦਾ ਬਣਿਆ ਪੌੜੀ ਨੁਮਾ, ਪਰ ਪੌੜੀ ਤੋਂ ਚੌੜਾ, ਛੇ ਕੁ ਫੁੱਟ ਲੰਮਾ ਢਾਂਚਾ ਹੁੰਦਾ ਸੀ। ਇਸ ਉਤੇ ਕਪਾਹ ਦੀਆਂ ਛਟੀਆਂ ਬੰਨ੍ਹ ਕੇ ਇਸ ਨੂੰ ਲੋੜ ਅਨੁਸਾਰ ਭਾਰਾ ਕਰ ਲਿਆ ਜਾਂਦਾ ਤੇ ਕਣਕ ਦੀਆਂ ਖਲੀਆਂ ਦੇ ਵਿਚਾਲੇ ਬਣੇ ਪਿੜ ਵਿੱਚ ਫਲ੍ਹਾ ਕਣਕ ਦੇ ਲਾਣ ਉਪਰ ਬਲਦਾਂ ਦੀ ਮਦਦ ਨਾਲ ਘੁਮਾਇਆ ਜਾਂਦਾ। ਬਲਦ ਹੱਕਣ ਦਾ ਅਕਾਊ ਕੰਮ ਇਥੇ ਵੀ ਮੁੰਡਿਆਂ ਨੂੰ ਮਿਲਦਾ। ਲਾਣ ਦੇ ਡੱਕੇ ਲੱਤਾਂ ਪੈਰਾਂ 'ਤੇ ਜ਼ਖਮ ਕਰ ਦਿੰਦੇ ਪਰ ਅਜਿਹੇ ਚੀਰਿਆਂ ਦੀ ਉਦੋਂ ਕੌਣ ਪ੍ਰਵਾਹ ਕਰਦਾ ਸੀ! ਹਾਂ, ਗਾਹ ਨੂੰ ਥਾਂ ਸਿਰ ਰੱਖਣ ਲਈ ਰੱਸੀ ਖਿੱਚਦਿਆਂ ਗੁੱਟ 'ਤੇ ਨੀਲ ਜ਼ਰੂਰ ਪੈ ਜਾਂਦੇ ਸਨ।

ਗਹਾਈ ਦਾ ਇਹ ਅਮਲ ਤਿੰਨ ਕੁ ਦਿਨ ਚੱਲਦਾ। ਜਦੋਂ ਲਾਣ ਦੀ ਮੁਲਾਇਮ ਤੂੜੀ ਬਣ ਗਈ ਲੱਗਦੀ ਤਾਂ ਹਵਾ ਦਾ ਰੁਖ਼ ਦੇਖ ਕੇ ਪਿੜ ਦੇ ਵਿਚਕਾਰ ਇਸ ਦੀ ਧੜ ਲਾ ਦਿੱਤੀ ਜਾਂਦੀ ਤੇ ਪੱਛੋਂ ਦੀ ਉਡੀਕ ਹੋਣ ਲੱਗਦੀ। ਜਿਉਂ ਹੀ ਪੱਛੋਂ ਜ਼ੋਰ ਫੜਦੀ, ਧੜ ਨਿਖਾਰਨ ਦਾ ਕੰਮ ਸ਼ੁਰੂ ਹੋ ਜਾਂਦਾ। ਤਿੰਨ ਚਾਰ ਕਿਸਾਨ ਤੰਗਲੀਆਂ ਨਾਲ ਹੌਲੀ-ਹੌਲੀ ਪੂਰੀ ਧੜ ਹਵਾ ਵਿੱਚ ਉਲਾਰਦੇ ਅਤੇ ਦਾਣੇ ਤੇ ਤੂੜੀ ਵੱਖੋ-ਵੱਖ ਹੋ ਜਾਂਦੇ। ਕਿਸਾਨ ਦਾਣਿਆਂ ਦਾ ਬੋਹਲ ਲਾ ਕੇ ਮੱਥਾ ਟੇਕਦਾ (ਪੂਜਾ ਕਰਦਾ), ਹਾਜ਼ਰ ਸਾਥੀਆਂ ਤੇ ਬੱਚਿਆਂ ਨੂੰ ਗੁੜ ਵੰਡਦਾ ਤੇ ਕਣਕ ਬੋਰੀਆਂ ਵਿੱਚ ਭਰ ਕੇ ਗੱਡੇ 'ਤੇ ਲੱਦ ਕੇ ਘਰ ਲੈ ਆਉਂਦਾ।

ਵਢਾਵੇ ਫੁਰਤੀ ਨਾਲ ਕਣਕ ਵੱਢੀ ਜਾਂਦੇ ਤੇ ਇੱਧਰ ਉਧਰ ਵੀ ਝਾਕੀ ਜਾਂਦੇ। ਘਰੋਂ ਲਿਆਂਦਾ ਪਾਣੀ ਦੁਪਹਿਰ ਤੱਕ ਮੁੱਕ ਜਾਂਦਾ। ਐਨੇ ਨੂੰ ਗਲ ਵਿੱਚ ਮਸ਼ਕ ਪਾਈ ਚਰਨੂੰ ਚਾਚਾ ਆਉਂਦਾ ਨਜ਼ਰੀਂ ਪੈਂਦਾ ਤਾਂ ਸਾਰਿਆਂ ਦੇ ਚਿਹਰੇ ਖਿੜ ਪੈਂਦੇ। ਉਹ ਵੀ ਪਾਣੀ ਸਭ ਨੂੰ ਪਿਲਾਈ ਜਾਂਦਾ, ਤੇ ਕਿਸਾਨ ਵੀ ਉਸ ਨੂੰ ਵੱਢੀ ਕਣਕ ਦੇ ਥੱਬੇ ਦੇ ਕੇ ਨਿਹਾਲ ਕਰੀ ਜਾਂਦੇ। ਏਦਾਂ ਦਾ ਹੁੰਦਾ ਸੀ ਚਰਨੂੰ ਚਾਚਾ, ਜਿਹੜਾ ਅਜੇ ਤੱਕ ਯਾਦ ਆਉਂਦੈ।

## ਕਹਾਣੀ

# ਨਮਕ ਹਲਾਲ

-ਲਖਵਿੰਦਰ ਸਿੰਘ ਬਾਜਵਾ-

''ਅਰੇ ਤੁਮ ਅਕੇਲੇ ਹੀ ਕਿਉਂ ਆਜ?'' ਮੈਂ ਸਵਾਲ ਕੀਤਾ ਤਾਂ ਉਸ ਨੇ ਖਾਈ ਪੁੱਟਦੇ ਹੋਏ ਨੇ ਸਿਰ ਚੁੱਕ ਕੇ ਮੇਰੇ ਵੱਲ ਵੇਖਿਆ।

ਫਿਰ ਹੌਲੀ ਜਿਹੀ ਬੋਲਿਆ, ''ਬਾਕੀ ਸਬ ਚਲੇ ਗਏ ਹੈਂ ਸਿਰਦਾਰ ਜੀ। ਮੈਂ ਭੀ ਕਲ ਕੋ ਚਲਾ ਜਾਉਂਗਾ। ਆਪ ਕੀ ਤਾਰ ਡਾਲਨੀ ਥੀ ਨਾ।''

''ਤਾਰ..? ਠੇਕੇਦਾਰ ਮਾਨ ਗਿਆ ਕਿਆ?'' ਮੈਂ ਹੈਰਾਨੀ ਨਾਲ ਪੁੱਛਿਆ।

''ਨਹੀਂ, ਵੋ ਤੋ ਨਹੀਂ ਮਾਨਾ, ਮਗਰ ਮੈਂ ਖੁਦ ਹੀ ਖਾਈ ਖੋਦ ਕਰ ਡਾਲੂੰਗਾ।''

ਫਿਰ ਉਹ ਕੁਝ ਰੁਕ ਕੇ ਬੋਲਿਆ, ''ਏਕ ਮਹੀਨਾ ਆਪ ਕਾ ਨਮਕ ਖਾਇਆ ਹੈ ਨਾ।''

ਮੈਂ ਉਹਦੇ ਵੱਲ ਵੇਖਦਾ ਰਹਿ ਗਿਆ। ਇਕ ਮਹੀਨਾ ਪਹਿਲਾਂ ਦੀ ਗੱਲ ਹੈ। ਸਾਡੇ ਇਲਾਕੇ ਵਿਚ ਟੈਲੀਫੋਨ ਦੀ ਜ਼ਮੀਨਦੋਜ਼ ਤਾਰ ਵਿਛਾਈ ਜਾ ਰਹੀ ਸੀ। ਕੁਝ ਪਰਵਾਸੀ ਮਜ਼ਦੂਰ ਕੰਮ 'ਤੇ ਲੱਗੇ ਹੋਏ ਸਨ। ਪੱਕੀ ਸੜਕ ਦੇ ਕਿਨਾਰੇ ਇਕ ਪਾਸੇ ਤਿੰਨ ਫੁੱਟ ਡੂੰਘੀ ਖਾਈ ਪੁੱਟੀ ਜਾ ਰਹੀ ਸੀ। ਇਸ ਤੋਂ ਪਹਿਲਾਂ ਏਥੇ ਕੋਈ ਟੈਲੀਫੋਨ ਕੁਨੈਕਸ਼ਨ ਨਹੀਂ ਸੀ। ਮੋਬਾਈਲ ਵੀ ਅਜੇ ਨਹੀਂ ਆਏ ਸਨ। ਦੋ ਤਿੰਨ ਕਿਲੋਮੀਟਰ ਖਾਈ ਪੁੱਟਣ ਤੋਂ ਬਾਅਦ ਉਸ ਵਿਚ ਮੋਟੀ ਕੇਬਲ ਵਿਛਾ ਕੇ ਖਾਈ ਨੂੰ ਮਿੱਟੀ ਨਾਲ ਪੂਰ ਦਿੱਤਾ ਜਾਂਦਾ ਸੀ।

ਤਿੰਨ ਕੁ ਦਿਨ ਤੋਂ ਇਹ ਮਜ਼ਦੂਰ ਸਾਡੇ ਪਿੰਡ ਦੀ ਹੱਦ ਵਿਚ ਕੰਮ ਕਰ ਰਹੇ ਸਨ। ਸਵੇਰ ਹੁੰਦਿਆਂ ਹੀ ਸਾਰੇ ਪਿੰਡ ਵਿਚ ਘਰ ਘਰ ਰੋਟੀ ਮੰਗਣ ਤੁਰ ਜਾਂਦੇ। ਲੋਕ ਇਕ ਇਕ ਦੋ ਦੋ ਰੋਟੀਆਂ ਦੇ ਦੇਂਦੇ। ਮਜ਼ਦੂਰ ਆਪਣੇ ਟਿਕਾਣੇ ਬੈਠ ਕੇ ਰੋਟੀ ਖਾਂਦੇ ਤੇ ਫੇਰ ਸਾਰਾ ਦਿਨ ਖਾਈ ਪੁੱਟਦੇ ਰਹਿੰਦੇ। ਸ਼ਾਮ ਨੂੰ ਰੋਟੀ ਦੇ ਵਕਤ ਫੇਰ ਪਿੰਡ ਵਿੱਚੋਂ ਰੋਟੀ ਮੰਗਣ ਸਾਡੇ ਘਰ ਵੀ ਆ ਰਹੇ ਸਨ। ਇਹ ਵੇਖ ਕੇ ਮੈਨੂੰ ਬੜਾ ਅਜੀਬ ਲੱਗਾ। ਰੋਟੀ ਤਾਂ ਅਸੀਂ ਦੇ ਦੇਂਦੇ, ਪਰ ਹੈਰਾਨੀ ਇਸ ਗੱਲ ਦੀ ਸੀ ਕਿ ਇਹ ਮਜ਼ਦੂਰੀ ਕਰਦੇ ਹਨ ਤਾਂ ਰੋਟੀ ਮੰਗ ਕੇ ਕਿਉਂ ਖਾਂਦੇ ਹਨ। ਅਸੀਂ ਪਹਿਲਾਂ ਕੋਈ ਮਜ਼ਦੂਰ ਰੋਟੀ ਮੰਗ ਕੇ ਖਾਂਦਾ ਨਹੀ ਵੇਖਿਆ ਸੀ ਜੋ ਸਰਕਾਰੀ ਜਾਂ ਕਿਤੇ ਹੋਰ ਥਾਂ ਮਜ਼ਦੂਰੀ ਕਰਦਾ ਹੋਵੇ। ਅਸੀ ਆਪਣੇ ਕੰਮ ਉੱਤੇ ਲਾਏ ਮਜ਼ਦੂਰਾਂ ਨੂੰ ਰੋਟੀ ਜ਼ਰੂਰ ਦੇਂਦੇ ਸਾਂ। ਮੈਂ ਸੋਚਦਾ ਸਾਂ ਕਿ ਇਹ ਮਜ਼ਦੂਰੀ ਕਰਦੇ ਹਨ ਫਿਰ ਰੋਟੀ ਮੰਗ ਕੇ ਕਿਉਂ ਖਾਂਦੇ ਹਨ। ਇਹੀ ਗੱਲ ਅਜੀਬ ਲੱਗ ਰਹੀ ਸੀ। ਉਂਜ, ਉਹ ਲੋਕ ਸਿਰਫ ਪੱਕੀ ਹੋਈ ਰੋਟੀ ਮੰਗਦੇ ਸਨ, ਆਟਾ ਦਾਲ ਵਗੈਰ ਜਾਂ ਪੈਸੇ ਨਹੀਂ। ਸਾਡੀ ਪ੍ਰੰਪਰਾ ਵੀ ਹੈ ਕਿ ਘਰ ਆਏ ਨੂੰ ਪੱਕਾ ਭੋਜਨ ਦੇਣਾ ਧਰਮ ਸਮਝਿਆ ਜਾਂਦਾ ਹੈ। ਲੰਗਰ ਦੀ ਪ੍ਰੰਪਰਾ ਦਾ ਵੀ ਇਹੀ ਮਕਸਦ ਹੈ ਕਿ ਕੋਈ ਲੋੜਵੰਦ ਭੁੱਖਾ ਨਾ ਰਹੇ। ਫਿਰ ਵੀ ਮੈਂ ਸੋਚ ਰਿਹਾ ਸੀ ਕਿ ਇਹ ਲੋਕ ਮਿਹਨਤ ਮਜ਼ਦੂਰੀ ਕਰਦੇ ਹਨ ਤਾਂ ਆਪ ਪੱਕਾ ਕੇ ਕਿਉਂ ਨਹੀ ਖਾਂਦੇ? ਚਲੋ ਕਿਸੇ ਕਾਰਨ ਨਾ ਪਕਾ ਸਕੇ ਤਾਂ ਅਲਗ ਗੱਲ ਹੈ, ਪਰ ਤਾਂ ਰੋਜ਼ ਹੀ..।

ਅਗਲੇ ਦਿਨ ਉਹ ਫੇਰ ਆਏ। ਆ ਕੇ ਝਕਦਿਆਂ ਝਕਦਿਆਂ ਪੁੱਛਿਆ, ''ਰੋਟੀ ਚਾਹੀਏ ਸਿਰਦਾਰ ਜੀ।''

ਰੋਟੀ ਪੱਕਣ ਵਿਚ ਅਜੇ ਕੁਝ ਦੇਰ ਸੀ। ਮੈਂ ਉਨ੍ਹਾਂ ਨੂੰ ਦਸ ਮਿੰਟ ਰੁਕਣ ਲਈ ਕਿਹਾ। ਉਹ ਇੱਕ ਕੰਧ ਨਾਲ ਲੱਗ ਕੇ ਭੁੰਜੇ ਬੈਠ ਗਏ। ਮੈਂ ਉਨ੍ਹਾਂ ਦੇ ਮੂੰਹ ਵੱਲ ਵੇਖਿਆ। ਡਰੇ ਜਿਹੇ ਚਿਹਰੇ, ਮਾਸੂਮ ਜਿਹੇ ਜਿਨ੍ਹਾਂ ਵਿਚੋਂ ਮਜ਼ਬੂਰੀ ਦੀ ਝਲਕ ਪੈ ਰਹੀ ਸੀ। ਮੂੰਹ ਉੱਤੇ ਆਤਮ-ਗਿਲਾਨੀ ਦੇ ਭਾਵ ਸਾਫ ਵੇਖੇ ਜਾ ਸਕਦੇ ਸਨ। ਮੰਗਤਿਆ ਦੇ ਮੂੰਹ 'ਤੇ ਆਤਮ-ਗਿਲਾਨੀ ਦੇ ਭਾਵ ਨਹੀਂ ਹੁੰਦੇ, ਉਹ ਨਿਝੱਕ ਮੰਗਦੇ ਹਨ। ਇਹ ਜਿਸ ਤਰ੍ਹਾਂ ਕਿਸੇ ਮਜਬੂਰੀ ਵੱਸ ਰੋਟੀ ਮੰਗਣ ਆਉਂਦੇ ਸਨ। ਕੀ ਪਤਾ ਅੱਗੋਂ ਕਈ ਘਰਾਂ ਤੋਂ ਝਿੜਕਾਂ ਵੀ ਪੈ ਜਾਂਦੀਆਂ ਹੋਣਗੀਆਂ, ਲੋਕਾਂ ਲਈ ਤਾਂ ਇਹ ਮੰਗਤੇ ਹੀ ਸਨ।

ਮੈ ਹੌਲੀ ਜਿਹੀ ਉਨ੍ਹਾਂ ਨੂੰ ਪੁੱਛਿਆ, ''ਆਪ ਕਾਮ ਕਰਤੇ ਹੋ ਤੋ ਫਿਰ ਮਾਂਗ ਕਰ ਕਿਉਂ ਖਾਤੇ ਹੋ?''

ਇਹ ਸੁਣ ਕੇ ਉਨ੍ਹਾਂ ਦੇ ਚਿਹਰੇ ਉੱਤੇ ਸ਼ਰਮਿੰਦਗੀ ਭਰੀ ਪਿਲੱਤਣ ਫਿਰ ਗਈ। ਫਿਰ ਧੀਮੀ ਆਵਾਜ਼ ਵਿੱਚ ਬੋਲੇ, 'ਕਿਆ ਕਰੇਂ ਸਿਰਦਾਰ ਜੀ, ਬਹੁਤ ਗਰੀਬ ਹੈਂ। ਮਜ਼ਦੂਰੀ ਬਹੁਤ ਕਮ ਮਿਲਤੀ ਹੈ। ਅਗਰ ਮਜ਼ਦੂਰੀ ਕੇ ਪੈਸੋਂ ਸੇ ਰੋਟੀ ਖਾਏਂ ਤੋ ਘਰ ਕਿਆ ਲੇਕਰ ਜਾਏਂਗੇ। ਬੀਵੀ ਬੱਚੇ ਹਮਾਰਾ ਇੰਤਜ਼ਾਰ ਕਰ ਰਹੇ ਹੈਂ।'

''ਕਹਾਂ ਕੇ ਰਹਿਨੇ ਵਾਲੇ ਹੋ?'' ਮੈਂ ਅਗਲਾ ਸਵਾਲ ਕੀਤਾ।

''ਪੁਣਛ ਰਾਜੌਰੀ ਕੇ।''

''ਯੇ ਕਹਾਂ ਹੈਂ?''

ਮੈਨੂੰ ਹੋਰ ਜਾਣਕਾਰੀ ਦਾ ਲੋੜ ਸੀ। ਕਾਰਗਿਲ ਯੁੱਧ ਨੇ ਇਹ ਇਲਾਕਾ ਪਿੱਛੋਂ ਭਾਵੇਂ ਕਾਫੀ ਮਸ਼ਹੂਰ ਕਰ ਦਿੱਤਾ ਸੀ, ਪਰ ਉਦੋਂ ਮੈਂ ਘੱਟ ਜਾਣਦਾ ਸਾਂ। ਹਾਂ, ਇਤਿਹਾਸ ਵਿਚ ਬਾਬਾ ਬੰਦਾ ਬਹਾਦਰ ਦਾ ਜ਼ਿਕਰ ਪੜ੍ਹਿਆ ਸੀ ਕਿ ਉਹ ਕਸ਼ਮੀਰ ਦੇ ਪੁਣਛ ਰਾਜੌਰੀ ਦਾ ਰਾਜਪੂਤ ਸੀ। ਇਹ ਵੀ ਸੋਚ ਆਈ ਕਿ ਉਸ ਬਹਾਦਰ ਸੂਰਮੇ ਦੇ ਇਲਾਕੇ ਦੇ ਲੋਕ ਮੰਗਤੇ?

''ਕਸ਼ਮੀਰ ਮੇਂ,'' ਉਸ ਨੇ ਆਖਿਆ।

''ਕਸ਼ਮੀਰ ਮੇਂ ਕਹਾਂ?''

''ਪਾਕਿਸਤਾਨ ਕੇ ਕਬਜ਼ੇ ਵਾਲੇ ਕਸ਼ਮੀਰ ਕੀ ਸੀਮਾ ਕੇ ਬਿਲਕੁਲ ਪਾਸ।''

ਸੁਣਿਆ ਸੀ ਕਿ ਉਥੋਂ ਦੇ ਲੋਕ ਅਤਿਵਾਦੀ ਹਨ ਜਾਂ ਉਨ੍ਹਾਂ ਦਾ ਸਾਥ ਦਿੰਦੇ ਹਨ। ਮਨ ਵਿਚ ਨਫਰਤ ਜਿਹੀ ਜਾਗੀ। ਪਰ ਫਿਰ ਵੀ ਪੁੱਛਿਆਂ, ''ਵਹਾਂ ਕਾ ਜਨ ਜੀਵਨ ਕੈਸਾ ਹੈ?''

''ਬਹੁਤ ਕਠਿਨ ਹੈ ਸਿਰਦਾਰ ਜੀ, ਪਹਾੜੀ ਇਲਾਕਾ ਹੈ। ਕੋਈ ਸਹੂਲੀਅਤ ਨਹੀਂ। ਬਾਰਹ ਮੀਲ ਪੈਦਲ ਚਲ ਕਰ ਬੱਸ ਪਕੜਤੇ ਹੈਂ। ਪੀ ਸੀ ਓ ਚਾਲੀਸ ਮੀਲ ਦੂਰ ਕਸਬੇ ਮੇਂ ਹੈ। ਹਮਾਰੀ ਪਤਨੀ ਵਹਾਂ ਪੈਦਲ ਜਾਤੀ ਔਰ ਹਮਾਰੇ ਫੋਨ ਕਾ ਇੰਤਜ਼ਾਰ ਕਰਤੀ ਹੈ। ਹਮ ਨੇ ਬਤਾ ਰਖਾ ਹੈ ਕਿ ਹਮ ਇਤਵਾਰ ਕੋ ਫੋਨ ਕਰੇਗੇ। ਹਮ ਨੇ ਭੀ ਪੀ ਸੀ ਓ ਪਰ ਜਾਕਰ ਹੀ ਕਰਨਾ ਹੋਤਾ ਹੈ। ਪੱਕਾ ਨੰਬਰ ਤੋ ਹਮ ਭੀ ਨਹੀ ਦੇ ਸਕਤੇ। ਕਭੀ ਕਹਾਂ ਕਭੀ ਕਹਾਂ।''

ਉਹ ਇਕੋ ਸਾਹੇ ਆਪਣੀ ਜਾਣਕਾਰੀ ਸੁਣਾ ਗਿਆ ਜੋ ਉਸ ਦੀ ਗਰੀਬੀ ਦੀ ਦਾਸਤਾਨ ਵੀ ਸੀ। ਸਾਡੇ ਵੀ ਸਭ ਤੋਂ ਨਜ਼ਦੀਕ ਦਾ ਪੀ ਸੀ ਓ ਰਾਣੀਆਂ ਸੀ ਜੋ ਬਾਰਾਂ ਕਿਲੋਮੀਟਰ ਸੀ। ਉਹ ਵੀ ਓਥੇ ਜਾ ਕੇ ਫੋਨ ਕਰਦੇ ਸਨ।

''ਹਮ ਇਤਵਾਰ ਕੋ ਰਾਣੀਆ ਜਾ ਕਰ ਫੋਨ ਕਰਤੇ ਹੈਂ। ਵੋ ਬੇਚਾਰੀ ਕਿਤਨੀ ਦੇਰ ਇੰਤਜ਼ਾਰ ਕਰਤੀ ਹੈ। ਤਬ ਕਭੀ ਬਾਤ ਹੋ ਪਾਤੀ ਹੈ।'' ਉਸ ਨੇ ਉਦਾਸ ਸੁਰ ਵਿਚ ਕਿਹਾ।

''ਕਿਆ ਫਸਲ ਹੋਤੀ ਹੈ ਵਹਾਂ?''

''ਪਹਾੜੀ ਢਾਲਾਨੋ, ਪਰ ਦਸ ਬੀਸ ਮਰਲੇ ਕੀ ਕਿਆਰੀਓ ਮੇ ਮੱਕਾ ਬੋਤੇ ਹੈਂ। ਉਸ ਸੇ ਪਰਿਵਾਰ ਕਾ ਪੇਟ ਕਹਾਂ ਭਰਤਾ ਹੈ! ਬਹੁਤ ਗਰੀਬੀ ਹੈ ਵਹਾਂ।''

''ਤੁਮਹਾਰਾ ਨਾਮ?''

''ਜੀ ਸਾਕਿਬ।''

ਮੈਨੂੰ ਉਸ ਦੀ ਕਹਾਣੀ ਸੁਣ ਕੇ ਤਰਸ ਵੀ ਆਇਆ ਤੇ ਅਫਸੋਸ ਵੀ ਹੋਇਆ ਕਿ ਇਹ ਵੀ ਏਸੇ ਦੇਸ਼ ਦੇ ਬਾਸ਼ਿੰਦੇ ਹਨ, ਉਹ ਵੀ ਉਸ ਥਾਂ ਦੇ ਜਿਸ ਨੂੰ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ। ਕੀ ਇਹ ਉਸ ਸਵਰਗ ਵਿਚ ਨਰਕਾਂ ਵਰਗੀ ਜ਼ਿੰਦਗੀ ਭੋਗ ਰਹੇ ਹਨ?''

ਮੈਂ ਸੋਚ ਰਿਹਾ ਸਾਂ ਕਿ ਉਸ ਨੇ ਕਿਹਾ, 'ਸਿਰਦਾਰ ਜੀ, ਖਾਨਾ ਦੋ, ਹਮ ਲੇਟ ਹੋ ਰਹੇ ਹੈਂ।'

ਮੈਂ ਕਿਹਾ, 'ਸਾਕਿਬ, ਤੁਮ ਐਸੇ ਕਰੋ ਜਿਤਨੇ ਦਿਨ ਯਹਾਂ ਕਾਮ ਕਰਤੇ ਹੋ, ਔਰ ਕਹੀਂ ਮਤ ਜਾਨਾ, ਹਮਾਰੇ ਯਹਾਂ ਆਕਰ ਖਾਨਾ ਖਾ ਜਾਇਆ ਕਰੋ।'

''ਠੀਕ ਹੈ ਸਿਰਦਾਰ ਜੀ।''

ਏਨੇ ਚਿਰ ਨੂੰ ਰੋਟੀ ਆ ਗਈ। ਉਹ ਰੋਟੀ ਖਾਣ ਲੱਗੇ। ਪਹਿਲਾਂ ਉਹ ਇਕ-ਇਕ ਦੋ-ਦੋ ਰੋਟੀਆ ਘਰ ਘਰ ਜਾ ਕੇ ਮੰਗਦੇ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਦੋਵੇਂ ਜਣੇ ਏਥੇ ਬੈਠ ਕੇ ਭਰ ਪੇਟ ਖਾਣਾ ਖਾ ਜਾਇਆ ਕਰੋ। ਹੋਰ ਕਿਤੇ ਰੋਟੀ ਮੰਗਣ ਨਾ ਜਾਇਓ। ਉਸ ਨੇ ਹਾਂ ਵਿਚ ਸਿਰ ਹਿਲਾਇਆ, ਰੋਟੀ ਖਾਧੀ ਤੇ ਚੁੱਪਚਾਪ ਉੱਠ ਕੇ ਚਲੇ ਗਏ।

ਫਿਰ ਉਹ ਸਵੇਰੇ ਸ਼ਾਮ ਵਕਤ ਸਿਰ ਆ ਜਾਂਦੇ। ਚੁੱਪਚਾਪ ਆ ਕੇ ਕੰਧ ਨਾਲ ਲੱਗ ਕੇ ਬੈਠ ਜਾਂਦੇ। ਜਿਸ ਤਰ੍ਹਾਂ ਸਾਡੇ ਖੇਤ ਵਿਚ ਮਜ਼ਦੂਰੀ ਕਰ ਰਹੇ ਹੋਣ, ਇਸ ਤਰ੍ਹਾਂ ਉਹ ਮਹੀਨਾ ਭਰ ਰੋਟੀ ਖਾਂਦੇ ਰਹੇ। ਜਦੋਂ ਸਾਡੇ ਪਿੰਡ ਤਾਰ ਵਿਛਾਈ ਜਾ ਰਹੀ ਸੀ ਤਾਂ ਇਕ ਦਿਨ ਮੈਂ ਠੇਕੇਦਾਰ ਨੂੰ ਕਿਹਾ, ''ਸਾਡੇ ਘਰ ਤਕ ਵੀ ਤਾਰ ਵਿਛਾਉਗੇ?''

ਉਸ ਨੇ ਕਿਹਾ, ''ਨਹੀਂ, ਤੁਹਾਡਾ ਘਰ ਪੱਕੀ ਸੜਕ ਤੋਂ ਤਿੰਨ ਸੌ ਗਜ਼ ਦੂਰ ਹੈ। ਅਸੀਂ ਸਿਰਫ ਸੜਕ ਤੇ ਗਲੀਆਂ ਵਿੱਚ ਹੀ ਤਾਰ ਵਿਛਾਵਾਂਗੇ। ਘਰਾਂ ਵਿਚ ਉੱਪਰ ਖੰਭਿਆਂ ਰਾਹੀਂ ਹੀ ਕੇਬਲ ਜਾਏਗੀ। ਸਾਰੇ ਪਿੰਡ ਵਿੱਚ ਕੁਨੈਕਸ਼ਨ ਇਉਂ ਹੀ ਕੀਤੇ ਜਾਣਗੇ। ਤੁਸੀਂ ਢਾਣੀ ਵਿੱਚ ਰਹਿੰਦੇ ਹੋ ਇੰਨੀ ਦੂਰ ਸਾਨੂੰ ਇਜਾਜ਼ਤ ਨਹੀਂ ਹੈ।''

ਅਸੀਂ ਸੋਚ ਰਹੇ ਸਾਂ ਕਿ ਕਿੰਨਾ ਚੰਗਾ ਹੁੰਦਾ ਜੇ ਇਹ ਕੇਬਲ ਸਾਡੇ ਘਰਾਂ ਤਕ ਅੰਡਰਗਰਾਊਂਡ ਹੀ ਆ ਜਾਂਦੀ। ਉਪਰ ਤਾਂ ਖਰਾਬ ਹੋਣ ਦਾ ਜ਼ਿਆਦਾ ਝੰਜਟ ਰਹੇਗਾ। ਜਦੋਂ ਇਹ ਗੱਲ ਹੋ ਰਹੀ ਸੀ ਤਾਂ ਸਾਕਿਬ ਵੀ ਕੋਲ ਹੀ ਸੀ।

ਮੈਂ ਠੇਕੇਦਾਰ ਨੂੰ ਕਿਹਾ, ''ਥੋੜ੍ਹੀ ਜਿਹੀ ਹੈ ਤੁਸੀਂ ਪਾ ਦਿਓ।'' ਉਹ ਨਾ ਮੰਨਿਆ ਤਾਂ ਮੈਂ ਵੀ ਖਿਆਲ ਛੱਡ ਦਿੱਤਾ।

ਸਾਡੇ ਪਿੰਡ ਕੇਬਲ ਵਿਛਾ ਦਿੱਤੀ ਗਈ। ਮਜ਼ਦੂਰ ਅਗਲੇ ਪਿੰਡ ਚਲੇ ਗਏ। ਫੇਰ ਉਥੋਂ ਹੋਰ ਅੱਗੇ, ਹਰਿਆਣੇ ਦੀ ਹੱਦ ਤਕ। ਤਕਰੀਬਨ ਦਸ ਬਾਰਾਂ ਕਿਲੋਮੀਟਰ ਤਕ ਚਾਰ ਪੰਜ ਪਿੰਡਾਂ ਵਿਚ। ਫਿਰ ਉਹ ਦੋਵੇਂ ਸਾਕਿਬ ਤੇ ਉਸ ਦੇ ਸਾਥੀ ਸਵੇਰੇ ਸ਼ਾਮ ਰੋਟੀ ਖਾਣ ਘਰ ਹੀ ਆਉਂਦੇ ਰਹੇ। ਉਹ ਨੇਮ ਨਾਲ ਵੇਲੇ ਸਿਰ ਆ ਜਾਂਦੇ। ਹੋਰ ਕਿਤੋਂ ਰੋਟੀ ਨਾ ਮੰਗਦੇ। ਉਹ ਦੋਵੇਂ ਹੀ ਆਉਂਦੈ, ਹੋਰ ਰੋਟੀ ਮੰਗਣ ਵੀ ਕੋਈ ਨਾ ਆਉਂਦਾ। ਸ਼ਾਇਦ ਉਨ੍ਹਾਂ ਨੇ ਰੋਕ ਦਿੱਤਾ ਹੋਵੇ।

ਬਾਕੀ ਮਜ਼ਦੂਰ ਉਸੇ ਤਰ੍ਹਾਂ ਹੋਰ ਘਰਾਂ ਜਾਂ ਪਿੰਡਾਂ ਵਿੱਚੋਂ ਰੋਟੀ ਮੰਗ ਕੇ ਖਾਂਦੇ ਰਹੇ ਸਨ। ਉਹ ਦੋਵੇਂ ਕੰਮ ਤੋਂ ਸ਼ਾਮ ਤੋਂ ਸਾਡੇ ਪਿੰਡ ਆ ਜਾਂਦੇ। ਰਾਤ ਏਥੇ ਹੀ ਬੱਸ ਅੱਡੇ 'ਤੇ ਸੌਂ ਰਹਿੰਦੇ। ਸਵੇਰੇ ਰੋਟੀ ਖਾ ਕੇ ਪੈਦਲ ਹੀ ਕੰਮ 'ਤੇ ਚਲੇ ਜਾਂਦੇ। ਭਰ ਗਰਮੀ ਦਾ ਮੌਸਮ ਸੀ। ਉਨ੍ਹਾਂ ਦੇ ਦੂਜੇ ਸਾਥੀ ਵੀ ਇਸੇ ਤਰ੍ਹਾਂ ਕਿਤੇ ਨਾ ਕਿਤੇ ਰੈਣ ਬਸੇਰਾ ਕਰ ਲੈਂਦੇ ਹੋਣਗੇ।

ਜਦੋਂ ਉਹ ਸਾਡੇ ਘਰ ਰੋਟੀ ਖਾ ਰਹੇ ਹੁੰਦੇ ਤਾਂ ਕੋਈ ਨਾ ਕੋਈ ਪਿੰਡ ਦਾ ਬੰਦਾ ਜਾਂ ਰਿਸ਼ਤੇਦਾਰ ਵੀ ਆਇਆ ਹੁੰਦਾ। ਉਹ ਇਨ੍ਹਾਂ ਨੂੰ ਵੇਖ ਕੇ ਭਾਂਤ-ਭਾਂਤ ਦੀਆਂ ਗੱਲਾਂ ਕਰਦੇ। ਸਾਨੂੰ ਉਨ੍ਹਾਂ ਤੋਂ ਸਾਵਧਾਨ ਕਰਦੇ ਆਖਦੇ, ''ਇਨ੍ਹਾਂ ਨੂੰ ਘਰ ਨਾ ਵੜਨ ਦਿਆ ਕਰੋ। ਇਹ ਬਹੁਤ ਬਦਮਾਸ਼ ਲੋਕ ਨੇ। ਤੁਹਾਨੂੰ ਰੋਟੀ ਖਵਾਈ ਮਹਿੰਗੀ ਪੈ ਸਕਦੀ ਹੈ। ਨਮਕ ਹਰਾਮ ਲੋਕ ਨੇ ਇਹ। ਕਸ਼ਮੀਰ ਵਿਚ ਅਤਿਵਾਦ ਇਨ੍ਹਾਂ ਦਾ ਕੀ ਵਿਗਾੜ ਲਓਗੇ।''

ਮੈਂ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਹੱਸ ਦੇਂਦਾ, ''ਛੱਡੋ ਯਾਰ, ਇਹ ਗਰੀਬੀ ਮਾਰੇ ਮਾਸੂਮ ਚਿਹਰੇ ਚੋਰ ਜਾਂ ਅਤਿਵਾਦੀ ਹੋ ਸਕਦੇ ਹਨ? ਬਿਲਕੁਲ ਨਹੀਂ। ਮੈਨੂੰ ਇਹ ਰੱਬ ਦੇ ਬੰਦੇ ਲੱਗਦੇ ਹਨ। ਵੇਖੋ ਇਨ੍ਹਾਂ ਦੇ ਚਿਹਰਿਆਂ ਉੱਤੇ ਕੋਈ ਬਦਮਾਸ਼ਾਂ ਵਾਲਾ ਲੱਛਣ ਦਿਸਦਾ ਹੈ?''

ਉਹ ਕਹਿੰਦੇ, ''ਤੁਹਾਡੇ ਭਲੇ ਲਈ ਹੀ ਕਹਿੰਦੇ ਹਾਂ। ਨਾ ਜਾਣੀਏਂ.. ਇਸ ਕੌਮ ਦਾ ਕੀ ਭਰੋਸਾ?''

''ਓ ਭਾਈ,ਜੇ ਇਹ ਡਾਕੂ ਬਦਮਾਸ਼ ਹੁੰਦੇ ਤਾਂ ਏਥੇ ਪ੍ਰਦੇਸ ਵਿਚ ਕਹਿਰਾਂ ਦੀ ਗਰਮੀ ਵਿਚ ਥੋੜ੍ਹੀ ਮਜ਼ਦੂਰੀ ਲਈ ਨਾ ਭੁੱਜਦੇ ਫਿਰਦੇ। ਡਾਕੇ ਮਾਰਨ ਨੂੰ ਓਧਰ ਦੁਨੀਆਂ ਨਹੀਂ ਵੱਸਦੀ?'' ਇਹ ਆਖ ਕੇ ਮੈਂ ਉਨ੍ਹਾਂ ਨੂੰ ਹੱਸ ਕੇ ਟਾਲ ਦਿੰਦਾ।

ਭਰ ਹਾੜ ਦੀ ਦੁਪਹਿਰ ਵੇਲੇ ਜਦੋਂ ਮੈਂ ਉਨ੍ਹਾਂ ਨੂੰ ਖਾਈ ਪੁੱਟਦਿਆਂ ਵੇਖਦਾ ਤਾਂ ਮੈਨੂੰ ਤਰਸ ਆਉਂਦਾ। ਅਸੀਂ ਜਿਸ ਧੁੱਪ ਵਿਚ ਇਕ ਪਲ ਵੀ ਬਾਹਰ ਨਿਕਲਣਾ ਨਹੀਂ ਚਾਹੁੰਦੇ, ਉਹ ਉਸ ਤਪਦੀ ਦੁਪਹਿਰ ਵਿਚ ਵੀ ਬਿਨ੍ਹਾਂ ਦੋ ਪਲ ਆਰਾਮ ਕੀਤਿਆਂ ਪਸੀਨੇ ਨਾਲ ਨੁੱਚੜਦੇ ਹੋਏ ਕੰਮ ਕਰਦੇ ਰਹਿੰਦੇ ਸਨ। ਉਨ੍ਹਾਂ ਨੂੰ ਪੈਸੇ ਦਿਹਾੜੀ ਦੇ ਹਿਸਾਬ ਨਾਲ ਨਹੀਂ, ਖਾਈ ਦੀ ਮਿਣਤੀ ਦੇ ਹਿਸਾਬ ਨਾਲ ਮਿਲਦੇ ਸਨ। ਇਸ ਲਈ ਸਾਰਾ ਦਿਨ ਬਿਨ੍ਹਾਂ ਰੁਕੇ ਕੰਮ ਕਰਦੇ ਤਾਂ ਜੋ ਵੱਧ ਪੈਸੇ ਕਮਾ ਸਕਣ।

ਕਈ ਦਿਨ ਰੋਟੀ ਖਾਂਦਿਆਂ ਨੂੰ ਹੋ ਗਏ ਸਨ। ਕਦੇ ਉਨ੍ਹਾਂ ਨੇ ਐਸੀ ਵੈਸੀ ਹਰਕਤ ਵੀ ਨਹੀਂ ਸੀ ਕੀਤੀ ਸਗੋਂ ਉਹ ਤਾਂ ਨਜ਼ਰ ਉਠਾ ਕੇ ਚਲੇ ਜਾਂਦੇ। ਉਨ੍ਹਾਂ ਨੂੰ ਇਕ ਮਹੀਨਾ ਹੋ ਗਿਆ ਸੀ। ਇਕ ਸ਼ਾਮ ਰੋਟੀ ਖਾ ਕੇ ਸਾਕਿਬ ਬੋਲਿਆ, ''ਸਵੇਰੇ ਸਭ ਚਲੇ ਜਾਏਂਗੇ ਸਿਰਦਾਰ ਜੀ। ਬੱਸ ਕਾਮ ਖਤਮ ਹੋ ਗਿਆ ਹੈ। ਅਬ ਵਤਨ ਵਾਪਿਸ ਜਾਏਂਗੇ।''

''ਸੁਬ੍ਹਾ ਖਾਣਾ ਖਾਉਗੇ?'' ਮੈਂ ਪੁੱਛਿਆਂ ਤਾਂ ਉਸ ਨੇ ਹਾਂ ਵਿਚ ਸਿਰ ਹਿਲਾ ਦਿੱਤਾ। ਰੋਟੀ ਖਾ ਕੇ ਉਹ ਚਲੇ ਗਏ।

ਸਵੇਰੇ ਦੋਵੇਂ ਆਏ, ਰੋਟੀ ਖਾਧੀ ਤੇ ਚੁੱਪਚਾਪ ਉੱਠ ਕੇ ਚਲੇ ਗਏ। ਮੈਂ ਵੀ ਸੋਚਿਆ ਕਿ ਉਹ ਬੱਸ ਚੜ੍ਹ ਕੇ ਸਰਸੇ ਚਲੇ ਜਾਣਗੇ, ਜਿਥੇ ਉਹ ਕਹਿੰਦਾ ਸੀ ਕਿ ਸਾਰਿਆਂ ਨੇ ਇਕੱਠੇ ਹੋ ਕੇ ਰੇਲ ਫੜਨੀ ਹੈ।

ਗਰਮੀ ਬਹੁਤ ਸੀ। ਮੈਂ ਵੀ ਰੋਟੀ ਖਾ ਕੇ ਅੰਦਰ ਲੰਮਾ ਪੈ ਗਿਆ। ਘਰ ਦੇ ਹੋਰ ਜੀਅ ਵੀ ਸੜਕ ਵੱਲ ਨਹੀਂ ਗਏ। ਕੁਦਰਤੀ ਮੈਂ ਦੁਪਹਿਰੇ ਬਾਹਰ ਨਿਕਲਿਆ ਤਾਂ ਅੱਗੋਂ ਤੱਤੀ ਲੂਅ ਨੇ ਮੇਰਾ ਸਵਾਗਤ ਕੀਤਾ। ਮੈਂ ਪਿੰਡ ਦੀ ਦੁਕਾਨ ਤੋਂ ਕੋਈ ਜ਼ਰੂਰੀ ਸੌਦਾ ਲੈਣ ਜਾਣਾ ਸੀ। ਬਾਹਰ ਕਾਂ ਅੱਖ ਨਿਕਲ ਰਹੀ ਸੀ। ਪਹਿਲਾਂ ਜੀਅ ਕੀਤਾ ਕਿ ਘਰ ਪਰਤ ਕੇ ਅੰਦਰ ਹੀ ਪੱਖੇ ਥੱਲੇ ਬਹਿ ਜਾਵਾਂ, ਪਰ ਫੇਰ ਮਨ ਕਰੜਾ ਕਰ ਕੇ ਤੁਰ ਪਿਆ। ਘਰ ਤੋਂ ਬਾਹਰ ਸੜਕ ਵੱਲ ਗਿਆ ਤਾਂ ਵੇਖਿਆ ਕਿ ਕੋਈ ਆਦਮੀ ਸਿਖਰ ਦੁਪਹਿਰੇ ਸਾਡੇ ਘਰ ਵੱਲ ਖਾਈ ਪੁੱਟ ਰਿਹਾ ਹੈ। ਇਕੱਲਾ ਹੀ ਬਿਨ੍ਹਾਂ ਕਿਸੇ ਸਾਥੀ ਦੇ।

ਮੈਂ ਨੇੜੇ ਜਾ ਕੇ ਦੇਖਿਆ ਤਾਂ ਹੈਰਾਨ ਰਹਿ ਗਿਆ। ਇਹ ਸਾਕਿਬ ਸੀ। ਲੂੰਹਦੀ ਗਰਮੀ ਵਿਚ ਪਸੀਨੇ ਨਾਲ ਤਰ-ਬ-ਤਰ ਆਪਣੀ ਧੁਨ ਵਿਚ ਖਾਈ ਪੁੱਟੀ ਜਾ ਰਿਹਾ ਸੀ। ਮੈਂ ਸੋਚਿਆ ਸੀ ਕਿ ਉਹ ਚਲਿਆ ਗਿਆ ਹੋਵ-ੇਗਾ, ਪਰ ਵੇਖਿਆ ਕਿ ਅੱਜ ਉਸ ਦੇ ਹੱਥ ਪਹਿਲਾਂ ਨਾਲੋਂ ਤੇਜ਼ ਚੱਲ ਰਹੇ ਸਨ।

''ਅਰੇ ਸਾਕਿਬ ਤੁਮ? ਠੇਕੇਦਾਰ ਮਾਨ ਗਿਆ ਕਿਆ?''

ਮੈਂ ਲਗਾਤਾਰ ਦੋ ਸਵਾਲ ਦਾਗ ਦਿੱਤੇ।

''ਨਹੀਂ ਸਿਰਦਾਰ ਜੀ,'' ਥੋੜ੍ਹਾ ਰੁਕ ਕੇ ਕਿਹਾ ਤੇ ਫੇਰ ਮੇਰੇ ਅਗਲੇ ਸਵਾਲ ਦੀ ਉਡੀਕ ਕਰਨ ਤੋਂ ਪਹਿਲਾਂ ਹੀ ਕੰਮ ਵਿਚ ਰੁੱਝ ਗਿਆ।

''ਫਿਰ ਆਪ ਕਿਉਂ ਖੋਦ ਰਹੇ ਹੋ?''

''ਆਪ ਕੇ ਘਰ ਤਕ ਤਾਰ ਬਿਛਾ ਕਰ ਜਾਏ-ਗੇ।''

''ਹਮਾਰੇ ਘਰ ਤਕ?''

''ਤਾਰ ਕਹਾਂ ਸੇ ਆਏਗੀ?'' ਮੈਂ ਅਚੰਭੇ ਨਾਲ ਪੁੱਛਿਆ ਕਿਉਂਕਿ ਠੇਕੇਦਾਰ ਨੇ ਮੈਨੂੰ ਸਾਫ ਮਨ੍ਹਾਂ ਕਰ ਦਿੱਤਾ ਸੀ।

''ਮੈਨੇ ਏਕ ਟੁਕੜਾ ਕਾਟ ਕਰ ਰੱਖ ਲੀਆ ਥਾ, ਜਿਤਨਾ ਆਪ ਕੇ ਘਰ ਤਕ ਡਾਲਨਾ ਹੈ। ਠੇਕੇਦਾਰ ਸੇ ਚੋਰੀ।''

''ਠੇਕੇਦਾਰ ਆਜ ਕੀ ਮਜ਼ਦੂਰੀ ਦੇਗਾ?''

''ਨਹੀਂ।''

''ਤੋ ਤੁਮ ਨੇ ਯੇ ਕਿਉਂ ਕੀਆ? ਠੇਕੇਦਾਰ ਖਫਾ ਹੋਗਾ ਤੁਮ ਪਰ।''

''ਕਿਉਂ ਖਫਾ ਹੋਗਾ, ਤਾਰ ਕੋਈ ਠੇਕੇਦਾਰ ਕੀ ਹੈ?''

''ਓ ਹੋ,'' ਮੇਰੇ ਮੂੰਹੋਂ ਅਚਾਨਕ ਨਿਕਲਿਆ।

ਉਹ ਬੋਲਿਆ, ''ਸਿਰਦਾਰ ਜੀ, ਮਹੀਨਾ ਭਰ ਆਪ ਕਾ ਨਮਕ ਖਾਇਆ ਹੈ। ਅਗਰ ਹਮ ਆਪ ਕਾ ਇਤਨਾ ਕਾਮ ਭੀ ਨਾ ਕਰਤੇ ਤੋ ਨਮਕ ਹਰਾਮ ਨਹੀਂ ਕਹਿਲਾਤੇ!''

ਏਨਾ ਕਹਿ ਕੇ ਪਸੀਨੇ ਨਾਲ ਲਥਪਥ ਸਾਕਿਬ ਫੇਰ ਖਾਈ ਪੁੱਟਣ ਲੱਗਾ, ਕਿਉਂਕਿ ਉਸ ਨੇ ਇਹ ਕੰਮ ਛੇਤੀ ਨਿਬੇੜ ਕੇ ਸ਼ਾਮ ਨੂੰ ਸਰਸੇ ਪਹੁੰਚਣਾ ਸੀ ਤਾਂ ਕਿ ਦੂਜੇ ਸਾਥੀਆਂ ਨਾਲ ਰਲ ਕੇ ਰੇਲ ਫੜ ਸਕੇ।

ਮੈਂ ਘਰ ਗਿਆ। ਮੈਨੂੰ ਭੁੱਲ ਗਿਆ ਕਿ ਮੈਂ ਹੱਟੀਓਂ ਕੋਈ ਸੌਦਾ ਲੈਣ ਜਾ ਰਿਹਾ ਸਾਂ। ਘਰ ਆਇਆ, ਫਰਿੱਜ ਵਿਚੋਂ ਠੰਢੇ ਪਾਣੀ ਦੀ ਬੋਤਲ ਕੱਢੀ ਤੇ ਦੌੜ ਕੇ ਉਸ ਕੋਲ ਗਿਆ। ਉਸ ਨੂੰ ਪਾਣੀ ਪਿਆਇਆ ਤੇ ਫੇਰ ਚਾਹ ਲਿਜਾ ਕੇ ਪਿਆਈ। ਦੁਪਹਿਰ ਦੀ ਰੋਟੀ ਜਿਹੜੀ ਉਹ ਕਦੇ ਨਹੀਂ ਸੀ ਖਾਂਦਾ, ਬਦੋਬਦੀ ਨਾਲ ਖਵਾਈ ਕਿਉਂਕਿ ਉਹ ਰੁਕਣਾ ਨਹੀਂ ਸੀ ਚਾਹੁੰਦਾ। ਉਸ ਨੂੰ ਖਦਸ਼ਾ ਸੀ ਕਿ ਰੁਕ ਗਿਆ ਤਾਂ ਸ਼ਾਇਦ ਕੰਮ ਸ਼ਾਮ ਤਕ ਸਿਰੇ ਨਾ ਚੜ੍ਹੇ, ਮਤੇ ਆਖਰੀ ਬੱਸ ਨਿਕਲ ਜਾਵੇ। ਫੇਰ ਉਹ ਸਰਸੇ ਸਾਥੀਆਂ ਨਾਲ ਕਿਵੇਂ ਰਲੇਗਾ।

ਖਾਈ ਪੁੱਟਣ ਦਾ ਕੰਮ ਸ਼ਾਮ ਤਕ ਪੂਰਾ ਹੋ ਗਿਆ ਸੀ। ਗਰਮੀ ਕੁਝ ਘਟ ਗਈ ਸੀ। ਮੈਂ ਆਪਣੇ ਆਦਮੀ ਨਾਲ ਲਾ ਕੇ ਤਾਰ ਵਿਛਾ ਕੇ ਉਸ ਨਾਲ ਮਿੱਟੀ ਪੁਆ ਦਿੱਤੀ। ਅਸੀਂ ਜਿੱਥੋਂ ਤਕ ਚਾਹੁੰਦੇ ਸਾਂ, ਤਾਰ ਵਿਛ ਗਈ ਸੀ। ਉਹ ਮਿੱਟੀ ਦਾ ਆਖਰੀ ਟੱਪਾ ਸੁੱਟ ਕੇ ਕਹੀ ਮੋਢੇ 'ਤੇ ਰੱਖ ਕੇ ਤੁਰਨ ਲੱਗਾ। ਸਾਨੂੰ ਪੈਰੀਂ ਹੱਥ ਲਾਉਣ ਨੂੰ ਅੱਗੇ ਵਧਿਆ। ਮੈਂ ਉਸ ਦੇ ਦੋਵੇਂ ਹੱਥ ਫੜ੍ਹ ਲਏ ਤੇ ਕਿਹਾ, ''ਸਾਕਿਬ, ਖਾਨਾ ਖਾ ਕਰ ਜਾਨਾ।''


''ਨਹੀਂ ਸਿਰਦਾਰ ਜੀ, ਹਮ ਲੇਟ ਹੋ ਜਾਏਗਾ। ਆਖਰੀ ਬੱਸ ਨਿਕਲ ਗਈ ਤੋ ਸਰਸਾ ਕੈਸੇ ਪਹੁੰਚ ਪਾਊਂਗਾ। ਸੁਬ੍ਹਾ ਗਾੜੀ ਪਕੜਨੀ ਹੈ।''

ਇਹ ਕਹਿ ਕੇ ਉਹ ਦੋਵੇਂ ਹੱਥ ਜੋੜ ਕੇ ਇੰਜ ਵਾਪਸ ਮੁੜਿਆ, ਜਿਵੇ ਅਜੇ ਵੀ ਸਾਡਾ ਅਹਿਸਾਨ ਉਸ ਦੇ ਸਿਰ ਹੋਵੇ। ਫਿਰ ਵੀ ਉਸ ਦੇ ਚਿਹਰੇ 'ਤੇ ਇਕ ਚਮਕ ਸੀ। ਉਸ ਨੇ ਸਾਡਾ ਨਮਕ ਜੁ ਹਲਾਲ ਕਰ ਦਿੱਤਾ ਸੀ।

ਅਸੀਂ ਵੇਖ ਰਹੇ ਸਾਂ, ਉਹ ਸੜਕ 'ਤੇ ਪਹੁੰ-ਚਿਆ। ਏਨੇ ਨੂੰ ਬੱਸ ਆ ਗਈ। ਉਸ ਨੇ ਪਿੱਛੇ ਭਉਂ ਕੇ ਵੇਖਿਆ ਤੇ ਭੱਜ ਕੇ ਬੱਸ ਚੜ੍ਹ ਗਿਆ।

ਅਸੀਂ ਜਾਂਦੀ ਬੱਸ ਨੂੰ ਇਸ ਤਰ੍ਹਾਂ ਵੇਖ ਰਹੇ ਸਾਂ ਜਿਵੇਂ ਕੋਈ ਆਪਣਾ ਵਿਛੜ ਕੇ ਗਿਆ ਹੋਵੇ।

# ਖਾਲੀ ਹੋਈਆਂ ਵਿਧਾਨ ਸਭਾ ਜਾਂ ਪਾਰਲੀਮੈਂਟ ਸੀਟਾਂ ਦੀ ਉੱਪ ਚੋਣ ਦੀ ਥਾਂ ਕੀਤਾ ਕੀ ਜਾਵੇ!



ਜਤਿੰਦਰ ਪੰਨੂ

ਪੰਜਾਬ ਵਿੱਚ ਇਸ ਵਕਤ ਚਾਰ ਵਿਧਾਨ ਸਭਾ ਸੀਟਾਂ ਲਈ ਉੱਪ ਚੋਣਾਂ ਚੱਲ ਰਹੀਆਂ ਹਨ। ਫਗਵਾੜਾ ਸੀਟ ਭਾਜਪਾ ਆਗੂ ਸੋਮ ਪ੍ਰਕਾਸ਼ ਅਤੇ ਜਲਾਲਾਬਾਦ ਦੀ ਸੀਟ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਲੋਕ ਸਭਾ ਲਈ ਚੁਣੇ ਜਾਣ ਕਾਰਨ ਖਾਲੀ ਹੋਈਆਂ ਹਨ। ਬਾਕੀ ਦੋ ਵਿੱਚੋਂ ਦਾਖਾ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਐੱਚ ਐੱਸ ਫੂਲਕਾ ਦੇ ਅਸਤੀਫਾ ਦੇਣ ਕਾਰਨ ਅਤੇ ਮੁਕੇਰੀਆਂ ਦੀ ਸੀਟ ਕਾਂਗਰਸ ਪਾਰਟੀ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੀ ਮੌਤ ਦੇ ਕਾਰਨ ਵਿਹਲੀਆਂ ਹੋ ਗਈਆਂ। ਇਨ੍ਹਾਂ ਚਾਰਾਂ ਲਈ ਉੱਪ ਚੋਣ ਦਾ ਦੌਰ ਚੱਲਦੇ ਤੋਂ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਤੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੇ ਇਹ ਕਹਿ ਕੇ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਜਿਸ ਸੀਟ ਤੋਂ ਕਿਸੇ ਚੁਣੇ ਹੋਏ ਆਗੂ ਨੇ ਅਸਤੀਫਾ ਦਿੱਤਾ ਅਤੇ ਉੱਪ ਚੋਣ ਦੇ ਹਾਲਾਤ ਬਣਾਏ ਹੋਣ, ਓਥੇ ਚੋਣ ਲਈ ਹੋਣ ਵਾਲਾ ਸਾਰਾ ਖਰਚਾ ਉਸ ਆਗੂ ਦੇ ਸਿਰ ਪਾ ਦਿੱਤਾ ਜਾਣਾ ਚਾਹੀਦਾ ਹੈ। ਨਾਂਅ ਭਾਵੇਂ ਭਗਵੰਤ ਮਾਨ ਨੇ ਨਹੀਂ ਲਿਆ, ਪਰ ਗੱਲ ਸਾਰਿਆਂ ਦੇ ਸਮਝ ਪੈ ਗਈ ਕਿ ਉਹ ਇਸ ਬਹਾਨੇ ਏਥੋਂ ਅਸਤੀਫਾ ਦੇ ਗਏ ਸੀਨੀਅਰ ਵਕੀਲ ਐੱਚ ਐੱਸ ਫੂਲਕਾ ਬਾਰੇ ਕਹਿੰਦਾ ਹੈ। ਫਿਰ ਅਗੋਂ ਫੂਲਕਾ ਦਾ ਜਵਾਬੀ ਮਿਹਣਾ ਵੀ ਅਗਲੇ ਦਿਨ ਆ ਗਿਆ ਹੈ। ਉਸ ਨੇ ਕਹਿ ਦਿੱਤਾ ਕਿ ਹਲਕਾ ਦਾਖਾ ਦੀ ਉੱਪ ਚੋਣ ਇਸ ਕਰ ਕੇ ਹੋਈ ਹੈ ਕਿ ਮੈਂ ਵਿਧਾਨ ਸਭਾ ਤੋਂ ਅਸਤੀਫਾ ਦਿੱਤਾ ਸੀ, ਮੈਂ ਉਸ ਦਾ ਖਰਚਾ ਦੇਣ ਨੂੰ ਤਿਆਰ ਹਾਂ, ਪਰ ਭਗਵੰਤ ਮਾਨ ਦਿੱਲੀ ਜਾ ਕੇ ਕੇਜਰੀਵਾਲ ਨੂੰ ਇਹ ਗੱਲ ਮਨਾਵੇ ਕਿ ਮੈਂ ਏਥੇ ਇੱਕ ਸੀਟ ਛੱਡੀ ਹੈ, ਕੇਜਰੀਵਾਲ ਦੇ ਅਸਤੀਫੇ ਨਾਲ ਸਮੁੱਚੀ ਦਿੱਲੀ ਦੀ ਵਿਧਾਨ ਸਭਾ ਦੋਬਾਰਾ ਚੁਣਨੀ ਪਈ ਸੀ, ਉਹ ਵੀ ਉਸ ਸਮੁੱਚੀ ਚੋਣ ਦਾ ਖਰਚਾ ਦੇ ਦੇਵੇ।

ਕਿਸੇ ਵੀ ਅਕਾਲੀ, ਕਾਂਗਰਸੀ ਜਾਂ ਭਾਜਪਾ ਦੇ ਆਗੂ ਨੂੰ ਏਦਾਂ ਦੀ ਬਹਿਸ ਵਿੱਚ ਪੈਣ ਦੀ ਲੋੜ ਨਹੀਂ ਜਾਪਦੀ ਅਤੇ ਉਹ ਇਨ੍ਹਾਂ ਗੱਲਾਂ ਵਿੱਚ ਵਕਤ ਜ਼ਾਇਆ ਵੀ ਨਹੀਂ ਕਰਨਾ ਚਾਹੁੰਦੇ, ਪਰ ਗੱਲ ਲੋਕਾਂ ਵਿੱਚ ਚਲੀ ਗਈ ਹੈ। ਭਗਵੰਤ ਮਾਨ ਨੇ ਇਸ ਸੰਬੰਧ ਵਿੱਚ ਫੂਲਕਾ ਦੇ ਜਵਾਬੀ ਮਿਹਣੇ ਵਿੱਚ ਫਸਣ ਦੀ ਥਾਂ ਨਵੀਂ ਗੱਲ ਕਹਿ ਦਿੱਤੀ ਹੈ ਕਿ ਜੇ ਕੋਈ ਅਸਤੀਫਾ ਦੇ ਜਾਵੇ ਤਾਂ ਚੋਣ ਨਹੀਂ ਕਰਵਾਉਣੀ ਚਾਹੀਦੀ, ਇਸ ਦਾ ਬਦਲਵਾ ਪ੍ਰਬੰਧ ਹੋਣਾ ਚਾਹੀਦਾ ਹੈ। ਗੱਲ ਉਸ ਨੇ ਖੇਡਾਂ ਦੇ ਖੇਤਰ ਨਾਲ ਜੋੜ ਕੇ ਕੀਤੀ ਹੈ ਕਿ ਓਥੇ ਜਦੋਂ ਕੋਈ ਜਿੱਤ ਚੁੱਕਾ ਖਿਡਾਰੀ ਬਾਅਦ ਵਿੱਚ ਡੋਪ ਟੈੱਸਟ ਦੌਰਾਨ ਦੋਸ਼ੀ ਕਰਾਰ ਦਿੱਤਾ ਜਾਵੇ ਤਾਂ ਮੁਕਾਬਲਾ ਦੋਬਾਰਾ ਨਹੀਂ ਕਰਾਇਆ ਜਾਂਦਾ, ਜਿਹੜਾ ਖਿਡਾਰੀ ਉਸ ਤੋਂ ਅਗਲੇ ਨੰਬਰ ਵਾਲਾ ਹੋਵੇ, ਪਹਿਲੇ ਕੋਲੋਂ ਖੋਹਿਆ ਉਹੀ ਤਮਗਾ ਉਸ ਤੋਂ ਬਾਅਦ ਵਾਲੇ ਨੂੰ ਦੇ ਕੇ ਜੇਤੂ ਐਲਾਨ ਕੀਤਾ ਜਾਂਦਾ ਹੈ। ਭਗਵੰਤ ਮਾਨ ਦੀ ਰਾਏ ਹੈ ਕਿ ਚੋਣ ਵਿੱਚ ਵੀ ਇਹੋ ਹੋਵੇ ਤਾਂ ਇਸ ਤਰ੍ਹਾਂ ਉੱਪ-ਚੋਣ ਲਈ ਹੋਣ ਵਾਲਾ ਖਰਚਾ ਤੇ ਖੇਚਲ ਦੋਵਾਂ ਤੋਂ ਬਚ ਜਾਵਾਂਗੇ।

ਸੁਣਨ ਨੂੰ ਭਗਵੰਤ ਮਾਨ ਦੀ ਇਹ ਤਜਵੀਜ਼ ਕਈ ਲੋਕਾਂ ਨੂੰ ਏਨੀ ਚੰਗੀ ਜਾਪਣ ਲੱਗੀ ਕਿ ਉਨ੍ਹਾਂ ਨੇ ਏਸ ਤਜਵੀਜ਼ ਦੇ ਹੱਕ ਵਿੱਚ ਸਾਡੇ ਫੋਨ ਖੜਕਾ ਦਿਤੇ ਕਿ ਇਹ ਰਾਏ ਬੜੀ ਚੰਗੀ ਹੈ ਤੇ ਅੱਗੇ ਵਧਾਉਣ ਵਾਲੀ ਹੈ। ਅਸੀਂ ਕਿਸੇ ਦੇਸ਼ ਬਾਰੇ ਖੁਦ ਨਹੀਂ ਜਾਣਦੇ, ਪਰ ਕਈ ਸੱਜਣਾਂ ਨੇ ਕਿਹਾ ਹੈ ਕਿ ਫਲਾਣੇ-ਫਲਾਣੇ ਦੇਸ਼ ਵਿੱਚ ਇਸ ਤਰ੍ਹਾਂ ਹੁੰਦਾ ਹੈ ਕਿ ਜੇ ਜਿੱਤਿਆ ਉਮੀਦਵਾਰ ਕਿਸੇ ਕਾਰਨ ਅਹੁਦਾ ਛੱਡ ਜਾਵੇ ਜਾਂ ਦੁਨੀਆ ਵਿੱਚ ਨਾ ਰਹੇ ਤਾਂ ਉਸ ਦੀ ਸੀਟ ਚੋਣਾਂ ਦੌਰਾਨ ਉਸ ਹਲਕੇ ਤੋਂ ਦੂਸਰੀ ਥਾਂ ਆਏ ਹੋਏ ਉਮੀਦਵਾਰ ਨੂੰ ਦੇ ਦਿੱਤੀ ਜਾਂਦੀ ਹੈ। ਇੱਕ-ਦੋ ਦੇਸ਼ਾਂ ਦੀ ਸਾਨੂੰ ਜਾਣਕਾਰੀ ਹੈ ਕਿ ਜੇ ਅੱਧ ਵਿਚਾਲੇ ਕਿਸੇ ਰਾਸ਼ਟਰਪਤੀ ਨੂੰ ਅਸਤੀਫਾ ਦੇਣਾ ਪਵੇ ਜਾਂ ਉਸ ਦੀ ਮੌਤ ਹੋ ਜਾਵੇ ਤਾਂ ਅਹੁਦੇ ਵਾਸਤੇ ਨਵੀਂ ਚੋਣ ਕਰਨ ਦੀ ਥਾਂ ਉਸ ਦੇ ਉੱਪ ਰਾਸ਼ਟਰਪਤੀ ਨੂੰ ਇਹੋ ਅਹੁਦਾ ਦੇ ਦਿੱਤਾ ਜਾਂਦਾ ਹੈ। ਭਾਰਤ ਵਿੱਚ ਏਦਾਂ ਨਹੀਂ ਹੁੰਦਾ। ਏਥੇ ਉੱਪ ਰਾਸ਼ਟਰਪਤੀ ਨੂੰ ਵਕਤੀ ਤੌਰ ਉੱਤੇ ਉਸ ਵਾਲਾ ਕੰਮ ਸੌਂਪਿਆ ਜਾਂਦਾ ਹੈ ਅਤੇ ਮਿੱਥੇ ਸਮੇਂ ਵਿੱਚ ਉਸ ਅਹੁਦੇ ਦੀ ਨਵੀਂ ਚੋਣ ਕਰਾਈ ਜਾਂਦੀ ਹੈ ਤੇ ਇਸ ਨਵੀਂ ਚੋਣ ਵਿੱਚ ਚੁਣੇ ਗਏ ਆਗੂ ਦੇ ਅਹੁਦੇ ਦੀ ਮਿਆਦ ਪਿਛਲੇ ਸੀਟ ਖਾਲੀ ਕਰਨ ਵਾਲੇ ਆਗੂ ਵਾਲਾ ਸਮਾਂ ਕੱਟ ਕੇ ਗਿਣਨ ਦੀ ਥਾਂ ਫਿਰ ਪੂਰੀ ਗਿਣੀ ਜਾਂਦੀ ਹੈ। ਪਾਰਲੀਮੈਂਟ, ਵਿਧਾਨ ਸਭਾਂ ਜਾਂ ਲੋਕਾਂ ਵੱਲੋਂ ਚੁਣੇ ਹੋਏ ਕਿਸੇ ਵੀ ਹੋਰ ਹਾਊਸ ਦੇ ਮੈਂਬਰਾਂ ਦੀਆਂ ਖਾਲੀ ਹੋਈਆਂ ਸੀਟਾਂ ਲਈ ਉੱਪ ਚੋਣ ਵਿੱਚ ਚੁਣੇ ਜਾਣ ਵਾਲਿਆਂ ਦੇ ਮਾਮਲੇ ਵਿੱਚ ਏਦਾਂ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਮਿਆਦ ਉਸ ਹਾਊਸ ਦੀ ਮਿਆਦ ਨਾਲ ਬੱਝੀ ਰਹਿੰਦੀ ਹੈ।

ਜਿਹੜੀ ਗੱਲ ਭਗਵੰਤ ਮਾਨ ਨੇ ਕਹੀ ਅਤੇ ਫਿਰ ਕਈ ਹੋਰਨਾਂ ਨੇ ਸਾਡੇ ਤੱਕ ਪੁਚਾਈ ਹੈ ਕਿ ਜਿੱਤੇ ਹੋਏ ਮੈਂਬਰ ਦੇ ਅਹੁਦਾ ਛੱਡਣ ਜਾਂ ਮੌਤ ਹੋਣ ਦੀ ਸਥਿਤੀ ਵਿੱਚ ਉਹ ਸੀਟ ਉਸ ਕੋਲੋਂ ਹਾਰਨ ਵਾਲਿਆਂ ਵਿੱਚੋਂ ਸਭ ਤੋਂ ਨੇੜਲੇ ਵਿਰੋਧੀ ਨੂੰ ਦੇ ਦੇਣੀ ਚਾਹੀਦੀ ਹੈ, ਉਹ ਏਨੀ ਸਧਾਰਨ ਗੱਲ ਨਹੀਂ, ਉਸ ਨਾਲ ਵੀ ਕਈ ਕਿੰਤੂ ਜੁੜਦੇ ਹਨ। ਸਾਡੇ ਗਵਾਂਢ ਪਾਕਿਸਤਾਨ ਵਿੱਚ ਸ਼ਾਇਦ ਇਹੋ ਜਿਹੀ ਪ੍ਰੰਪਰਾ ਹੈ। ਓਥੋਂ ਦੀ ਇੱਕ ਮਿਸਾਲ ਘੱਟ-ਗਿਣਤੀ ਸੀਟ ਤੋਂ ਚੁਣੇ ਗਏ ਡਾ: ਸੋਰਨ ਸਿੰਘ ਨਾਂਅ ਦੇ ਸਿੱਖ ਆਗੂ ਦੀ ਸਾਨੂੰ ਪਤਾ ਹੈ, ਜਿਹੜਾ ਖੈਬਰ ਪਖਤੂਨਖਵਾ ਅਸੈਂਬਲੀ ਲਈ ਚੁਣਿਆ ਗਿਆ ਤੇ ਫਿਰ ਉਸ ਦਾ ਕਤਲ ਹੋਣ ਨਾਲ ਸੀਟ ਖਾਲੀ ਹੋਈ ਸੀ। ਸੋਰਨ ਸਿੰਘ ਦੀ ਸੀਟ ਘੱਟ-ਗਿਣਤੀ ਭਾਈਚਾਰੇ ਲਈ ਰਿਜ਼ਰਵ ਸੀ ਤੇ ਉਸ ਉੱਤੇ ਓਸੇ ਵਾਂਗ ਕੋਈ ਘੱਟ-ਗਿਣਤੀ ਭਾਈਚਾਰੇ ਦਾ ਆਗੂ ਚੁਣਿਆ ਜਾ ਸਕਦਾ ਸੀ, ਪਰ ਚੋਣ ਕਰਨ ਦੀ ਥਾਂ ਦੇਸ਼ ਦੇ ਚੋਣ ਕਮਿਸ਼ਨ ਨੇ ਸੋਰਨ ਸਿੰਘ ਨਾਲ ਮੁਕਾਬਲੇ ਵਿੱਚ ਦੂਸਰੀ ਥਾਂ ਆਏ ਹਿੰਦੂ ਲੀਡਰ ਬਲਦੇਵ ਕੁਮਾਰ ਨੂੰ ਅਲਾਟ ਕਰ ਦਿੱਤੀ ਸੀ। ਹਾਲੇ ਬਲਦੇਵ ਕੁਮਾਰ ਨੇ ਅਹੁਦਾ ਨਹੀਂ ਸੀ ਸੰਭਾਲਿਆ ਕਿ ਡਾ: ਸੋਰਨ ਸਿੰਘ ਦੇ ਕਤਲ ਦੀ ਜਾਂਚ ਵਿੱਚ ਇਹ ਗੱਲ ਨਿਕਲੀ ਕਿ ਕਤਲ ਹੀ ਬਲਦੇਵ ਕੁਮਾਰ ਨੇ ਕਰਵਾਇਆ ਹੈ ਤੇ ਕਰਵਾਇਆ ਇਸ ਲਈ ਹੈ ਕਿ ਸੋਰਨ ਸਿੰਘ ਵੱਲੋਂ ਖਾਲੀ ਕੀਤੀ ਗਈ ਸੀਟ ਦੀ ਆਮ ਚੋਣ ਦੌਰਾਨ ਦੂਸਰੀ ਥਾਂ ਆਇਆ ਹੋਣ ਕਾਰਨ ਵਿਧਾਇਕ ਬਣ ਸਕੇ। ਪਾਕਿਸਤਾਨ ਦੀ ਪੁਲਸ ਨੇ ਅਦਾਲਤ ਨੂੰ ਦੱਸਿਆ ਕਿ ਬਲਦੇਵ ਕੁਮਾਰ ਨੇ ਜੁਰਮ ਦਾ ਇਕਬਾਲ ਵੀ ਕਰ ਲਿਆ ਹੈ। ਲੋਕਾਂ ਵਿੱਚ ਵੀ ਉਸ ਬਾਰੇ ਇਹੋ ਚਰਚਾ ਸੀ। ਜਦੋਂ ਉਹ ਅਦਾਲਤੀ ਪ੍ਰਕਿਰਿਆ ਦੇ ਬਾਅਦ ਜੇਲ੍ਹ ਭੇਜ ਦਿੱਤਾ ਗਿਆ ਤਾਂ ਚੋਣ ਕਮਿਸ਼ਨ ਤੋਂ ਹੁਕਮ ਆ ਗਿਆ ਕਿ ਵਿਧਾਨ ਸਭਾ ਦੀ ਖਾਲੀ ਹੋਈ ਸੀਟ ਉੱਤੇ ਉਸ ਨੂੰ ਵਿਧਾਇਕ ਨਾਮਜ਼ਦ ਕਰ ਦਿੱਤਾ ਹੈ ਤੇ ਉਸ ਨੂੰ ਸਹੁੰ ਚੁਕਾਈ ਜਾਵੇ। ਅਦਾਲਤੀ ਹੁਕਮ ਉੱਤੇ ਉਸ ਨੂੰ ਵਿਧਾਨ ਸਭਾ ਵਿੱਚ ਲਿਆਂਦਾ ਗਿਆ ਤਾਂ ਹਾਕਮ ਪਾਰਟੀ ਤੇ ਵਿਰੋਧੀ ਧਿਰ ਦੋਵਾਂ ਦੇ ਮੈਂਬਰਾਂ ਨੇ ਰੌਲਾ ਪਾ ਦਿੱਤਾ, ਹੰਗਾਮਾ ਹੋਇਆ ਤੇ ਉਸ ਨੂੰ ਸਹੁੰ ਨਹੀਂ ਸੀ ਚੁੱਕਣ ਦਿੱਤੀ ਗਈ, ਕਿਉਂਕਿ ਦੋਵਾਂ ਧਿਰਾਂ ਦੇ ਮੈਂਬਰ ਸੋਚਦੇ ਸਨ ਕਿ ਕਤਲ ਏਸੇ ਬੰਦੇ ਨੇ ਕਰਵਾਇਆ ਹੈ ਤੇ ਜਿਸ ਦਾ ਕਤਲ ਹੋਇਆ ਹੈ, ਉਹ ਉਸ ਪਾਸੇ ਲੋਕਾਂ ਵਿੱਚ ਬਹੁਤ ਨੇਕ-ਨਾਮ ਵਿਅਕਤੀ ਗਿਣਿਆ ਜਾਂਦਾ ਸੀ। ਨਾਲ ਇਹ ਵੀ ਕਿਹਾ ਜਾਣ ਲੱਗ ਪਿਆ ਕਿ ਅੱਜ ਇਸ ਨੂੰ ਏਦਾਂ ਖਾਲੀ ਕਰਵਾਈ ਸੀਟ ਤੋਂ ਸਹੁੰ ਚੁਕਾਈ ਗਈ ਤਾਂ ਫਿਰ ਇਸ ਤਰ੍ਹਾਂ ਸੀਟਾਂ ਖਾਲੀ ਕਰਵਾਉਣ ਦਾ ਇੱਕ ਪੂਰਾ ਦੌਰ ਸ਼ੁਰੂ ਹੋ ਸਕਦਾ ਹੈ। ਉਸ ਨੂੰ ਫਿਰ ਜੇਲ੍ਹ ਭੇਜ ਦਿੱਤਾ ਗਿਆ ਤੇ ਵਿਧਾਨ ਸਭਾ ਦੀ ਮਿਆਦ ਮੁੱਕਣ ਤੋਂ ਦੋ ਦਿਨ ਪਹਿਲਾਂ ਛੁੱਟ ਸਕਿਆ ਸੀ। ਬਲਦੇਵ ਕੁਮਾਰ ਨੇ ਸਿੱਖਾਂ ਦਾ ਗੁੱਸਾ ਦੂਰ ਕਰਨ ਲਈ ਧਰਮ ਬਦਲਿਆ ਤੇ ਬਲਦੇਵ ਸਿੰਘ ਵੀ ਬਣ ਗਿਆ, ਪਰ ਲੋਕ ਖੁਸ਼ ਨਹੀਂ ਸੀ ਹੋਏ ਤੇ ਆਖਰ ਦੇਸ਼ ਛੱਡਣਾ ਪਿਆ ਹੈ। ਅੱਜ ਕੱਲ੍ਹ ਤੀਰਥ ਯਾਤਰਾ ਦੇ ਬਹਾਨੇ ਨਾਲ ਭਾਰਤ ਆ ਉਹ ਕੇ ਸਿਆਸੀ ਸ਼ਰਣ ਦੇ ਯਤਨ ਕਰ ਰਿਹਾ ਹੈ ਤੇ ਉਸ ਦੇ ਇਲਾਕੇ ਦੇ ਹਿੰਦੂ ਤੇ ਸਿੱਖ ਇੱਕ ਆਵਾਜ਼ ਵਿੱਚ ਇਸ ਬੇਨਤੀ ਦਾ ਵਿਰੋਧ ਕਰਦੇ ਪਏ ਹਨ।

ਭਾਰਤ ਵਿੱਚ ਪਾਕਿਸਤਾਨ ਵਾਲੇ ਹਾਲਾਤ ਨਹੀਂ, ਪਰ ਸਿਆਸੀ ਕਤਲ ਤਾਂ ਏਥੇ ਵੀ ਬਹੁਤ ਹੁੰਦੇ ਤੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿੱਚ ਕਈ ਵਾਰ ਇਹ ਵੀ ਚਰਚਾ ਸੁਣੀ ਗਈ ਹੈ ਕਿ ਫਲਾਣੇ ਆਗੂ ਦਾ ਕਤਲ ਫਲਾਣੇ ਬਾਹੂ-ਬਲੀ ਆਗੂ ਨੇ ਇਸ ਲਈ ਕਰਾਇਆ ਹੈ ਕਿ ਉਸ ਸੀਟ ਉੱਤੇ ਉਸ ਬਾਹੂ-ਬਲੀ ਆਗੂ ਦੀ ਅੱਖ ਸੀ। ਭਗਵੰਤ ਮਾਨ ਨੇ ਮੁੱਦਾ ਛੇੜਿਆ ਹੈ, ਉਸ ਉੱਤੇ ਵਿਚਾਰ ਕਰਨ ਦੀ ਲੋੜ ਆਪਣੀ ਥਾਂ ਹੈ, ਕਿਉਂਕਿ ਏਥੇ ਨਰਿੰਦਰ ਮੋਦੀ, ਸੋਨੀਆ ਗਾਂਧੀ ਜਾਂ ਸਾਡੇ ਪੰਜਾਬ ਦੇ ਕੈਪਟਨ ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਜਾਂ ਇਸ ਵਾਰ ਸੁਖਬੀਰ ਸਿੰਘ ਬਾਦਲ ਨੇ ਵੀ ਜਿੱਤੀ ਸੀਟ ਛੱਡੀ ਹੋਈ ਹੈ। ਇਸ ਤਰ੍ਹਾਂ ਸੀਟਾਂ ਜਿੱਤ ਕੇ ਛੱਡਣ ਦਾ ਰਿਵਾਜ ਬੜੇ ਚਿਰ ਤੋਂ ਚੱਲਦਾ ਆ ਰਿਹਾ ਹੋਣ ਕਾਰਨ ਇਸ ਦਾ ਹੱਲ ਤਾਂ ਕੋਈ ਲੱਭਿਆ ਜਾਣਾ ਚਾਹੀਦਾ ਹੈ, ਪਰ ਲੋਕਤੰਤਰੀ ਪ੍ਰਕਿਰਿਆ ਨੂੰ ਖਿਡਾਰੀਆਂ ਦੇ ਡੋਪ ਟੈੱਸਟ ਜਾਂ ਕਿਸੇ ਦੂਸਰੇ ਦੇਸ਼ ਦੀ ਇਹੋ ਜਿਹੀ ਪ੍ਰਕਿਰਿਆ ਨਾਲ ਨਹੀਂ ਜੋੜਿਆ ਜਾ ਸਕਦਾ। ਜਦੋਂ ਇਹ ਪ੍ਰਕਿਰਿਆ ਸਾਡੇ ਪੰਜਾਬ ਦੀ ਹੱਦ ਵਿੱਚ ਆ ਗਈ, ਏਥੇ ਵੀ ਚੁਣੇ ਹੋਏ ਲੀਡਰ ਮੰਤਰੀ ਦਾ ਅਹੁਦਾ ਮੰਗਣ ਦੀ ਥਾਂ ਪੰਜ ਸਾਲ ਪੂਰੇ ਕਰ ਸਕਣ ਜੋਗੇ ਸਾਹਾਂ ਦੀ ਅਰਦਾਸ ਕਰਦੇ ਮਿਲਿਆ ਕਰਨਗੇ। ਅੜਾਉਣੀ ਬਹੁਤ ਗੁੰਝਲਦਾਰ ਹੈ, ਇਸ ਦਾ ਹੱਲ ਏਨਾ ਸੁਖਾਲਾ ਨਹੀਂ ਹੋ ਸਕਦਾ।

## ਬੋਲਣ ਦੀ ਤੇ ਮੀਡੀਆ ਦੀ ਆਜ਼ਾਦੀ ਜੀਵੰਤ ਲੋਕਤੰਤਰ ਦੇ ਸਭ ਤੋਂ ਵੱਧ ਮਹੱਤਵ ਪੂਰਨ ਤੱਤ

-ਵਿਪਿਨ ਪੱਬੀ

ਬੋਲਣ ਦੀ ਆਜ਼ਾਦੀ ਸਾਡੇ ਸਭ ਤੋਂ ਵੱਧ ਮਹੱਤਵ ਪੂਰਨ ਮੁੱਢਲੇ ਅਧਿਕਾਰਾਂ 'ਚੋਂ ਇੱਕ ਹੈ ਅਤੇ ਅਸੀਂ ਉਚਿਤ ਤੌਰ ਉੱਤੇ ਉਸ ਦਾ ਮਾਣ ਕਰਦੇ ਹਾਂ। ਆਜ਼ਾਦ ਮੀਡੀਆ ਇਸ ਮੁੱਢਲੇ ਅਧਿਕਾਰ ਦਾ ਇੱਕ ਸੁਭਾਵਕ ਨਤੀਜਾ ਹੈ, ਫਿਰ ਵੀ ਪ੍ਰੈੱਸ ਦੀ ਆਜ਼ਾਦੀ ਲਈ ਕੋਈ ਵੱਖਰੀ ਵਿਵਸਥਾ ਨਹੀਂ ਹੈ। ਅਮਰੀਕਾ ਦੇ ਆਪਣੇ ਪਿਛਲੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਸਾਡੀਆਂ ਜਮਹੂਰੀ ਪ੍ਰੰਪਰਾਵਾਂ ਬਾਰੇ ਗੱਲ ਕੀਤੀ ਸੀ, ਜਿੱਥੇ ਉਨ੍ਹਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੰਚ ਸਾਂਝਾ ਕਰਦੇ ਹੋਏ ਉਸ ਦੇਸ਼ 'ਚ ਵਸੇ ਭਾਰਤੀਆਂ ਨੂੰ ਸੰਬੋਧਨ ਕੀਤਾ ਸੀ।

ਗਲਤ ਸਥਿਤੀ ਨਾਲ ਮੀਡੀਆ ਉਤੇ ਹਮਲੇ ਕਰਨ ਤੇ ਬੋਲਣ ਦੀ ਆਜ਼ਾਦੀ 'ਤੇ ਰੋਕ ਲਾਉਣ ਦੇ ਯਤਨਾਂ ਦਾ ਰੁਝਾਨ ਵਧ ਰਿਹਾ ਹੈ। ਕੁਝ ਤਾਜ਼ਾ ਘਟਨਾਚੱਕਰ ਇਸ ਤੱਥ ਵੱਲ ਇਸ਼ਾਰਾ ਕਰਦੇ ਹਨ। ਸਭ ਨੂੰ ਪਤਾ ਹੈ ਕਿ ਮੀਡੀਆ ਦਾ ਇੱਕ ਵੱਡਾ ਵਰਗ ਸਰਕਾਰ ਅੱਗੇ ਝੁਕ ਗਿਆ ਹੈ, ਕੁਝ ਹੱਦ ਤੱਕ ਸਰਕਾਰ ਵੱਲੋਂ ਆਪਣੀਆਂ ਏਜੰਸੀਆਂ ਉਨ੍ਹਾਂ ਦੇ ਪਿੱਛੇ ਲਾਉਣ ਦੇ ਡਰ ਨਾਲ ਤੇ ਕੁਝ ਹੱਦ ਤੱਕ ਆਪਣੇ ਖੁਦ ਦੇ ਲਾਭਕਾਰੀ ਹਿੱਤਾਂ ਕਾਰਨ, ਪਰ ਕੁਝ ਅਜੇ ਬਚੇ ਹੋਏ ਹਨ। ਫਿਰ ਮੀਡੀਆ ਦੇ ਇੱਕ ਵਰਗ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਜਾ ਰਹੀ ਹੈ ਤੇ ਇਸ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਜਾ ਰਿਹਾ ਹੈ। ਸੋਸ਼ਲ ਮੀਡੀਆ ਵਿੱਚ ਅਜਿਹੇ ਬਹੁਤ ਸਾਰੇ ਵੀਡੀਓ ਹਰ ਸਮੇਂ ਚੱਲਦੇ ਰਹਿੰਦੇ ਹਨ, ਜਿਨ੍ਹਾਂ ਵਿੱਚ ਤੀਸਰੇ ਦਰਜੇ ਦੇ ਨੇਤਾ ਮੀਡੀਆ ਦਾ ਬਾਈਕਾਟ ਕਰਨ ਦੀ ਗੱਲ ਕਰਦੇ ਹਨ। ਜਿੱਥੇ ਇਹ ਬੇਤੁਕਾ ਲੱਗਦਾ ਹੈ, ਉਥੇ ਅਜਿਹੇ ਬਹੁਤ ਸਾਰੇ ਪੜ੍ਹੇ-ਲਿਖੇ ਸਮਰਥਕ ਹਨ, ਜੋ ਅਜਿਹੇ ਨੇਤਾਵਾਂ ਦੀ ਵਾਹ-ਵਾਹ ਕਰਦੇ ਹਨ ਅਤੇ ਅਜਿਹੀਆਂ ਲੋਕਤੰਤਰ ਵਿਰੋਧੀ ਫੜ੍ਹਾਂ 'ਚ ਆਪਣੀ ਆਵਾਜ਼ ਸ਼ਾਮਲ ਕਰ ਲੈਂਦੇ ਹਨ। ਲੱਗਦਾ ਹੈ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਕਿ ਉਹ ਮੀਡੀਆ ਉਤੇ ਸੈਂਸਰਸ਼ਿਪ ਦੀ ਮੰਗ ਕਰ ਰਹੇ ਹਨ, ਜਿਸ ਦਾ ਐਮਰਜੈਂਸੀ ਦੌਰਾਨ ਭਾਜਪਾ ਅਤੇ ਹੋਰ ਦਲਾਂ ਨੇ ਜ਼ੋਰਦਾਰ ਵਿਰੋਧ ਕੀਤਾ ਸੀ।

ਸ਼ਾਇਦ ਮੀਡੀਆ ਲਈ ਇਹ ਤ੍ਰਿਸਕਾਰ ਪੂਰੀ ਤਰ੍ਹਾਂ ਫੈਲਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ ਤੋਂ ਕਾਰਜਭਾਰ ਸੰਭਾਲਿਆ ਹੈ, ਉਦੋਂ ਤੋਂ ਇੱਕ ਵੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਨਾ ਕਰ ਕੇ ਇੱਕ ਰਿਕਾਰਡ ਬਣਾਇਆ ਹੈ। ਉਨ੍ਹਾਂ ਨੇ ਮੀਡੀਆ ਵੱਲੋਂ ਕੀਤੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ। ਪਿੱਛੇ ਜਿ ਅਮਰੀਕਾ ਵਿੱਚ ਆਪਣੀ ਵਾਰਤਾ ਤੋਂ ਬਾਅਦ ਡੋਨਾਲਡ ਟਰੰਪ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਵਿੱਚ ਮੋਦੀ ਨੇ ਕੋਈ ਵੀ ਸਵਾਲ ਨਹੀਂ ਲਿਆ, ਜਦ ਕਿ ਟਰੰਪ ਨੇ ਪੁੱਛੇ ਗਏ ਹਰ ਸਵਾਲ ਦਾ ਉਤਰ ਦਿੱਤਾ। ਤ੍ਰਾਸਦੀ ਇਹ ਹੈ ਕਿ ਉਨ੍ਹਾਂ ਨੂੰ ਮੀਡੀਆ ਨਾਲ ਅਤਿਅੰਤ ਲਗਾਓ ਹੈ ਅਤੇ ਕੌਮੀ ਇਲੈਕਟ੍ਰਾਨਿਕ ਮੀਡੀਆ ਵਿੱਚ ਖੁਦ ਨੂੰ ਪੇਸ਼ ਕਰਨ ਦਾ ਕੋਈ ਮੌਕਾ ਨਹੀਂ ਛੱਡਦੇ। ਯਕੀਨਨ ਉਹ ਚੋਣ ਪ੍ਰਚਾਰ ਵੇਲੇ ਉਨ੍ਹਾਂ ਦੀ ਆਵਾਜ਼ ਲੋਕਾਂ ਤੱਕ ਪੁਚਾਉਣ 'ਚ ਮੀਡੀਆ ਵੱਲੋਂ ਨਿਭਾਈ ਮਹੱਤਵ ਪੂਰਨ ਭੂਮਿਕਾ ਨੂੰ ਨਹੀਂ ਭੁਲਾ ਸਕਦੇ। ਪ੍ਰਧਾਨ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਨੂੰ ਮੀਡੀਆ ਵੱਲੋਂ ਆਉਂਦੇ ਸਵਾਲਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ ਤਾਂ ਕਿ ਉਹ ਸਰਕਾਰ ਦਾ ਪਾਲਣਹਾਰ ਬਣਨ ਦੀ ਬਜਾਏ ਲੋਕਤੰਤਰ ਦੇ ਰੱਖਿਅਕ ਦੇ ਤੌਰ 'ਤੇ ਆਪਣੇ ਫਰਜ਼ ਨੂੰ ਯਕੀਨੀ ਕਰ ਸਕਣ।

ਸ਼ਾਇਦ ਵਿਅਕਤੀ ਦੀ ਪ੍ਰਗਟਾਵੇ ਦੀ ਆਜ਼ਾਦੀ ਦੇ ਬਾਵਜੂਦ ਇਹ ਰਵੱਈਆ ਮਜ਼ਬੂਤੀ ਫੜਦਾ ਜਾ ਰਿਹਾ ਹੈ। ਪਿੱਛੇ ਜਿਹੇ ਦੇਸ਼ ਧ੍ਰੋਹ ਦੇ ਦੋਸ਼ ਵਿੱਚ 49 ਪ੍ਰਮੁੱਖ ਹਸਤੀਆਂ ਵਿਰੁੱਧ ਇੱਕ ਕੇਸ ਦਰਜ ਕਰਨਾ ਵੀ ਇਸ ਦੀ ਸਪੱਸ਼ਟ ਮਿਸਾਲ ਹੈ। ਇਤਿਹਾਸਕਾਰ ਚੰਦਰ ਗੁਹਾ, ਅਭਿਨੇਤਰੀ ਕੋਂਕਣਾ ਸੇਨ ਸ਼ਰਮਾ ਅਤੇ ਫਿਲਮਕਾਰ ਮਣੀਰਤਨਮ ਤੇ ਅਪਰਣਾ ਸੇਨ ਸਮੇਤ ਇਨ੍ਹਾਂ ਸਾਰੇ ਲੋਕਾਂ ਨੇ ਪਵਿੱਤਰ ਗਾਂ ਦੇ ਨਾਂਅ ਉਤੇ ਲਿੰਚਿੰਗ ਦੀਆਂ ਘਟਨਾਵਾਂ 'ਤੇ ਚਿੰਤਾ ਜਤਾਉਣ ਲਈ ਪ੍ਰਧਾਨ ਮੰਤਰੀ ਨੂੰ ਇੱਕ ਖੁੱਲ੍ਹਾ ਖ਼ਤ ਲਿਖਿਆ ਸੀ। ਇਹ ਇੱਕ ਪੂਰੀ ਤਰ੍ਹਾਂ ਜਾਇਜ਼ ਮੰਗ ਸੀ, ਪਰ ਬਿਹਾਰ ਦੇ ਇੱਕ ਜੂਨੀਅਰ ਮੈਜਿਸਟਰੇਟ ਨੇ ਇੱਕ ਛੋਟੇ ਵਕੀਲ ਦੀ ਸ਼ਿਕਾਇਤ ਦਾ ਨੋਟਿਸ ਲੈਂਦੇ ਹੋਏ ਦੇਸ਼ ਧਰੋਹ, ਜਨਤਕ ਖਰੂਦ, ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਅਤੇ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਅਪਮਾਨ ਕਰਨ ਨਾਲ ਸੰਬੰਧਤ ਭਾਰਤੀ ਦੰਡਾਵਲੀ ਦੀਆਂ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕਰਨ ਦਾ ਹੁਕਮ ਦੇ ਦਿੱਤਾ। ਇਸ ਦੇ ਬਾਅਦ ਹੋਰ ਜ਼ਿਆਦਾ ਸ਼ਖਸੀਅਤਾਂ ਨੇ ਕੇਸ ਦਰਜ ਕਰਨ ਦੇ ਵਿਰੋਧ ਵਿੱਚ ਆਪਣੀ ਆਵਾਜ਼ ਸ਼ਾਮਲ ਕਰ ਦਿੱਤੀ। ਫਿਰ ਕੇਸ ਰੱਦ ਕਰਨਾ ਪਿਆ ਹੈ।

ਇਸ ਤੋਂ ਵੱਧ ਅਫਸੋਸਨਾਕ ਇਹ ਹੈ ਕਿ ਨਿਤੀਸ਼ ਕੁਮਾਰ, ਜਿਹੜਾ ਐੱਨ ਡੀ ਏ ਗੱਠਜੋੜ ਦੀ ਸਹਿਯੋਗੀ ਹੈ ਅਤੇ ਕੇਂਦਰ ਸਰਕਾਰ ਦੋਵਾਂ ਨੇ ਅਜਿਹੇ ਮੂਰਖਤਾ ਭਰੇ ਕਦਮ ਵਿਰੁੱਧ ਨਾ ਕੋਈ ਸਟੈਂਡ ਲਿਆ ਅਤੇ ਨਾ ਬੋਲੇ। ਅਜਿਹੇ ਵਤੀਰੇ ਨਾਲ ਇਸ ਤਰ੍ਹਾਂ ਦੇ ਸੰਕੇਤ ਪੈਦਾ ਹੁੰਦੇ ਹਨ, ਜਿਸ ਦਾ ਅਨੁਮਾਨ ਲਾਉਣਾ ਮੁਸ਼ਕਲ ਨਹੀਂ। ਜਿੱਥੇ ਬ੍ਰਿਟਿਸ਼ ਰਾਜ ਦੀ ਦੇਸ਼ ਧਰੋਹ ਦੇ ਕਾਨੂੰਨਾਂ ਦੀ ਵਿਰਾਸਤ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ, ਜੋ ਇੱਕ ਵੱਖਰੀ ਬਹਿਸ ਦਾ ਵਿਸ਼ਾ ਹੈ, ਉਥੇ ਸਰਕਾਰ ਅਤੇ ਹੋਰ ਸੰਬੰਧਤ ਧਿਰਾਂ ਨੂੰ ਜ਼ਰੂਰ ਇਸ ਗੱਲ ਦੀ ਸ਼ਲਾਘਾ ਕਰਨੀ ਚਾਹੀਦੀ ਹੈ ਕਿ ਬੋਲਣ ਦੀ ਆਜ਼ਾਦੀ ਦਾ ਅਧਿਕਾਰ ਤੇ ਆਜ਼ਾਦ ਮੀਡੀਆ ਇੱਕ ਜੀਵੰਤ ਲੋਕਤੰਤਰ ਦੇ ਸਭ ਤੋਂ ਵੱਧ ਜ਼ਰੂਰੀ ਤੱਤ ਹਨ।

## ਨਾ ਖੁਦਾ ਹੀ ਮਿਲਾ, ਨਾ ਵਸਲ-ਏ-ਸਨਮ

-ਅਮਨਦੀਪ

ਅੱਜ ਵੀ ਕੁੜੀ ਦੇ ਵਿਆਹ ਦਾ ਜ਼ਿਕਰ ਆਉਂਦਿਆਂ ਬਹੁਤੇ ਲੋਕ ਭਾਵੁਕ ਹੋ ਜਾਂਦੇ ਹਨ। ਧੀ ਦੇ ਜਵਾਨ ਹੋਣ 'ਤੇ ਵਰ ਟੋਲਣ ਦੀ ਗੱਲ ਆਉਂਦੀ ਹੈ। ਕਹਿਣ ਨੂੰ ਤਾਂ ਚੰਗਾ ਵਰ ਲੱਭਣ ਦੀ ਗੱਲ ਹੁੰਦੀ ਹੈ, ਪਰ ਅਸਲ ਵਿੱਚ ਚੰਗੇ ਵਰ ਤੋਂ ਭਾਵ ਚੰਗੀ ਜ਼ਮੀਨ-ਜਾਇਦਾਦ ਵਾਲਾ ਘਰ ਹੁੰਦਾ ਹੈ। ਮੁੰਡੇ ਦੀ ਆਰਥਿਕ ਹਾਲਤ ਚੰਗੀ ਹੋਣਾ ਧੀ ਦੇ ਮਾਪਿਆਂ ਲਈ ਪਹਿਲੀ ਪਸੰਦ ਹੁੰਦੀ ਹੈ। ਉਹ ਸਭ ਤੋਂ ਪਹਿਲਾਂ ਮੁੰਡੇ ਨੂੰ ਆਉਂਦੀ ਜ਼ਮੀਨ ਤੇ ਹੋਰ ਆਰਥਿਕ ਵਸੀਲਿਆਂ ਨੂੰ ਘੋਖਦੇ ਹਨ। ਜ਼ਮੀਨ-ਜਾਇਦਾਦ ਦੇ ਪਸੰਦ ਆਉਣ ਪਿੱਛੋਂ ਮੁੰਡਾ ਵਿਚਾਰਿਆ ਜਾਂਦਾ ਹੈ। ਜੇ ਪੰਜਾਬ ਦੇ ਸੰਦਰਭ ਵਿੱਚ ਵੇਖੀਏ ਤਾਂ ਚੰਗੀ ਜ਼ਮੀਨ-ਜਾਇਦਾਦ ਵਾਲਾ ਮੁੰਡਾ ਭਾਲਣ ਦਾ ਬੇਹੱਦ ਰੁਝਾਨ ਹੈ। ਪੂਰੇ ਪੰਜਾਬ ਵਿੱਚ ਨਾ ਵੀ ਕਹੀਏ ਤਾਂ ਮਾਲਵਾ-ਪੁਆਧ ਵਿੱਚ ਇਹ ਰੁਝਾਨ ਕਾਫੀ ਦੇਖਣ ਨੂੰ ਮਿਲਦਾ ਹੈ। ਇਸ ਵਿੱਚ ਅਤਿਕਥਨੀ ਨਹੀਂ ਹੋਵੇਗੀ ਜੇ ਇਹ ਕਹਿ ਲਿਆ ਜਾਵੇ ਕਿ ਰਿਸ਼ਤਾ ਮੁੰਡੇ ਨੂੰ ਨਹੀਂ, ਜ਼ਮੀਨ ਨੂੰ ਹੁੰਦਾ ਹੈ। ਇਸ ਗੱਲ ਨੂੰ ਕਾਫੀ ਸਲਾਹਿਆ ਜਾਂਦਾ ਹੈ ਕਿਉਂਕਿ ਪ੍ਰਚੱਲਿਤ ਧਾਰਨਾ ਇਹੀ ਹੈ ਕਿ ਕੁੜੀ ਸਾਧਨ-ਸੰਪੰਨ ਮੁੰਡੇ ਦੇ ਘਰ ਖੁਸ਼ੀ ਰਹੇਗੀ ਅਤੇ ਉਸ ਨੂੰ ਕਿਸੇ ਕਿਸਮ ਦੀ ਆਰਥਿਕ ਤੰਗੀ ਮਹਿਸੂਸ ਨਹੀਂ ਹੋਵੇਗੀ।

ਇਹ ਗੱਲ ਕਿੰਨੀ ਕੁ ਵਜ਼ਨਦਾਰ ਅਤੇ ਸਾਰਥਕ ਹੈ, ਇਸ ਬਾਰੇ ਵਿਚਾਰ ਕਰਦੇ ਹਾਂ। ਜਿਸ ਜ਼ਮੀਨ ਕਾਰਨ ਕੁੜੀ ਦਾ ਰਿਸ਼ਤਾ ਹੋਇਆ ਹੁੰਦਾ ਹੈ, ਕੀ ਉਹ ਇਸ਼ ਜ਼ਮੀਨ ਦੇ ਇੱਕ ਟੁਕੜੇ ਬਾਰੇ ਵੀ ਖੁਦ ਫੈਸਲਾ ਲੈ ਸਕਦੀ ਹੈ? ਕੀ ਉਹ ਉਸ ਜ਼ਮੀਨ ਦੀ ਪੈਦਾਵਾਰ ਅਤੇ ਮੁਨਾਫੇ ਨੂੰ ਖੁਦ ਵਰਤਣ ਦੇ ਸਮਰੱਥ ਹੁੰਦੀ ਹੈ? ਇਨ੍ਹਾਂ ਸਵਾਲਾਂ ਦਾ ਕੋਰਾ ਜਵਾਬ 'ਨਾਂਹ' ਹੈ। ਜੇ ਉਹ ਆਪਣੇ ਪਤੀ ਦੀ ਜ਼ਮੀਨ-ਜਾਇਦਾਦ, ਉਸਨੂੰ ਵਰਤਣ ਬਾਰੇ ਕੋਈ ਫੈਸਲਾ ਨਹੀਂ ਲੈ ਸਕਦੀ ਤਾਂ ਫਿਰ ਉਸਦੀ ਐਨੀ ਜ਼ਮੀਨ-ਜਾਇਦਾਦ ਵਾਲੇ ਮੁੰਡੇ ਨਾਲ ਵਿਆਹੇ ਜਾਣ ਦੀ ਕਿ ਤੁਕ ਬਣਦੀ ਹੈ? ਨਾ ਉਸ ਦੇ ਪੇਕਿਆਂ ਨੇ ਉਸਦੇ ਹੱਥ 'ਤੇ ਕੁਝ ਧਰਿਆ ਹੁੰਦਾ ਹੈ ਅਤੇ ਨਾ ਸਹੁਰੇ ਉਸ ਨੂੰ ਕੋਈ ਹੱਕ ਦਿੰਦੇ ਹਨ। ਪੇਕੇ ਘਰ ਵਿੱਚ ਕੁੜੀ 'ਪਰਾਏ ਘਰ ਜਾਣ' ਵਾਲੀ ਅਤੇ ਸਹੁਰੇ ਘਰ 'ਪਰਾਏ ਘਰੋਂ ਆਈ' ਹੁੰਦੀ ਹੈ। ਸਹੁਰੇ ਘਰ ਵਿੱਚ ਕੁੜੀ ਨਾਲ ਹਮੇਸ਼ਾਂ ਬੇਗਾਨਗੀ ਤੇ ਬੇਭਰੋਸਗੀ ਦਾ ਰਿਸ਼ਤਾ ਬਣਿਆ ਰਹਿੰਦਾ ਹੈ। ਦੋਵੇਂ ਥਾਵਾਂ 'ਤੇ ਉਸ ਨਾਲ ਦੁਜੈਲੇ ਪੱਧਰ ਵਾਲਾ ਵਿਹਾਰ ਕੀਤਾ ਜਾਂਦਾ ਹੈ। ਜੇ ਕਿਸੇ ਤਰ੍ਹਾਂ ਉਹ ਬੋਲਣ ਦੀ ਜ਼ੁਅੱਰਤ ਵੀ ਕਰਦੀ ਹੈ ਤਾਂ ਉਸ ਨੂੰ ਰਿਸ਼ਤਿਆਂ ਦਾ ਵਾਸਤਾ ਪਾ ਕੇ ਚੁੱਪ ਕਰਾ ਦਿੱਤਾ ਜਾਂਦਾ ਹੈ। ਜਿਸ ਘਰ ਨੂੰ ਉਹ ਹੱਕ ਨਾਲ ਆਪਣਾ ਕਹਿ ਸਕੇ, ਉਹ ਉਸ ਨੂੰ ਸਾਰੀ ਜ਼ਿੰਦਗੀ ਨਸੀਬ ਨਹੀਂ ਹੁੰਦਾ।

ਮਾਪੇ ਇਹ ਜਤਾਉਂਦੇ ਹਨ ਕਿ ਇਹ ਸਭ ਕੁਝ ਕੁੜੀ ਦੀ ਸੁੱਖ-ਸੁਵਿਧਾ ਲਈ ਕੀਤਾ ਜਾਂਦਾ ਹੈ। ਅਸਲ ਵਿੱਚ ਇਹ ਮਾਪਿਆਂ ਵੱਲੋਂ ਰਚਾਇਆ ਅਡੰਬਰ ਹੁੰਦਾ ਹੈ ਜਿਸ ਰਾਹੀਂ ਉਹ ਧੀਆਂ ਨੂੰ ਭਾਵਨਾਤਮਕ ਤੌਰ 'ਤੇ ਬਲੈਕਮੇਲ ਕਰਦੇ ਹਨ। ਅਸਲੀ ਕਾਰਨ ਇਹ ਹੈ ਕਿ ਉਹ ਆਪਣੀ ਧੀ ਨੂੰ ਕਿਸੇ ਚੰਗੀ ਜ਼ਮੀਨ-ਜਾਇਦਾਦ ਵਾਲੇ ਮੁੰਡੇ ਦੇ ਗਲ ਪਾ ਕੇ ਆਪਣੀ ਜ਼ਿੰਮਵਾਰੀ ਤੋਂ ਮੁਕਤ ਹੋਣਾ ਲੋਚਦੇ ਹਨ, ਕਿਉਂਕਿ ਅਜਿਹਾ ਕਰਨ ਨਾਲ ਕੁੜੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪਿੱਛਲ-ਝਾਕ ਨਹੀਂ ਰੱਖੇਗੀ। ਇਸ ਸਥਿਤੀ ਵਿੱਚ ਮਾਪਿਆਂ ਨੂੰ ਕੁੜੀ ਦੀ ਕਿਸੇ ਕਿਸਮ ਦੀ ਆਰਥਿਕ ਮਦਦ ਨਹੀਂ ਕਰਨੀ ਪਵੇਗੀ ਅਤੇ ਉਨ੍ਹਾਂ ਦੀ ਜ਼ਮੀਨ-ਜਾਇਦਾਦ ਉਨ੍ਹਾਂ ਦੇ ਮੁੰਡੇ ਲਈ ਸੁਰੱਖਿਅਤ ਹੋ ਜਾਵੇਗੀ।

ਸੱਚਾਈ ਇਹ ਹੈ ਕਿ ਇਸੇ ਸੋਚ ਕਾਰਨ ਕੁੜੀਆਂ ਨੂੰ ਦੂਹਰੀ ਮੁਸੀਬਤ ਦਾ ਸਾਹ-ਮਣਾ ਕਰਨਾ ਪੈਂਦਾ ਹੈ। ਵਿਆਹ ਕਰ ਕੇ ਮਾਪੇ ਤਾਂ ਕੁੜੀ ਨੂੰ ਦੂਜੇ ਘਰ ਤੋਰ ਦਿੰਦੇ ਹਨ ਅਤੇ ਸਹੁਰਾ ਪਰਵਾਰ ਉਨ੍ਹਾਂ ਨੂੰ ਢੋਈ ਨਹੀਂ ਦਿੰਦਾ। ਇਸੇ ਚੱਕਰ ਵਿੱਚ ਉਹ ਕਦੀ ਨਾ ਮੁੱਕਣ ਵਾਲੀ ਤ੍ਰਾਸਦਿਕ ਸਥਿਤੀ ਦੇ ਖਲਾਅ ਵਿੱਚ ਲਟਕ ਜਾਂਦੀਆਂ ਹਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਤੱਕ ਨਹੀਂ ਹੁੰਦਾ। ਚੰਗੇ ਸਾਧਨ-ਸੰਪੰਨ ਘਰਾਂ ਨਾਲ ਸਬੰਧਿਤ ਧੀਆਂ ਵੀ ਸਹੁਰੇ ਪਰਵਾਰ ਵਿੱਚ ਕੁੜੀ ਹੋਣ ਦੀ ਵਿਡੰਬਨਾ ਨੂੰ ਝੱਲ ਰਹੀਆਂ ਹਨ। ਜ਼ਿਆਦਾਤਰ ਕੁੜੀਆਂ ਦੀ ਹੋਣੀ ਇਹੀ ਹੈ ਕਿ ਉਨ੍ਹਾਂ ਨੇ ਗਰੀਬੀ ਨੂੰ ਹੰਢਾਉਣ ਹੁੰਦਾ ਹੈ, ਭਾਵੇਂ ਉਨ੍ਹਾਂ ਦੇ ਪੇਕੇ ਜਾਂ ਸਹੁਰੇ ਆਰਥਿਕ ਪੱਖੋਂ ਕਿੰਨੇ ਹੀ ਸਾਧਨ ਸੰਪੰਨ ਕਿਉਂ ਨਾ ਹੋਣਾ। ਕੁੜੀਆਂ ਨੂੰ ਦਿੱਤੇ ਜਾਂਦੇ ਦਾਜ ਦਾ ਸਬੰਧ ਵੀ ਉਸਦੇ ਸਹੁਰੇ ਪਰਵਾਰ ਨਾਲ ਹੁੰਦਾ ਹੈ। ਕੁੜੀ ਨੂੰ ਸਿਰਫ ਕੁਝ ਘਰੇਲੂ ਵਸਤਾਂ ਦੇ ਕੇ ਸੰਤੁਸ਼ਟ ਕਰ ਦਿੱਤਾ ਜਾਂਦਾ ਹੈ। ਕਈ ਘਰਾਂ ਵਿੱਚ ਇਹ ਵਰਤਾਰਾ ਆਮ ਦੇਖਣ ਨੂੰ ਮਿਲਿਆ ਹੈ ਕਿ ਕੁੜੀ ਦੇ ਕੁਝ ਵੱਧ ਬਿਮਾਰ ਹੋਣ 'ਤੇ ਇਲਾਜ ਲਈ ਉਸ ਨੂੰ ਪੇਕੇ ਭੇਜ ਦਿੱਤਾ ਜਾਂਦਾ ਹੈ ਤੇ ਮਾਪੇ ਇਸ ਗੱਲ 'ਤੇ ਔਖੇ ਹੁੰਦੇ ਹਨ ਕਿ ਸਹੁਰੇ ਪਰਵਾਰ ਕੁੜੀ ਦਾ ਠੀਕ ਤਰੀਕੇ ਨਾਲ ਇਲਾਜ ਨਹੀਂ ਕਰਾਉਂਦਾ। ਕੁੜੀ ਨੂੰ ਸਭ ਸੁੱਖ-ਸਹੂਲਤਾਂ ਤੋਂ ਵਾਂਝਾ ਰੱਖਿਆ ਹੋਇਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਆਪਣੇ ਅੰਦਰ ਝਾਤ ਮਾਰ ਕੇ ਦੇਖ ਲੈਣੀ ਚਾਹੀਦੀ ਹੈ ਕਿ ਉਨ੍ਹਾਂ ਨੇ ਆਪਣੀ ਕੁੜੀ ਲਈ ਕੀ ਕੀਤਾ ਜੋ ਉਹ ਸਹੁਰੇ ਪਰਵਾਰ ਤੋਂ ਆਸ ਰੱਖਦੇ ਹਨ। ਉਨ੍ਹਾਂ ਲਈ ਤਾਂ ਉਹ ਫੇਰ ਵੀ ਪਰਾਈ ਹੈ, ਪਰ ਤੁਹਾਡੀ ਆਪਣੀ ਜੰਮੀ ਜਾਈ ਸੀ। ਪੇਕੇ ਪਰਵਾਰ ਨੇ ਉਸ ਨੂੰ ਕਿਹੜੀ ਆਰਥਿਕ ਸੁਰੱਖਿਆ ਹਾਸਲ ਕਰਵਾਈ ਸੀ?

ਕੁੜੀ ਕੋਲ ਆਰਥਿਕ ਸੁਰੱਖਿਆ ਹੋਵੇ ਤਾਂ ਸਹੁਰੇ ਪਰਵਾਰ ਵਿੱਚ ਉਸ ਉਪਰ ਹੋਣ ਵਾਲੇ ਕੋਈ ਕਿਸਮ ਦੇ ਤਸ਼ੱਦਦ ਤੋਂ ਉਸ ਦਾ ਬਚਾਅ ਹੋ ਸਕਦਾ ਹੈ। ਮਾਪਿਆਂ ਨੂੰ ਬੜੀ ਖੁਸ਼ੀ ਹੁੰਦੀ ਹੈ ਜਦੋਂ ਉਨ੍ਹਾਂ ਦਾ ਜਵਾਈ ਕੁੜੀ ਨੂੰ ਖੁਸ਼ ਰੱਖਦਾ, ਉਸ ਦਾ ਸਾਥ ਦਿੰਦਾ, ਪਰ ਜਦੋਂ ਇਹ ਗੱਲ ਆਪਣੇ ਮੁੰਡੇ ਦੀ ਆਉਂਦੀ ਹੈ ਤਾਂ ਜਵਾਈ ਵਾਲੇ ਢੰਗ ਅਪਨਾਉਣ ਵਾਲੇ ਆਪਣੇ ਮੁੰਡੇ ਨੂੰ 'ਜ਼ੋਰੂ ਦਾ ਗੁਲਾਮ' ਐਲਾਨ ਦਿੱਤਾ ਜਾਂਦਾ ਹੈ। ਨੂੰਹ ਨੂੰ ਇਸ ਕਰ ਕੇ ਵੀ ਹਲਕੇ ਫੁਲਕੇ ਭਾਵ ਵਿੱਚ ਲਿਆ ਜਾਂਦਾ ਹੈ ਕਿ ਉਸ ਕੋਲ ਕਿਸੇ ਕਿਸਮ ਦੀ ਆਰਥਿਕ ਸੁਰੱਖਿਆ ਨਹੀਂ ਹੁੰਦੀ। ਲੜਾਈ-ਝਗੜੇ ਵੇਲੇ ਉਸ ਨੂੰ ਕਈ ਵਾਰ ਘਰੋਂ ਬਾਹਰ ਹੋ ਜਾਣ ਦੇ ਬੋਲ ਸੁਣਨੇ ਪੈਂਦੇ ਹਨ। ਭਰਪੂਰ ਦਾਜ ਲਿਆਉਣ ਪਿੱਛੋਂ ਵੀ ਉਹ ਗਰੀਬ ਤੇ ਸਾਧਨ ਵਿਹੂਣੀ ਹੀ ਰਹਿੰਦੀ ਹੈ। ਕਿਸੇ ਕਿਸਮ ਦਾ ਕੋਈ ਫੈਸਲਾ ਕਰਨ ਦਾ ਹੱਕ ਅਤੇ ਤਾਕਤ ਨਹੀਂ ਹੁੰਦੀ। ਇਹ ਕੁੜੀਆਂ ਦੀ ਤ੍ਰਾਸਦੀ ਹੈ ਕਿ ਭਰਪੂਰ ਦਾਜ ਲਿਆਉਣ ਦੇ ਬਾਵਜੂਦ ਅਤੇ ਲੱਖਾਂ ਰੁਪਏ ਉਨ੍ਹਾਂ ਦੇ ਵਿਆਹ 'ਤੇ ਖਰਚਣ ਦੇ ਬਾਵਜੂਦ ਉਹ ਦਿਨਕਟੀ ਹੀ ਕਰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਸਾਡੇ ਸਮਾਜ ਵਿੱਚ ਤਾਕਤ ਦਾ ਸਬੰਧ ਪੈਸੇ ਨਾਲ ਜੋੜਿਆ ਜਾਂਦਾ ਹੈ। ਜਿਸ ਕੋਲ ਪੈਸਾ ਹੈ, ਉਹ ਕੋਈ ਫੈਸਲਾ ਕਰਨ ਦੇ ਸਮਰੱਥ ਹੈ, ਦੂਜਾ ਨਹੀਂ।

ਮਾਪੇ ਇਸ ਗੱਲ ਦਾ ਪ੍ਰਚਾਰ ਬੜੇ ਮਾਣ ਨਾਲ ਕਰਦੇ ਹਨ ਕਿ ਅਸੀਂ ਆਪਣੀ ਧੀ ਦੇ ਵਿਆਹ ਉੱਤੇ ਐਨਾ ਖਰਚਾ ਕੀਤਾ, ਪਰ ਸੋਚ ਕੇ ਦੇਖੋ, ਇਸ ਸਾਰੇ ਖਰਚੇ ਵਿੱਚੋਂ ਕੁੜੀ ਦੇ ਹਿੱਸੇ ਕੀ ਆਉਂਦਾ ਹੈ? ਮਾਪੇ ਸਿਰਫ ਆਪਣੇ ਮਾਣ ਇੱਜ਼ਤ ਲਈ ਅਤੇ ਲੋਕਾਚਾਰੀ ਦੇ ਦਿਖਾਵੇ ਲਈ ਲੋਕਾਂ ਉੱਤੇ ਫਜ਼ੂਲ ਖਰਚਾ ਕਰਦੇ ਹਨ ਤੇ ਸਾਰੀ ਅਹਿਸਾਨਮੰਦੀ ਕੁੜੀ ਨੂੰ ਜਤਾ ਦਿੱਤੀ ਜਾਂਦੀ ਹੈ। ਫਿਰ ਉਹ ਇਸ ਭਾਵਨਾ ਨਾਲ ਲਬਰੇਜ਼ ਹੋਈ ਸਹੁਰੇ ਘਰ ਤੁਰ ਜਾਂਦੀ ਹੈ। ਇਹ ਸਾਰੀ ਪ੍ਰਕਿਰਿਆ ਐਨੀ ਅਨੁਕੂਲਿਤ ਹੁੰਦੀ ਹੈ ਕਿ ਕੁੜੀਆਂ ਨੂੰ ਇਹ ਅਹਿਸਾਸ ਨਹੀਂ ਹੋਣ ਦਿੱਤਾ ਜਾਂਦਾ ਕਿ ਉਸ ਨਾਲ ਉਸ ਦੇ ਵਿਆਹ ਦੇ ਨਾਮ 'ਤੇ ਉਸ ਨੂੰ ਕਿੰਨੀ ਸਫਾਈ ਨਾਲ ਪੇਕੇ ਪਰਵਾਰ ਦੇ ਸਾਰੇ ਹੱਕਾਂ ਤੋਂ ਵਿਰਵਾ ਕਰ ਦਿੱਤਾ ਜਾਂਦਾ ਹੈ।

ਅੱਜ ਦੇ ਸਮੇਂ ਵਿੱਚ ਜੇ ਸੱਚਮੁੱਚ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦੀਆਂ ਧੀਆਂ ਖੁਸ਼ਹਾਲ ਜੀਵਨ ਬਤੀਤ ਕਰਨ ਤਾਂ ਉਨ੍ਹਾਂ ਨੂੰ ਲੋਕਾਚਾਰੀ ਅਤੇ ਆਪਣੇ ਲਾਲਚ ਛੱਡ ਕੇ ਸੱਚਮੁੱਚ ਧੀਆਂ ਲਈ ਕੁਝ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦਾ ਜੀਵਨ ਸੁਖਾਲਾ ਹੋਵੇ। ਸਭ ਤੋਂ ਪਹਿਲਾਂ ਮਾਪਿਆਂ ਨੂੰ ਆਪਣੀਆਂ ਧੀਆਂ ਨਾਲ ਖੜੋਣਾ ਪਵੇਗਾ। ਇਸ ਦਾ ਪਹਿਲਾ ਤਰੀਕਾ ਜ਼ਮੀਨ-ਜਾਇਦਾਦ ਵਿੱਚ ਧੀਆਂ ਨੂੰ ਹਿੱਸੇ ਦੀ ਜ਼ਮੀਨ ਦੇ ਬਰਾਬਰ ਰਕਮ ਦੇਣਾ ਹੋ ਸਕਦਾ ਹੈ। ਇਸ ਨਾਲ ਧੀਆਂ ਨੂੰ ਵਰਕਤਮਾਨ ਤੇ ਭਵਿੱਖ ਵਿੱਚ ਕਿਸੇ ਸੰਕਟ ਜਾਂ ਲੋੜ ਸਮੇਂ ਆਪਣੇ ਪੈਰਾਂ 'ਤੇ ਖੜੋਣ ਲਈ ਠੋਸ ਜ਼ਮੀਨ ਮਿਲੇਗੀ ਤੇ ਉਹ ਬੁਨਿਆਦਹੀਣ ਨਹੀਂ ਹੋਣਗੀਆਂ। ਜੇ ਧੀਆਂ ਦੀ ਬੁਨਿਆਦ ਮਜ਼ਬੂਤ ਹੋਵੇਗੀ ਤਾਂ ਹੀ ਉਹ ਆਪਣੇ ਸੁਪਨਿਆਂ ਨੂੰ ਇੱਕ ਨਵੀਂ ਪਰਵਾਜ਼ ਦੇਣ ਦੇ ਕਾਬਿਲ ਹੋਣਗੀਆਂ।

## ਮਿੰਨੀ ਕਹਾਣੀ: ਪੱਥਰ ਅਤੇ ਫੁੱਲ

-ਡਾਕਟਰ ਮਨਜੀਤ ਸਿੰਘ ਬੱਲ

ਔਰਤਾਂ ਦੇ ਹੱਕਾਂ ਦੀ ਰਾਖੀ ਲਈ ਬਣੇ ਸੰਗਠਨ ਦੀ ਜ਼ਿਲ੍ਹਾ ਪ੍ਰਧਾਨ ਕਮਲਾ ਦੇਵੀ ਵੱਡੇ ਇਕੱਠ ਵਿੱਚ ਧੂੰਆਂਧਾਰ ਭਾਸ਼ਣ ਕਰ ਰਹੀ ਸੀ, "ਮੇਰੀਓ ਭੈਣੋ ਅਤੇ ਪੰਜਾਬ ਦੀਓ ਧੀਓ। ਤੁਹਾਨੂੰ ਪਤਾ ਹੈ ਕਿ ਏਕੇ ਵਿੱਚ ਬੜੀ ਬਰਕਤ ਹੁੰਦੀ ਹੈ। ਜਿਹੜਾ ਵੀ ਸੰਗਠਨ ਇਕਮੁਠ ਹੋ ਕੇ ਆਪਣੇ ਹੱਕਾਂ ਲਈ ਜੂਝਦਾ ਹੈ, ਉਸ ਨੂੰ ਕਾਮਯਾਬੀ ਮਿਲ ਹੀ ਜਾਂਦੀ ਹੈ। ਸਰਕਾਰ ਨੂੰ ਆਖਰ ਸਾਡੇ ਰਾਖਵੇਂਕਰਨ ਦੀ ਮੰਗ ਅੱਗੇ ਝੁਕਣਾ ਹੀ ਪੈਣਾ ਹੈ। ਇਹ ਹੱਕ ਅਸੀਂ ਲੈ ਕੇ ਹੀ ਰਹਿਣਾ ਹੈ?"

"ਮਹਿਲਾ ਸੰਗਠਨ ਜ਼ਿੰਦਾਬਾਦ। ਕਮਲਾ ਦੇਵੀ ਜ਼ਿੰਦਾਬਾਦ।" ਦੇ ਨਾਅਰੇ ਗੂੰਜਣ ਲੱਗੇ।

"ਦਾਜ ਦੇ ਲੋਭੀ ਸੁਣ ਲੈਣ। ਜਿਹੜਾ ਵਿਅਕਤੀ ਦਾਜ ਬਦਲੇ ਕਿਸੇ ਧੀ ਨੂੰ ਤੰਗ ਕਰੇਗਾ...ਸਾਡਾ ਸੰਗਠਨ ਉਸ ਦੇ ਬੂਹੇ ਅੱਗੇ ਸਿਆਪਾ ਕਰੇਗਾ।"

'ਮਹਿਲਾ ਸੰਗਠਨ ਜ਼ਿੰਦਾਬਾਦ। ਕਮਲਾ ਦੇਵੀ ਜ਼ਿੰਦਾਬਾਦ।"

"ਮੈਂ ਉਨ੍ਹਾਂ ਡਾਕਟਰਾਂ ਨੂੰ ਚਿਤਾਵਨੀ ਦੇਣਾ ਚਾਹੁੰਦੀ ਹਾਂ, ਜੋ ਅਲਟਰਾਸਾਊਂਡ ਦੀ ਰਿਪੋਰਟ ਵਿੱਚ ਦੱਸਦੇ ਨੇ ਕਿ ਪੇਟ ਅੰਦਰ ਲੜਕੀ ਹੈ ਜਾਂ ਲੜਕਾ। ਅਜਿਹੇ ਡਾਕਟਰਾਂ ਵਿਰੁੱਧੇ ਸਾਡਾ ਸੰਗਠਨ ਯੁੱਧ ਛੇੜੇਗਾ।" ਗੂੰਜਦੇ ਨਾਅਰਿਆਂ ਵਿੱਚ ਕਮਲਾ ਦੇਵੀ ਨੇ ਆਪਣਾ ਭਾਸ਼ਣ ਖਤਮ ਕੀਤਾ। ਜੋਸ਼ੀਲੇ ਭਾਸ਼ਣ ਨਾਲ ਥੱਕੀ ਹੋਈ ਉਹ ਘਰ ਪੁੱਜ ਕੇ ਆਰਾਮ ਨਾਲ ਲੇਟ ਗਈ।

"ਝਾਈ ਜੀ ਚਾਹ ਲਿਆਵਾਂ?" ਆਗਿਆਕਾਰੀ ਪੁੱਤਰ ਅਨਿਲ ਨੇ ਕਮਲਾ ਦੇਵੀ ਦੀਆਂ ਲੱਤਾਂ ਘੁਟਦਿਆਂ ਪੁੱਛਿਆ।

"ਤੇਰੀ ਵਹੁਟੀ ਨੂੰ ਤਾਂ ਏਨੀ ਅਕਲ ਵੀ ਨਹੀਂ ਕਿ ਮੈਂ ਬਾਹਰੋਂ ਆਈ ਹਾਂ, ਕੋਈ ਪਾਣੀ-ਧਾਣੀ ਜਾਂ ਚਾਹ ਈ ਪੁੱਛ ਲਵੇ।" ਕਮਲਾ ਦੇਵੀ ਨੇ ਪੁੱਤਰ ਨੂੰ ਉਸ ਦੀ ਵਹੁਟੀ, ਭੋਲੀ ਵਿਰੁੱਧ ਕਰਨ ਵਾਲੇ ਲਹਿਜ਼ੇ ਵਿੱਚ ਕਿਹਾ।

ਤੀਹ ਸਾਲ ਦੇ ਅਨਿਲ ਦੇ ਵਿਆਹ ਨੂੰ ਪੰਜ ਸਾਲ ਹੋਏ ਸਨ। ਪਿਓ ਨਾਲ ਕੱਪੜੇ ਦੇ ਕਾਰੋਬਾਰ ਵਿੱਚ ਹੀ ਸੀ, ਚੰਗੀ ਆਮਦਨ ਸੀ। ਵਿਆਹ ਤੋਂ ਸਾਲ ਬਾਅਦ ਹੀ ਇੱਕ ਕੰਨਿਆ ਆ ਗਈ ਅਤੇ ਅਗਲੇ ਸਾਲ ਦੂਜੀ ਬੇਟੀ ਨੇ ਜਨਮ ਲੈ ਲਿਆ।

"ਝਾਈ ਜੀ...ਕੱਲ੍ਹ ਮੈਂ ਭੋਲੀ ਨੂੰ ਲੈ ਕੇ ਡਾਕਟਰ ਆਂਟੀ ਕੋਲ ਗਿਆ ਸੀ।" ਲੱਤਾਂ ਦਬਾਉਂਦੇ ਹੋਏ ਅਨਿਲ ਨੇ ਆਪਣੀ ਮਾਂ ਕਮਲਾ ਦੇਵੀ ਨਾਲ ਗੱਲ ਚਲਾਈ।

"ਅੱਛਾ ਕੀ ਕਹਿੰਦੀ ਸੀ ਡਾਕਟਰ ਆਂਟੀ? ਐਤਕੀਂ ਵੀ ਕਿਤੇ ਪੱਥਰ ਤਾਂ ਨਹੀਂ ਸਾਡੇ ਕਰਮਾਂ ਵਿੱਚ?" ਉਤਸੁਕਤਾ ਵਿੱਚ ਕਮਲਾ ਦੇਵੀ ਇੱਕੋ ਵਾਰੀ ਕਿੰਨੇ ਸਾਰੇ ਸਵਾਲ ਪੁੱਛ ਗਈ।

"ਆਂਟੀ ਕਹਿੰਦੀ ਸੀ ਕਿ ਡਾਕਟਰ ਸ਼ਰਮਾ ਸਹੀ ਰਿਪੋਰਟ ਦਿੰਦੇ ਨੇ। ਲਿਖ ਕੇ ਇਹੀ ਦਸਦੇ ਨੇ ਬੱਚਾ ਠੀਕ ਠਾਕ ਹੈ, ਪਰ ਕੰਨ ਵਿੱਚ ਦੱਸਦੇ ਹਨ ਕਿ ਕੁੜੀ ਹੈ ਜਾਂ ਮੁੰਡਾ। ਜੇ ਤੁਸੀਂ ਕਹੋ ਤਾਂ ਅੱਜ ਅਲਟਰਾਸਾਊਂਡ ਕਰਵਾ ਈ ਲਿਆਵਾਂ?"


"ਹਾਂ, ਬੇਟਾ ਇਹ ਟੈਸਟ ਐਤਕੀਂ ਜ਼ਰੂਰ ਕਰਵਾਉਣੈ। ਮੈਂ ਵੀ ਸੁਣਿਐ। ਡਾਕਟਰ ਸ਼ਰਮਾ ਬੜਾ ਸਿਆਣਾ ਹੈ। ਉਸ ਦੀ ਰਿਪੋਰਟ ਠੀਕ ਹੁੰਦੀ ਹੈ। ਰੱਬ ਨੇ ਪਹਿਲਾਂ ਹੀ ਦੋ ਪੱਥਰ ਦਿੱਤੇ ਹੋਏ ਨੇ। ਹੁਣ ਤਾਂ ਫੁੱਲ ਦਾ ਮੂੰਹ ਵਿਖਾਵੇ।"

"ਪਰਮਾਤਮਾ ਇਸ ਵਾਰ ਤਾਂ ਮਿਹਰਬਾਨ ਹੋ ਜਾਊ, ਪਰ ਭੋਲੀ ਨੂੰ ਇਸ ਵਾਰ ਦੱਸ ਦੇਈਂ...ਦਾਜ ਘੱਟ ਲਿਆਉਣ ਵਾਲੀ ਗੱਲ ਤਾਂ ਮੈਂ ਜਰੀ ਹੋਈ ਏ। ਇਸ ਨੇ ਦੋ ਕੁੜੀਆਂ ਜੰਮੀਆਂ, ਮੈਂ ਉਹ ਵੀ ਜਰ ਲਈਆਂ। ਜੇ ਤੀਜੀ ਵੀ ਕੁੜੀ ਹੋਈ ਤਾਂ ਮੇਰੇ ਨਾਲੋਂ ਬੁਰੀ ਕੋਈ ਨਹੀਂ ਹੋਵੇਗਾ।" ਕਮਲਾ ਦੇਵੀ ਰੋਹ ਵਿੱਚ ਆ ਗਈ ਸੀ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

## ਭਾਣਜੇ ਨਾਲ ਜਾਂਦਾ ਸੀ ਮਾਮਾ, ਸੜਕ ਹਾਦਸੇ ਵਿੱਚ ਦੋਵਾਂ ਦੀ ਮੌਤ

ਪਟਿਆਲਾ, 14 ਅਕਤੂਬਰ (ਪੋਸਟ ਬਿਊਰੋ)- ਬੇਟੇ ਦੇ ਜਨਮ ਦਿਨ ਦੀ ਵਧਾਈ ਦੇਣ ਲਈ ਆਏ ਹੋਏ ਮਾਮੇ ਨੂੰ ਛੱਡਣ ਜਾ ਰਹੇ ਨੌਜਵਾਨ ਨੂੰ ਕੱਲ੍ਹ ਰਾਤ ਕਿਸੇ ਅਣਪਛਾਤੇ ਕਾਰ ਚਾਲਕ ਨੇ ਟੱਕਰ ਮਾਰ ਦਿੱਤੀ। ਇਸ ਹਾਦਸੇ ਵਿੱਚ ਬਾਈਕ ਸਵਾਰ ਮਾਮਾ ਅਤੇ ਭਾਂਜਾ ਦੋਵਾਂ ਦੀ ਮੌਤ ਹੋ ਗਈ। ਸਰਹਿੰਦ ਰੋਡ 'ਤੇ ਪਿੰਡ ਕਸਿਆਣਾ ਨੇੜੇ ਇਹ ਹਾਦਸਾ ਕੱਲ੍ਹ ਦੇਰ ਰਾਤ ਹੋਇਆ, ਜਿਸ ਪਿੱਛੋਂ ਕਾਰ ਸਵਾਰ ਫਰਾਰ ਹੋ ਗਿਆ। ਮ੍ਰਿਤਕਾਂ ਦੀ ਪਛਾਣ 28 ਸਾਲ ਮਲਕੀਤ ਸਿੰਘ ਓਫ ਟਿੰਕੂ ਵਾਸੀ ਕਸਿਆਣਾ ਅਤੇ 52 ਸਾਲ ਰਜਿੰਦਰ ਸਿੰਘ ਓਫ ਬੱਬੂ ਵਾਸੀ ਤਫਜਲਪੁਰਾ ਦੇ ਰੂਪ ਵਿੱਚ ਹੋਈ।ਮਲਕੀਤ ਦੀ ਮੌਤ ਦੇ ਬਾਅਦ ਉਸ ਦੇ ਪਰਵਾਰ ਵਿੱਚ ਪਤਨੀ ਅਤੇ ਤਿੰਨ ਬੱਚੇ ਰਹਿ ਗਏ ਹਨ।

ਥਾਣਾ ਅਨਾਜ ਮੰਡੀ ਦੇ ਏ ਐਸ ਆਈ ਪਵਨ ਨੇ ਦੱਸਿਆ ਕਿ ਪਰਵਾਰਕ ਮੈਂਬਰਾਂ ਦੇ ਬਿਆਨਾਂ ਉਤੇ ਅਣਪਛਾਤੇ ਵਾਹਨ ਚਾਲਕ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਕਾਰ ਸਵਾਰ ਤੋਂ 12 ਲੱਖ ਦੀ ਹਵਾਲਾ ਰਾਸ਼ੀ ਫੜੀ, ਦੋ ਲੋਕ ਕਾਬੂ

ਲੁਧਿਆਣਾ, 14 ਅਕਤੂਬਰ (ਪੋਸਟ ਬਿਊਰੋ)- ਐਂਟੀ ਨਾਰਕੋਟਿਕਸ ਸੈੱਲ ਵੱਲੋਂ ਡਰੱਗ ਮਨੀ ਫੜਨ ਲਈ ਕੱਲ੍ਹ ਗਿਲ ਰੋਡ ਦੇ ਕੋਲ ਨਾਕਾਬੰਦੀ ਕਰ ਕੇ ਵਾਹਨਾਂ ਦੀ ਜਾਂਚ ਕਰਨ ਦੌਰਾਨ ਪੁਲਸ ਨੂੰ ਇੱਕ ਕਾਰ ਤੋਂ 12 ਲੱਖ ਰੁਪਏ ਮਿਲੇ। ਕਾਰ ਸਵਾਰ ਤੋਂ ਪੁੱਛਗਿੱਛ ਵਿੱਚ ਪਤਾ ਲੱਗਾ ਕਿ ਦੋਸ਼ੀ ਇਹ ਹਵਾਲਾ ਰਾਸ਼ੀ ਲੈ ਕੇ ਜਾ ਰਿਹਾ ਸੀ। ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਕੇ ਇਸਦੀ ਜਾਣਕਾਰੀ ਇਨਕੰਮ ਟੈਕਸ ਵਿਭਾਗ ਨੂੰ ਦੇ ਦਿੱਤੀ ਅਤੇ ਖੁਦ ਵੀ ਜਾਂਚ ਵਿੱਚ ਲੱਗੀ ਹੋਈ ਹੈ।

ਪਤਾ ਲੱਗਾ ਹੈ ਕਿ ਪੁਲਸ ਨੂੰ ਸੂਚਨੀ ਮਿਲ ਸੀ ਕਿ ਕੁਝ ਲੋਕ ਭਾਰੀ ਮਾਤਰਾ ਵਿੱਚ ਨਸ਼ਾ ਵੇਚ ਕੇ ਉਸ ਦੇ ਪੈਸੇ ਲੈ ਕੇ ਜਾਣ ਵਾਲੇ ਹਨ। ਪੁਲਸ ਨੇ ਇਸ ਬਾਰੇ ਥਾਣਾ ਡਿਵੀਜਨ ਨੰਬਰ ਦੋ ਦੇ ਕਈ ਥਾਂਈਂ ਨਾਕਾਬੰਦੀ ਕਰ ਦਿੱਤੀ ਤਾਂ ਇਸ ਦੌਰਾਨ ਇੱਕ ਕਾਰ ਤੋਂ ਇਹ ਹਵਾਲਾ ਰਾਸ਼ੀ ਬਰਾਮਦ ਹੋਈ। ਕਾਰ ਸਵਾਰ ਤੋਂ ਜਦੋਂ ਪੈਸੇ ਬਾਰੇ ਪੁੱਛਿਆ ਤਾਂ ਉਹ ਇਸਦੇ ਬਾਰੇ ਕੁਝ ਵੀ ਸਪੱਸ਼ਟ ਨਹੀਂ ਦੱਸ ਸਕਿਆ। ਇਸ ਦੇ ਬਾਅਦ ਪੁਲਸ ਨੇ ਕਾਰ ਡਰਾਈਵਰ ਤੇ ਉਸਦੇ ਸਾਥੀ ਨੂੰ ਹਿਰਾਸਤ ਵਿੱਚ ਲੈ ਲਿਆ। ਐਂਟੀ ਨਾਰਕੋਟਿਕਸ ਸੈੱਲ ਦੀ ਪੁਲਸ ਨੇ ਦੋਸ਼ੀਆਂ ਦੇ ਖਿਲਾਫ ਥਾਣਾ ਡਿਵੀਜਨ ਨੰਬਰ ਦੋ ਵਿੱਚ ਡੇਲੀ ਡਾਇਰੀ ਰਿਪੋਟ (ਡੀ ਡੀ ਆਰ) ਦਾ ਕੇਸ ਦਰਜ ਕਰ ਲਿਆ ਹੈ। ਥਾਣਾ ਡਿਵੀਜਨ ਨੰਬਰ ਦੋ ਦੇ ਐਸ ਐਚ ਓ ਸੁਰਿੰਦਰ ਚੋਪੜਾ ਨੇ ਕਿਹਾ ਕਿ ਮਾਮਲੇ ਦੇ ਬਾਰੇ ਅਜੇ ਤੱਕ ਪੂਰਾ ਖੁਲਾਸਾ ਨਹੀਂ ਹੋ ਪਾਇਆ ਹੈ।

# ਹਰਸਿਮਰਤ ਕੌਰ ਦੀ ਹਮਲਾਵਰ ਭਾਸ਼ਾ ਦਾ ਅਮਰਿੰਦਰ ਸਿੰਘ ਵੱਲੋਂ ਠੋਕਵਾਂ ਜਵਾਬ

ਚੰਡੀਗੜ੍ਹ, 14 ਅਕਤੂਬਰ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਮੰਤਰੀ ਤੇ ਅਕਾਲੀ ਦਲ ਦੀ ਆਗੂ ਹਰਸਿਮਰਤ ਕੌਰ ਬਾਦਲ ਵਲੋਂ ਪੰਜਾਬ ਸਰਕਾਰ ਵਿਰੁਧ ਕੀਤੀ ਬਿਆਨਬਾਜ਼ੀ ਦਾ ਠੋਕਵਾਂ ਜਵਾਬ ਦਿੰਦੇ ਹੋਏ ਅੱਜ ਉਸ ਨੂੰ ਚੇਤੇ ਕਰਵਾਇਆ ਕਿ ਉਸ ਦੀ ਪਾਰਟੀ ਅਕਾਲੀ ਦਲ ਦੀ ਸਰਕਾਰ ਵੇਲੇ ਅਕਾਲੀ ਆਗੂ ਖੁਦ ਹੀ ਰਾਜਸੀ ਸ਼ਕਤੀ ਦੇ ਬਲਬੂਤੇ ਬੜੀ ਬੇਸ਼ਰਮੀ ਨਾਲ ਗਿਣ-ਮਿੱਥ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੱਤਕ ਕਰਦੇ ਰਹੇ ਹਨ, ਜਦ ਕਿ ਇਸ ਤੋਂ ਉਲਟ ਸਾਡੀ ਸਰਕਾਰ ਨੇ ਅਕਾਲ ਤਖ਼ਤ ਸਾਹਿਬ ਜੀ ਦੀ ਸਰਬ ਉਚਤਾ ਪ੍ਰਵਾਨ ਕਰਦੇ ਹੋਏ ਇਸ ਦਾ ਹਰ ਪੱਖ ਤੋਂ ਬਣਦਾ ਮਾਣ ਅਤੇ ਸਤਿਕਾਰ ਕੀਤਾ ਹੈ।



ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ 10 ਸਾਲਾ ਰਾਜ ਵੇਲੇ ਹਰਸਿਮਰਤ ਕੌਰ ਬਾਦਲ ਸਮੇਤ ਸਾਰੇ ਅਕਾਲੀ ਆਗੂ ਸੱਤਾ ਦੇ ਨਸ਼ੇ ਵਿੱਚ ਚੂਰ ਸਨ ਤੇ ਉਨ੍ਹਾਂ ਨੇ ਓਦੋਂ ਨਾ ਸ੍ਰੀ ਅਕਾਲ ਤਖ਼ਤ ਸਾਹਿਬ ਬਖਸ਼ਿਆ ਅਤੇ ਨਾ ਪੰਜਾਬ ਦੇ ਲੋਕਾਂ ਦਾ ਲਿਹਾਜ਼ ਕੀਤਾ ਸੀ। ਉਨ੍ਹਾਂ ਨੇ ਹਰਸਿਮਰਤ ਕੌਰ ਨੂੰ ਸਿਆਸੀ ਲਾਭ ਲਈ ਕੋਰੇ ਝੂਠ ਨਾ ਬੋਲਣ ਦੇਣ ਨੂੰ ਕਿਹਾ। ਸ੍ਰੀ ਗੁਰੂ ਨਾਨਕ ਦੇਵ ਜੀ 550ਵੇਂ ਪ੍ਰਕਾਸ਼ ਦਿਵਸ ਦੇ ਸਾਂਝੇ ਸਮਾਗਮਾਂ ਦੇ ਬਾਰੇ ਹਰਸਿਮਰਤ ਬਾਦਲ ਵਲੋਂ ਪੰਜਾਬ ਸਰਕਾਰ ਵਿਰੁੱਧ ਲਾਏ ਦੋਸ਼ਾਂ ਬਾਰੇ ਅਮਰਿੰਦਰ ਸਿੰਘ ਨੇ ਕਿਹਾ, 'ਹਰ ਕੋਈ ਜਾਣਦਾ ਹੈ ਕਿ ਹੰਕਾਰ ਵਿੱਚ ਡੁੱਬੇ ਹੋਏ ਤੁਸੀਂ (ਅਕਾਲੀ) ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਸਾਹਿਬਾਨ ਨਾਲ ਕਿੱਦਾਂ ਦਾ ਸਲੂਕ ਕਰਦੇ ਰਹੇ ਹੋ ਅਤੇ ਅੱਜ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਦੁਰਵਰਤੋਂ ਕਰਨ ਦੀਆਂ ਘਟੀਆ ਚਾਲਾਂ ਚੱਲ ਰਹੇ ਹੋ।'

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਹਰਸਿਮਰਤ ਕੌਰ ਅਤੇ ਅਕਾਲੀਆਂ ਵਿੱਚ ਸਹੀ ਫੈਸਲਾ ਲੈਣ ਦੀ ਸੂਝ ਨਹੀਂ, ਇਕ ਪਾਸੇ ਹਰਸਿਮਰਤ ਕੌਰ ਬਾਦਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਸ ਦੀ ਸਰਕਾਰ ਦੇ ਸੋਹਲੇ ਗਾ ਰਹੀ ਹੈ ਤੇ ਦੂਜੇ ਪਾਸੇ ਉਸ ਦਾ ਪਤੀ ਸੁਖਬੀਰ ਸਿੰਘ ਬਾਦਲ ਹਰਿਆਣਾ ਚੋਣਾਂ ਵਿੱਚ ਲੋਕਾਂ ਨੂੰ ਭਾਜਪਾ ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਕਰਾਉਣ ਲਈ ਅਪੀਲਾਂ ਕਰਦਾ ਹੈ।' ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਅਕਾਲੀ ਆਗੂਆਂ ਦੇ ਦੂਹਰੇ ਕਿਰਦਾਰ ਦਾ ਪਰਦਾ ਬਹੁਤ ਪਹਿਲਾਂ ਫਾਸ਼ ਕਰ ਦਿੱਤਾ ਸੀ ਤੇ ਸਾਲ 2017 ਦੀਆਂ ਅਸੈਂਬਲੀ ਚੋਣਾਂ ਤੋਂ ਲੈ ਕੇ ਹਰ ਚੋਣ ਦੌਰਾਨ ਅਕਾਲੀਆਂ ਨੂੰ ਮੁੜ-ਮੁੜ ਹਾਰ ਹੋਈ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਸਮਾਗਮ ਮਿਲ ਕੇ ਮਨਾਉਣ ਲਈ ਉਹ ਕਈ ਮਹੀਨਿਆਂ ਤੋਂ ਸ਼੍ਰੋਮਣੀ ਕਮੇਟੀ ਨੂੰ ਨਿੱਜੀ ਅਪੀਲਾਂ ਕਰ ਰਹੇ ਹਨ, ਪਰ ਅਕਾਲੀ ਆਗੂ ਆਪਣੀ ਚੌਧਰ ਖਾਤਰ ਇਨ੍ਹਾਂ ਯਤਨਾਂ ਨੂੰ ਲੀਹੋਂ ਲਾਹੁਣ ਲੱਗੇ ਹੋਏ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਵੇਂ ਅਕਾਲੀ ਆਪਣੇ ਸਿਆਸੀ ਹਿੱਤਾਂ ਲਈ ਹਮੇਸ਼ਾ ਧਰਮ ਦਾ ਸ਼ੋਸਣ ਕਰਦੇ ਰਹੇ ਹਨ, ਫਿਰ ਵੀ ਉਨ੍ਹਾਂ ਨੂੰ ਆਸ ਸੀ ਕਿ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼ਾਇਦ ਅਕਾਲੀ ਕੁਝ ਅਕਲ ਕਰਦੇ।' ਉਨ੍ਹਾ ਕਿਹਾ, 'ਆਪਣੇ ਲਾਭ ਲਈ ਧਾਰਮਿਕ ਸਮਾਗਮਾਂ ਨੂੰ ਹਾਈਜੈਕ ਕਰਨ ਦੀ ਇਹ ਨਿਰਾਸ਼ਾਜਨਕ ਕੋਸ਼ਿਸ਼ ਨਹੀਂ ਤਾਂ ਹੋਰ ਕੀ ਹੈ ਕਿ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਦੀ ਪੁਸ਼ਟੀ ਤੋਂ ਬਿਨਾਂ ਉਨ੍ਹਾਂ ਦੇ ਪ੍ਰੋਗਰਾਮਾਂ ਦਾ ਐਲਾਨ ਕਰ ਕੇ ਹਰਸਿਮਰਤ ਕੌਰ ਨੇ ਦੋ ਸਿਖਰਲੇ ਅਹੁਦਿਆਂ ਦੇ ਸਨਮਾਨ ਨੂੰ ਸੱਟ ਮਾਰੀ ਹੈ। ਇਨ੍ਹਾਂ ਦੋਵਾਂ ਦੇ ਪ੍ਰੋਗਰਾਮ ਐਲਨਾਣ ਦਾ ਕੰਮ ਪ੍ਰਧਾਨ ਮੰਤਰੀ ਅਤੇ ਰਾਸ਼ਟਰਪਤੀ ਦਫਤਰ ਦਾ ਹੈ, ਪਰ ਹਰਸਿਮਰਤ ਕੌਰ ਨੇ ਗਲਤ ਢੰਗ ਨਾਲ ਤੈਅ ਪ੍ਰੋਟੋਕੋਲ ਦੀ ਉਲੰਘਣਾ ਕਰਕੇ ਕੇਂਦਰ ਸਰਕਾਰ ਦੇ ਪ੍ਰੋਟੋਕੋਲ ਵਿੱਚ ਆਪਣੀ ਬੇਅਕਲੀ ਦਾ ਪ੍ਰਗਟਾਵਾ ਕੀਤਾ ਹੈ।'

# ਨਕਲੀ ਮੋਬਾਈਲ ਬੈਟਰੀਆਂ ਦੇ ਅੰਤਰਰਾਜੀ ਗਿਰੋਹ ਤੋਂ 46,663 ਬੈਟਰੀਆਂ ਬਰਾਮਦ

ਮਾਨਸਾ, 14 ਅਕਤੂਬਰ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਿਸ ਨੇ ਮੋਬਾਈਲ ਫੋਨ ਦੀਆਂ ਨਕਲੀ ਬੈਟਰੀਆਂ ਉੱਤੇ ਨਾਮੀ ਕੰਪਨੀਆਂ ਦੇ ਮਾਰਕੇ ਨਾਲ ਅਸਲੀ ਦੱਸ ਕੇ ਮਾਰਕੀਟ ਵਿਚ ਸਪਲਾਈ ਕਰਨ ਵਾਲੇ ਗਿਰੋਹ ਦਾ ਪਰਦਾ ਫਾਸ਼ ਕੀਤਾ ਹੈ। ਫੜੀਆਂ ਗਈਆਂ ਬੈਟਰੀਆਂ ਦੀ ਬਾਜ਼ਾਰੀ ਕੀਮਤ 1 ਕਰੋੜ 16 ਲੱਖ 65 ਹਜ਼ਾਰ 750 ਰੁਪਏ ਬਣਦੀ ਹੈ।

ਐੱਸ ਐੱਸ ਪੀ ਡਾ. ਨਰਿੰਦਰ ਭਾਰਗਵ ਨੇ ਦੱਸਿਆ ਕਿ ਪੁਲਿਸ ਨੂੰ ਸੂਹ ਮਿਲੀ ਸੀ ਕਿ ਵਿਨੋਦ ਕੁਮਾਰ ਉਰਫ ਵਿਸ਼ੂ, ਰਵੀ ਕਾਂਤ ਤੇ ਰਾਹੁਲ ਕੁਮਾਰ ਏਥੇ ਚਾਈਨਾ-ਮੇਡ ਮਾਲ ਲਿਆ ਕੇ ਸੈਮਸੰਗ, ਨੋਕੀਆ, ਆਈਫੋਨ ਆਦਿ ਕੰਪਨੀਆਂ ਦੇ ਰੈਪਰ ਲਾ ਕੇ ਪੰਜਾਬ ਅਤੇ ਇਸ ਤੋਂ ਬਾਹਰ ਦੇ ਬਾਜ਼ਾਰ ਵਿੱਚ ਨਕਲੀ ਮੋਬਾਈਲਾਂ ਬੈਟਰੀਆਂ ਅਸਲੀ ਦੱਸ ਕੇ ਵੇਚਦੇ ਤੇ ਲੋਕਾਂ ਨਾਲ ਧੋਖਾ ਕਰਕੇ ਮੋਟੀ ਕਮਾਈ ਕਰਦੇ ਹਨ। ਇਸ ਉੱਤੇ ਉਕਤ ਦੋਸ਼ੀਆਂ ਵਿਰੁੱਧ ਥਾਣਾ ਸਿਟੀ-2 ਮਾਨਸਾ ਵਿਖੇ ਕੇਸ ਦਰਜ ਕੀਤਾ ਸੀ ਅਤੇ ਡੀ ਐਸ ਪੀ ਹਰਜਿੰਦਰ ਸਿੰਘ ਦੀ ਨਿਗਰਾਨੀ ਹੇਠ ਮੋਹਨ ਲਾਲ ਮੁਖੀ ਥਾਣਾ ਸਿਟੀ-2 ਅਤੇ ਐਸ ਆਈ ਅੰਗਰੇਜ਼ ਸਿੰਘ ਇੰਚਾਰਜ ਸੀ ਆਈ ਏ ਸਟਾਫ਼ ਨੇ ਸਾਂਝੀ ਕਾਰਵਾਈ ਵਿੱਚ ਛਾਪਾ ਮਾਰ ਕੇ ਵਿਨੋਦ ਕੁਮਾਰ ਉਰਫ ਵਿਸ਼ੂ ਨੂੰ ਫੜ ਲਿਆ, ਜਿਸ ਦੀ ਦੁਕਾਨ ਵਿੱਚੋਂ ਵੱਖ-ਵੱਖ ਨਾਮੀ ਕੰਪਨੀਆਂ ਦੇ ਮਾਰਕੇ ਵਾਲੀਆਂ 46,663 ਨਕਲੀ ਬੈਟਰੀਆਂ ਬਰਾਮਦ ਹੋਈਆਂ। ਇਸ ਤੋਂ ਇਲਾਵਾ ਕੁਝ ਤਿਆਰ ਕਰਨ ਵਾਲੀਆਂ ਬਿਨਾ ਰੈਪਰ ਵਾਲੀਆਂ ਅਤੇ 14 ਵੱਡੇ ਰੋਲ (ਰੈਪਰ), 750 ਨਕਲੀ ਲੀਡਜ਼ (ਤਾਰਾਂ), 400 ਨਕਲੀ ਚਾਰਜਰ (ਅਡਾਪਟਰ) ਆਦਿ ਵੀ ਮਿਲ ਗਿਆ। ਗ੍ਰਿਫ਼ਤਾਰ ਕੀਤੇ ਵਿਨੋਦ ਕੁਮਾਰ ਉਰਫ ਵਿਸ਼ੂ ਵਿਰੁੱਧ ਪਹਿਲਾਂ ਵੀ ਡੁਪਲੀਕੇਟ ਬੈਟਰੀਆਂ ਬਣਾ ਕੇ ਵੇਚਣ ਸਬੰਧੀ ਦਾ ਮਾਰਕ ਐਕਟ 1999 ਦਾ ਕੇਸ ਦਰਜ ਹੈ, ਜਿਹੜਾ ਅਦਾਲਤ ਵਿਚ ਚੱਲ ਰਿਹਾ ਹੈ ਤੇ ਉਹ ਜ਼ਮਾਨਤ ਉੱਤੇ ਆਇਆ ਹੋਇਆ ਹੈ। ਉਸ ਨੇ ਮੁੱਢਲੀ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਇਹ ਡੁਪਲੀਕੇਟ ਬੈਟਰੀਆਂ ਬਣਾਉਣ ਦਾ ਮਟੀਰੀਅਲ ਚੀਨ ਦੀ ਕਾਰਗੋ ਐਮ ਐਚ ਟੀ ਸੀ ਕੰਪਨੀ ਤੋਂ ਦੁਕਾਨ ਰਾਹੀਂ ਅਤੇ ਦਿੱਲੀ ਦੀ ਗੁਫਾਰ ਮਾਰਕੀਟ ਰਾਹੀਂ ਮੰਗਵਾਉਂਦੇ ਅਤੇ ਖ਼ੁਦ ਵੀ ਜਾ ਕੇ ਲਿਆਉਂਦੇ ਹਨ। ਇਸ ਕੰਮ ਨੂੰ ਅੱਗੇ ਵਧਾਉਣ ਲਈ ਵਿਨੋਦ ਕੁਮਾਰ ਉਰਫ ਵਿਸ਼ੂ ਆਪ ਖ਼ੁਦ ਕਈ ਵਾਰ ਚੀਨ ਜਾ ਆਇਆ ਹੈ। ਉਸ ਨੇ ਦੱਸਿਆ ਕਿ ਉਹ ਇਨ੍ਹਾਂ ਨਕਲੀ ਬੈਟਰੀਆਂ ਨੂੰ ਅਸਲੀ ਦੱਸ ਕੇ ਪੰਜਾਬ ਦੇ ਸ਼ਹਿਰਾਂ ਮਾਨਸਾ, ਮੌੜ ਮੰਡੀ, ਤਲਵੰਡੀ ਸਾਬੋ, ਗੋਨਿਆਣਾ ਮੰਡੀ, ਜੈਤੋ, ਬਠਿੰਡਾ ਤੋ ਇਲਾਵਾ ਦਿੱਲੀ ਅਤੇ ਰਾਜਸਥਾਨ ਦੇ ਗੰਗਾਨਗਰ ਆਦਿ ਬਾਜ਼ਾਰਾਂ ਨੂੰ ਸਪਲਾਈ ਕਰਕੇ ਕਮਾਈ ਕਰਦੇ ਸਨ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਦੋਸ਼ੀ ਨੂੰ ਅਦਾਲਤ ਪੇਸ਼ ਕਰਕੇ ਪੁਲਿਸ ਰਿਮਾਂਡ ਲੈ ਕੇ ਪੁੱਛਗਿੱਛ ਵਿੱਚ ਪਤਾ ਲਾਇਆ ਜਾਵੇਗਾ ਕਿ ਹੋਰ ਕਿਹੜੇ ਲੋਕ ਸ਼ਾਮਲ ਹਨ।



## ਉਘੇ ਕਾਰੋਬਾਰੀ ਵੱਲੋਂ ਡਿਪਰੈਸ਼ਨ ਦੇ ਕਾਰਨ ਖ਼ੁਦਕੁਸ਼ੀ



ਮੋਗਾ, 14 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਚੜਿੱਕ ਰੋਡ ਦੇ ਵਸਨੀਤਕ ਇੱਕ ਉਘੇ ਕਾਰੋਬਾਰੀ ਤੇ ਸਾਬਕਾ ਫਾਇਨਾਂਸਰ ਪਰਮਿੰਦਰਪਾਲ ਪੁਰੀ ਉਰਫ ਟੀਟੂ ਪੁਰੀ(54) ਪੁੱਤਰ ਰਾਕੇਸ਼ ਪੁਰੀ ਨੇ ਕੱਲ੍ਹ ਸਵੇਰੇ ਆਪਣੇ ਕਮਰੇ 'ਚ ਜਾ ਕੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ।

ਥਾਣਾ ਸਾਊਥ ਸਿਟੀ ਦੇ ਐਸ ਐਚ ਓ ਸੁਰਜੀਤ ਸਿੰਘ ਨੇ ਦੱਸਿਆ ਹੈ ਕਿ ਪੁਰੀ ਡਿਪਰੈਸ਼ਨ ਦੇ ਮਰੀਜ਼ ਸਨ ਅਤੇ ਇੱਕ ਮਹੀਨਾ ਪਹਿਲਾਂ ਉਨ੍ਹਾਂ ਨੇ ਦਵਾਈ ਲੈਣੀ ਬੰਦ ਕੀਤੀ ਸੀ। ਖ਼ੁਦਕੁਸ਼ੀ ਦੇ ਕਾਰਨਾਂ ਦਾ ਅਜੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ। ਏਨਾ ਪਤਾ ਲੱਗਾ ਹੈ ਕਿ ਚੜਿੱਕ ਰੋਡ ਦੀ ਬਸਤੀ ਮੋਹਨ ਸਿੰਘ ਦੇ ਵਾਸੀ ਪਰਮਿੰਦਰ ਪਾਲ ਪੁਰੀ ਆਪਣੇ ਪਰਵਾਰ ਨਾਲ ਕੱਲ੍ਹ ਦੇਰ ਰਾਤ ਲੁਧਿਆਣਾ ਵਿੱਚ ਇੱਕ ਵਿਆਹ ਵਿੱਚ ਹਿੱਸਾ ਲੈ ਕੇ ਪਰਤੇ ਸਨ। ਪਰਮਿੰਦਰਪਾਲ ਪੁਰੀ ਦੇ ਮਾਸੀ ਦੇ ਲੜਕੇ ਮਹਿੰਦਰਪਾਲ ਲੂੰਬਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਦਾ ਭਰਾ ਪਿਛਲੇ ਲੰਬੇ ਸਮੇਂ ਤੋਂ ਡਿਪਰੈਸ਼ਨ ਦੀ ਦਵਾਈ ਲੈ ਰਿਹਾ ਸੀ, ਪਰ ਅੱਜ ਕੱਲ੍ਹ ਠੀਕ ਸੀ। ਕੱਲ੍ਹ ਪਰਮਿੰਦਰ ਦੀ ਪਤਨੀ ਦਾ ਜਨਮ ਦਿਨ ਵੀ ਸੀ ਅਤੇ ਘਰ 'ਚ ਸਵੇਰ ਤੋਂ ਹੀ ਖੁਸ਼ੀ ਦਾ ਮਾਹੌਲ ਸੀ। ਉਨ੍ਹਾਂ ਦਾ ਬੇਟਾ ਐਡਵੋਕੇਟ ਚੇਤੰਨ ਪੁਰੀ ਹਾਈ ਕੋਰਟ ਵਿੱਚ ਵਕੀਲ ਹੈ ਤੇ ਇੱਕ ਬੇਟੀ ਮੋਗਾ 'ਚ ਵਿਆਹੀ ਹੋਈ ਹੈ।ਸਾਰਾ ਪਰਵਾਰ ਸ਼ਾਮ ਨੂੰ ਜਨਮ ਦਿਨ ਦੀਆਂ ਤਿਆਰੀਆਂ 'ਚ ਲੱਗਿਆ ਹੋਇਆ ਸੀ। ਟੀਟੂ ਦੇ ਲੜਕੇ ਚੇਤੰਨ ਪੁਰੀ ਨੂੰ ਕਮਰੇ 'ਚੋਂ ਫਾਇਰਿੰਗ ਦੀ ਅਵਾਜ਼ ਸੁਣਾਈ ਦਿੱਤੀ ਤਾਂ ਉਹ ਦੌੜ ਕੇ ਕਮਰੇ ਵਿੱਚ ਗਿਆ। ਉਸ ਨੇ ਨੇੜਿਓਂ ਇੱਕ ਡਾਕਟਰ ਬੁਲਾਇਆ ਤਾਂ ਡਾਕਟਰ ਨੇ ਪਰਮਿੰਦਰਪਾਲ ਪੁਰੀ ਨੂੰ ਮ੍ਰਿਤਕ ਐਲਾਨ ਦਿੱਤਾ। ਟੀਟੂ ਦੀ ਲੜਕੀ ਚੰਡੀਗੜ੍ਹ 'ਚ ਡਾਕਟਰੀ ਸੇਵਾਵਾਂ ਨਿਭਾ ਰਹੀ ਹੈ। ਸੂਚਨਾ ਮਿਲਦੇ ਸਾਰ ਡੀ ਐਸ ਪੀ ਸਿਟੀ ਪਰਮਜੀਤ ਸਿੰਘ ਤੇ ਥਾਣਾ ਸਾਊਥ ਸਿਟੀ ਪੁਲਸ ਮੌਕੇ 'ਤੇ ਪੁੱਜੀ ਅਤੇ ਜਾਂਚ ਸ਼ੁਰੂ ਕਰ ਦਿੱਤੀ।

## ਕੇਂਦਰੀ ਮੰਤਰੀ ਨਿਰੰਜਨ ਜੋਤੀ ਵੱਲੋਂ ਸਾਰੇ ਦੇਸ਼ ਵਿੱਚ ਹਿੰਦੀ ਲਾਗੂ ਕਰਨ ਦਾ ਹੋਕਾ



ਪਟਿਆਲਾ, 14 ਅਕਤੂਬਰ, (ਪੋਸਟ ਬਿਊਰੋ)- ਪਿਛਲੇ ਦਿਨੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਤੇ 'ਇਕ ਦੇਸ਼, ਇਕ ਭਾਸ਼ਾ' ਦੇ ਸੱਦੇ ਦਾ ਪੰਜਾਬ ਵਿੱਚ ਲਗਾਤਾਰ ਹੋ ਰਿਹਾ ਵਿਰੋਧ ਅਜੇ ਰੁਕਿਆ ਨਹੀਂ ਸੀ ਕਿ ਅੱਜ ਏਥੇ ਪਹੁੰਚੀ ਕੇਂਦਰੀ ਪੇਂਡੂ ਵਿਕਾਸ ਰਾਜ ਮੰਤਰੀ ਸਾਧਵੀ ਨਿਰੰਜਣ ਜੋਤੀ ਨੇ ਕਹਿ ਦਿੱਤਾ ਹੈ ਕਿ ਸਾਰੇ ਵਿੱਚ ਹਿੰਦੀ ਲਾਗੂ ਹੋਣੀ ਚਾਹੀਦੀ ਹੈ। ਸਾਧਵੀ ਨੇ ਇਹ ਮੰਨਿਆ ਕਿ ਸੂਬਾਈ ਭਾਸ਼ਾਵਾਂ ਨੂੰ ਖ਼ਤਮ ਕਰ ਕੇ ਹਿੰਦੂ ਲਾਗੂ ਨਹੀਂ ਕਰਨੀ ਚਾਹੀਦੀ, ਪਰ ਪੂਰੇ ਦੇਸ਼ ਵਿੱਚ ਇਕ ਭਾਸ਼ਾ ਹਿੰਦੀ ਜ਼ਰੂਰ ਕਰ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਰੇ ਰਾਜਾਂ ਦੇ ਸਕੂਲਾਂ ਵਿੱਚ ਹਿੰਦੀ ਭਾਸ਼ਾ ਜ਼ਰੂਰ ਪੜ੍ਹਾਉਣੀ ਚਾਹੀਦੀ ਹੈ, ਤਾਂ ਕਿ ਕਿਸੇ ਵੀ ਰਾਜ ਵਿੱਚ ਜਾਣ ਵੇਲੇ ਲੋਕਾਂ ਨੂੰ ਭਾਸ਼ਾ ਦੀ ਮੁਸ਼ਕਲ ਨਾ ਆਵੇ।

ਇਸ ਦੌਰਾਨ ਜਦੋਂ ਉਨ੍ਹਾਂ ਨੂੰ ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਵੱਲੋਂ ਭਾਰਤ ਨੂੰ 'ਹਿੰਦੂ ਰਾਸ਼ਟਰ' ਕਹਿਣ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਕੀਤੇ ਵਿਰੋਧ ਬਾਰੇ ਪੁੱਛਿਆ ਗਿਆ ਤਾਂ ਸਾਧਵੀ ਨਿਰੰਜਨ ਜੋਤੀ ਨੇ ਕਿਹਾ, 'ਹਿੰਦੁਸਤਾਨ ਇਕ ਹੈ ਤੇ ਇਕ ਹੀ ਰਹੇਗਾ।' ਰਾਮ ਮੰਦਰ ਬਾਰੇ ਉਨ੍ਹਾਂ ਕਿਹਾ ਕਿ ਕੇਸ ਸੁਪਰੀਮ ਕੋਰਟ ਵਿੱਚ ਹੈ ਤੇ ਅਦਾਲਤ ਨੇ ਸੁਣਵਾਈ ਦੀ ਸਮਾਂ ਸੀਮਾ ਤੈਅ ਕੀਤੀ ਹੋਈ ਹੈ। ਉਨ੍ਹਾਂ ਕਿਹਾ ਕਿ ਫ਼ੈਸਲਾ ਆਉਣ ਪਿੱਛੋਂ ਇੱਥੇ ਰਾਮ ਮੰਦਰ ਹੀ ਬਣੇਗਾ।

ਸਾਧਵੀ ਨਿਰੰਜਣ ਜੋਤੀ ਨੇ ਇਹ ਦੋਸ਼ ਵੀ ਲਾਇਆ ਕਿ ਕੇਂਦਰ ਸਰਕਾਰ ਦੀਆਂ ਸਕੀਮਾਂ ਬਾਰੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਸਿਆਸਤ ਕਰਦੀ ਹੈ, ਏਸੇ ਲਈ ਮਨਰੇਗਾ ਤੇ ਆਯੁਸ਼ਮਾਨ ਭਾਰਤ ਬੀਮਾ ਯੋਜਨਾ ਤੋਂ ਪੰਜਾਬ ਕਾਫ਼ੀ ਪਛੜ ਗਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪੰਜਾਬ ਤੋਂ ਰਿਪੋਰਟ ਮਿਲੀ ਹੈ ਕਿ ਮਨਰੇਗਾ ਸਕੀਮ ਪੰਜਾਬ ਵਿੱਚ ਚੰਗੀ ਤਰ੍ਹਾਂ ਲਾਗੂ ਨਹੀਂ ਕੀਤੀ ਜਾ ਰਹੀ ਤੇ ਪੇਂਡੂ ਲੋਕਾਂ ਨੂੰ ਇਸ ਸਕੀਮ ਦਾ ਰੁਜ਼ਗਾਰ ਨਹੀਂ ਮਿਲ ਰਿਹਾ। ਏਦਾਂ ਹੀ 'ਆਯੁਸ਼ਮਾਨ ਭਾਰਤ' ਸਕੀਮ ਨੂੰ ਵੀ ਸਭ ਰਾਜਾਂ ਵਿੱਚ ਲਾਗੂ ਕਰ ਦਿੱਤਾ ਗਿਆ, ਪਰ ਪੰਜਾਬ ਨੇ ਇਸ ਨੂੰ ਪਿੱਛੋਂ ਲਾਗੂ ਕੀਤਾ ਹੈ।

## ਮੁਕਤਸਰ ਨੇੜੇ ਬੱਸ-ਬਾਈਕ ਟੱਕਰ ਵਿੱਚ ਤਿੰਨ ਮੌਤਾਂ





ਮੁਕਤਸਰ, 14 ਅਕਤੂਬਰ (ਪੋਸਟ ਬਿਊਰੋ)- ਮੁਕਤਸਰ-ਕੋਟਕਪੂਰਾ ਰੋਡ ਉੱਤੇ ਪਿੰਡ ਚੜੇਵਾਨ ਲਾਗੇ ਰਾਜ ਬੱਸ ਕੰਪਨੀ ਦੀ ਬੱਸ ਅਤੇ ਮੋਟਰ ਸਾਈਕਲ ਦੀ ਟੱਰਕ ਵਿੱਚ ਤਿੰਨ ਜਣਿਆ ਦੀ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਬੱਸ ਕੋਟਕਪੂਰਾ ਤੋਂ ਮੁਕਤਸਰ ਵੱਲ ਚੱਲੀ ਸੀ ਤੇ ਮੋਟਰ ਸਾਈਕਲ ਚਾਲਕ ਮੁਕਤਸਰ ਤੋਂ ਪਿੰਡ ਝਬੇਲਵਾਲੀ ਦੀ ਦਾਣਾ ਮੰਡੀ ਜਾ ਰਹੇ ਸੀ। ਮੋਟਰ ਸਾਈਕਲ ਸਵਾਰ ਪਿੰਡ ਮੌੜ ਦਾ ਬਲਰਾਜ ਸਿੰਘ ਦਾਣਾ ਮੰਡੀ ਵਿੱਚ ਕੰਮ ਕਰਦਾ ਸੀ। ਉਹ ਆਪਣੇ ਨਾਲ ਦੋ ਪਰਵਾਸੀ ਮਜ਼ਦੂਰਾਂ ਨੂੰ ਮੋਟਰ ਸਾਈਕਲ ਉਪਰ ਬਿਠਾ ਕੇ ਪਿੰਡ ਝਬੇਲਵਾਲੀ ਦੀ ਦਾਣਾ ਮੰਡੀ ਜਾ ਰਿਹਾ ਸੀ ਕਿ ਪਿੰਡ ਚੜੇਵਾਨ ਲਾਗੇ ਸਾਹਮਣੇ ਤੋਂ ਆਈ ਬੱਸ ਨਾਲ ਟਕਰਾ ਗਿਆ, ਜਿਸ ਨਾਲ ਉਸ ਦੀ ਤੇ ਕੈਲਾਸ਼ ਦੀ ਮੌਕੇ ਉਤੇ ਮੌਤ ਹੋ ਗਈ, ਜਦੋਂ ਕਿ ਸੁਰੇਸ਼ ਗੰਭੀਰ ਜ਼ਖਮੀ ਹੋ ਗਿਆ ਤੇ ਫਿਰ ਸਿਵਲ ਹਸਪਤਾਲ ਵਿਖੇ ਇਲਾਜ ਦੌਰਾਨ ਦਮ ਤੋੜ ਗਿਆ। ਹਾਦਸੇ ਪਿੱਛੋਂ ਤੇਜ਼ ਰਫਤਾਰ ਬੱਸ ਸੜਕ ਕਿਨਾਰੇ ਖੜ੍ਹੇ ਦਰੱਖਤਾਂ ਨੂੰ ਤੋੜਦੀ ਹੋਈ ਖੇਤਾਂ ਵਿੱਚ ਵੜ ਗਈ ਪਰ ਇਸ ਦੌਰਾਨ ਸਵਾਰੀਆਂ ਦਾ ਬਚਾਅ ਹੋ ਗਿਆ। ਬੱਸ ਚਲਾਕ ਫਰਾਰ ਹੋ ਗਿਆ।

## ਪੰਜਾਬੀ ਬੋਲੀ ਦੇ ਵਿਵਾਦ ਵਿੱਚ ਘਿਰੇ ਹੋਏ ਗੁਰਦਾਸ ਮਾਨ ਦਾ ਸ਼ੋਅ ਰੱਦ

ਐਸ ਏ ਐਸ ਨਗਰ, 14 ਅਕਤੂਬਰ (ਪੋਸਟ ਬਿਊਰੋ)- 'ਇੱਕ ਰਾਸ਼ਟਰ-ਇੱਕ ਭਾਸ਼ਾ' ਦੀ ਹਮਾਇਤ ਕਰਕੇ ਵਿਵਾਦਾਂ ਵਿੱਚ ਘਿਰੇ ਪੰਜਾਬੀ ਗਾਇਕ ਗੁਰਦਾਸ ਮਾਨ ਦਾ ਕੱਲ੍ਹ ਜ਼ੀਰਕਪੁਰ 'ਚ ਹੋਣ ਵਾਲਾ ਸ਼ੋਅ ਰੱਦ ਕਰਨਾ ਪਿਆ। ਗੁਰਦਾਸ ਮਾਨ ਦਾ ਇਹ ਸ਼ੋਅ ਜ਼ੀਰਕਪੁਰ-ਅੰਬਾਲਾ ਰੋਡ 'ਤੇ ਆਕਸਫੋਰਡ ਸਟਰੀਟ ਵਿੱਚ 'ਚੱਕ ਦੇ ਬੀਸਟ' ਬੈਨਰ ਦੇ ਹੇਠ ਹੋਣਾ ਸੀ। ਸ਼ੋਅ ਪ੍ਰਬੰਧਕ ਨਵਲ ਨੇ ਕਿਹਾ ਕਿ ਕੱਲ੍ਹ ਅਣਪਛਾਤੇ ਲੋਕਾਂ ਨੇ ਏਥੇਆ ਕੇ ਗੁਰਦਾਸ ਮਾਨ ਦਾ ਵਿਰੋਧ ਕੀਤਾ ਤੇ ਚਿਤਾਵਨੀ ਦਿੱਤੀ ਕਿ ਜੇ ਸ਼ੋਅ ਹੋਇਆ ਤਾਂ ਵਿਰੋਧ ਕਰਨਗੇ। ਇਸ ਲਈ ਸ਼ੋਅ ਰੱਦ ਕੀਤਾ ਗਿਆ ਹੈ।





ਪਤਾ ਲੱਗਾ ਹੈ ਕਿ ਇਸ ਸ਼ੋਅ ਲਈ ਰਾਜਸਥਾਨ ਤੋਂ ਆਏ ਇੱਕ ਪਰਵਾਰ ਨੇ ਦੋ ਹਜ਼ਾਰ ਰੁਪਏ ਦੇ ਹਿਸਾਬ ਨਾਲ 10 ਟਿਕਟਾਂ ਖਰੀਦੀਆਂ ਸਨ। ਉਨ੍ਹਾਂ ਕਿਹਾ ਕਿ ਸ਼ੋਅ ਰੱਦ ਹੋਣ ਦੇ ਬਾਅਦ ਪ੍ਰਬੰਧਕ ਕੋਈ ਜਵਾਬ ਨਹੀਂ ਦੇ ਰਹੇ। ਮੌਕੇ 'ਤੇ ਜਾ ਕੇ ਦੇਖਿਆ ਗਿਆ ਤਾਂ ਪ੍ਰਬੰਧਕਾਂ ਨੇ ਆਪਣਾ ਸਾਮਾਨ ਅਤੇ ਕੁਰਸੀਆਂ ਆਦਿ ਸਭ ਚੁੱਕ ਲਈਆਂ ਸਨ। ਇਸ ਪ੍ਰੋਗਰਾਮ ਦੇ ਸੰਚਾਲਕ ਨਵਲ ਨੇ ਕਿਹਾ ਕਿ ਲੋਕਾਂ ਦੇ ਪੈਸੇ ਮੋੜ ਦਿੱਤੇ ਜਾਣਗੇ।

ਇਸ ਤੋਂ ਇੱਕ ਦਿਨ ਪਹਿਲਾਂ ਹੋਏ ਸੁਨੰਦਾ ਸ਼ਰਮਾ ਅਤੇ ਪਰਮੀਸ਼ ਵਰਮਾ ਦੇ ਸ਼ੋਅ ਵਿੱਚ ਗੀਤਾਂ ਦੇ ਵਿਰੋਧ ਵਿੱਚ ਪੰਡਤ ਧਰੇਨਵਰ ਰਾਓ ਨੇ ਜ਼ੀਰਕਪੁਰ ਥਾਣੇ 'ਚ ਸ਼ਿਕਾਇਤ ਦਰਜ ਕਰਵਾਈ ਸੀ। ਉਨ੍ਹਾਂ ਨੇ ਹਥਿਆਰਾਂ ਅਤੇ ਸ਼ਰਾਬ ਸਬੰਧੀ ਗੀਤਾਂ ਉੱਤੇ ਗਾਇਕਾਂ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ। ਧਰੇਨਵਰ ਰਾਓ ਨੇ ਕਿਹਾ ਕਿ ਉਨ੍ਹਾਂ ਨੇਪ੍ਰਬੰਧਕਾਂ ਅਤੇ ਗਾਇਕਾਂ ਨੂੰਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਕਿ ਕੋਈ ਸ਼ਰਾਬ ਵਾਲਾ ਜਾਂ ਅਜਿਹਾ ਗੀਤ ਨਾ ਗਾਇਆ ਜਾਵੇ ਜਿਸ ਨਾਲ ਸਮਾਜ ਨੂੰ ਨੁਕਸਾਨ ਹੋਵੇ ਅਤੇ ਹਾਈ ਕੋਰਟ ਦੇ ਨਿਰਦੇਸ਼ਾਂ ਦੀ ਉਲੰਘਣਾ ਹੋਵੇ। ਉਨ੍ਹਾਂ ਕਿਹਾ ਕਿ ਸੁਨੰਦਾ ਸ਼ਰਮਾ ਨੇ 'ਬੁਲਟ ਤਾਂ ਰੱਖਿਐ ਪਟਾਕੇ ਪਾਉਣ ਨੂੰ' ਅਤੇ ਪਰਮੇਸ਼ ਵਰਮਾ ਨੇ 'ਸ਼ਰਾਬ' ਵਾਲਾ ਗੀਤ ਗਾਇਆ।

## ਥਾਣੇ ਵਿੱਚ ਰਾਤ ਕੱਟਣ ਮਗਰੋਂ ਚਾਰ ਕਿੰਨਰ 'ਬੰਦੇ' ਬਣੇ

ਪਟਿਆਲਾ, 14 ਅਕਤੂਬਰ (ਪੋਸਟ ਬਿਊਰੋ)- ਇਹ ਗੱਲ ਆਮ ਕਹੀ ਜਾਂਦੀ ਹੈ ਕਿ 'ਪੁਲਸ ਵਿਗੜਿਆਂ ਤਿਗੜਿਆਂ ਨੂੰ ਵੀ ਬੰਦੇ ਬਣਾ ਦਿੰਦੀ ਹੈ।' ਕੱਲ੍ਹ ਇਹ ਗੱਲ ਉਦੋਂ ਸੱਚ ਸਾਬਤ ਹੋਈ, ਜਦੋਂ ਪੁਲਸ ਅਤੇ ਨਗਰ ਨਿਗਮ ਦੇ ਮੁਲਾਜ਼ਮਾਂ ਉੱਤੇ ਹਮਲਾ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕਰਕੇ ਸਾਰੀ ਰਾਤ ਥਾਣੇ ਬੰਦ ਰੱਖੇ ਗਏ ਛੇ ਕਿੰਨਰਾਂ ਵਿੱਚੋਂ ਚਾਰ ਜਣੇ ਥਾਣੇ ਵਿੱਚੋਂ 'ਬੰਦੇ' ਬਣ ਕੇ ਨਿਕਲੇ। ਇਹ ਦਿਲਸਪ ਕੇਸ ਇਨ੍ਹਾਂ ਮੁਲਜ਼ਮਾਂ ਦੇ ਡਾਕਟਰੀ ਮੁਆਇਨੇ ਦੌਰਾਨ ਸਾਹਮਣੇ ਆਇਆ। ਬਾਕੀ ਦੋ ਕਿੰਨਰਾਂ ਸਮੇਤ ਸਾਰੇ ਸੱਤ ਜਣਿਆਂ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਪਰਸੋਂ ਨਗਰ ਨਿਗਰ ਦੀ ਇੱਕ ਟੀਮ ਪੁਲਸ ਪਾਰਟੀ ਨਾਲ ਫਹਾਰਾ ਚੌਕ ਵਿਖੇ ਦੁਕਾਨਾਂ ਤੋਂ ਬਾਹਰ ਰੱਖਿਆ ਸਾਮਾਨ ਚੁੱਕਵਾਉਣ ਆਈ ਸੀ। ਜਦੋਂ 'ਸ਼ਰਮਾ ਪਰੌਠਾ ਹਾਊਸ' ਦਾ ਕਾਊਂਟਰ ਚੁੱਕਿਆ ਜਾਣ ਲੱਗਾ ਤਾਂ ਉਸ ਦੇ ਮਾਲਕ ਪਿੰਟੂ ਨੇ ਕੁਝ ਕਿੰਨਰ ਸੱਦ ਲਏ ਅਤੇ ਕਿੰਨਰਾਂ ਨੇ ਹੰਗਾਮਾ ਕਰ ਕੇ ਨਿਗਮ ਟੀਮ ਦੇ ਉੱਪਰ ਪਤੀਲੇ ਅਤੇ ਕੜਛੀਆਂ ਸਮੇਤ ਹੋਰ ਬਰਤਨ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਅਤੇ ਪੁਲਸ ਮੁਲਾਜ਼ਮਾਂ ਨਾਲ ਹੱਥੋਪਾਈ ਕਰਦਿਆਂ ਡੰਡੇ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਇੱਕ ਪਲਸ ਵਾਲਾ ਅਤੇ ਇੱਕ ਨਗਰ ਨਿਗਮ ਦਾ ਮੁਲਾਜ਼ਮ ਫੱਟੜ ਹੋ ਗਿਆ। ਕਿੰਨਰ ਏਨੇ ਭਾਰੂ ਪੈ ਰਹੇ ਸਨ ਕਿ ਨਿਗਮ ਅਤੇ ਪੁਲਸ ਦੇ ਬਹੁਤੇ ਮੁਲਾਜ਼ਮਾਂ ਨੇ ਖਿਸਕਣਾ ਹੀ ਠੀਕ ਸਮਝਿਆ। ਫੇਰ ਨਿਗਮ ਟੀਮ ਜਦੋਂ ਥਾਣੇ ਪੁੱਜੀ ਤਾਂ ਕਿੰਨਰਾਂ ਨੇ ਉਥੇ ਵੀ ਹੰਗਾਮਾ ਕੀਤਾ ਤੇ ਇੱਕ ਪਲਸ ਅਧਿਕਾਰੀ ਦੀ ਗੱਡੀ 'ਤੇ ਚੜ੍ਹ ਕੇ ਨੱਚਣ ਲੱਗੇ। ਇਸ ਦੌਰਾਨ ਇੱਕ ਨਿਗਮ ਅਧਿਕਾਰੀ ਦੀ ਸ਼ਿਕਾਇਤ ਉੱਤੇ ਥਾਣਾ ਸਿਵਲ ਲਾਈਨ ਵਿੱਚ ਕੇਸ ਦਰਜ ਕਰਕੇ ਛੇ ਕਿੰਨਰਾਂ ਸਮੇਤ ਸੱਤ ਜਣਿਆਂ ਨੂੰ ਸਾਰੀ ਰਾਤ ਥਾਣੇ ਬੰਦ ਰੱਖਿਆ ਗਿਆ ਅਤੇ ਇਨ੍ਹਾਂ ਸੱਤਾਂ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕਰਨ 'ਤੇ ਉਥੋਂ ਜੇਲ੍ਹ ਭੇਜਣ ਦੇ ਆਦੇਸ਼ ਹੋਏ। ਨਿਰਧਾਰਤ ਨਿਯਮਾਂ ਮੁਤਾਬਿਕ ਉਨ੍ਹਾ ਦਾ ਮੈਡੀਕਲ ਕਰਵਾਇਆ ਤਾਂ ਹੈਰਾਨੀ ਵਾਲੇ ਤੱਥ ਸਾਹਮਣੇ ਆਏ। ਜਿਹੜੇ ਛੇ ਜਣਿਆਂ ਨੂੰ ਕਿੰਨਰਾਂ ਵਜੋਂ ਗ੍ਰਿਫਤਾਰ ਕੀਤਾ ਗਿਆ ਸੀ, ਉਨ੍ਹਾਂ ਵਿੱਚੋਂ ਚਾਰ ਜਣੇ ਪੁਰਸ਼ ਨਿਕਲੇ।

## ਮੈਂ ਉੱਪ ਚੋਣ ਦਾ ਖਰਚਾ ਦੇਣ ਲਈ ਤਿਆਰ ਹਾਂ, ਕੇਜਰੀਵਾਲ ਤੋਂ ਭਗਵੰਤ ਪੁੱਛੇ: ਫੂਲਕਾ

ਚੰਡੀਗੜ੍ਹ, 14 ਅਕਤੂਬਰ (ਪੋਸਟ ਬਿਊਰੋ)-ਪੰਜਾਬ ਦੇ ਹਲਕਾ ਦਾਖਾ ਤੋਂ ਆਮ ਆਦਮੀ ਪਾਰਟੀ ਦੇ ਸਾਬਕਾ ਵਿਧਇਕ ਐਚ ਐਸ ਫੂਲਕਾ ਨੇ ਪਾਰਟੀ ਦੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਦੀ ਇੱਕ ਟਿੱਪਣੀ 'ਤੇ ਤਿੱਖਾ ਜਵਾਬੀ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੇ ਕਹੇ ਅਨੁਸਾਰ ਉਪ ਚੋਣਾਂ ਦਾ ਖਰਚਾ ਦੇਣ ਨੂੰ ਉਹ ਤਿਆਰ ਹਨ ਪਰ ਇਸ ਤੋਂ ਪਹਿਲਾਂ ਮਾਨ ਨੂੰ ਚਾਹੀਦਾ ਹੈ ਕਿ ਉਹ ਕੇਜਰੀਵਾਲ ਤੋਂ ਪੁੱਛ ਲੈਣ ਕਿ ਕੀ ਉਹ ਵੀ ਏਦਾਂ ਦਾ ਖਰਚਾ ਭਰਨਗੇ।




ਐੱਚ ਐੱਸ ਫੂਲਕਾ ਨੇ ਕਿਹਾ ਕਿ ਭਗਵੰਤ ਮਾਨ ਨੇ ਦਾਖਾ ਵਿੱਚ ਚੋਣ ਪ੍ਰਚਾਰ ਦੌਰਾਨ ਉਪ ਚੋਣਾਂ ਨੂੰ ਮੇਰੇ ਅਸਤੀਫੇ ਦੇਣ ਦੇ ਕਾਰਨ ਕਰਾਏ ਜਾਣ ਦੀ ਮਜਬੂਰੀ ਦੱਸ ਕੇ ਇਸ ਦਾ ਸਾਰਾ ਖਰਚਾ ਮੇਰੇ (ਫੂਲਕਾ) ਤੋਂ ਲੈਣ ਦੀ ਗੱਲ ਕਹੀ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰ 'ਚ ਰੋਸ ਪ੍ਰਗਟ ਕਰਨ ਲਈ ਆਪਣੇ ਅਹੁਦੇ ਤੋਂ ਅਸਤੀਫਾ ਦੇਣਾ ਸਭ ਤੋਂ ਵੱਡਾ ਲੋਕਤੰਤਰਿਕ ਹਥਿਆਰ ਮੰਨਿਆ ਜਾਂਦਾ ਹੈ ਅਤੇ ਮੈਂ ਬੇਅਦਬੀ ਦੇ ਮਾਮਲੇ ਉੱਤੇ ਇਸ ਕਾਰਨ ਅਸਤੀਫਾ ਦਿੱਤਾ ਸੀ। ਫੂਲਕਾ ਨੇ ਕਿਹਾ ਕਿ ਉਹ ਦਾਖੇ ਦੇ ਇਲਾਕੇ ਵਿੱਚ ਆਪਣੇ ਨਿੱਜੀ ਪੈਸੇ ਨਾਲ ਮੋਬਾਇਲ ਹਸਪਤਾਲ ਚਲਾਉਣ ਦੇ ਨਾਲ ਕਈ ਸਕੂਲਾਂ 'ਚ ਆਪਣੇ ਖਰਚੇ 'ਤੇ ਸਮਾਰਟ ਕਲਾਸ ਰੂਮ ਬਣਾ ਚੁੱਕੇ ਹਨ। ਇਹ ਸਾਰਾ ਐਸਟੀਮੇਂਟ ਕਰੀਬ ਇੱਕ ਕਰੋੜ ਦੇ ਆਸਪਾਸ ਬਣਦਾ ਹੈ ਅਤੇ ਜੇ ਭਗਵੰਤ ਮਾਨ ਦੇ ਅਨੁਸਾਰ ਇਨ੍ਹਾਂ ਉਪ ਚੋਣਾਂ 'ਤੇ ਇੱਕ ਕਰੋੜ ਤੋਂ ਵੱਧ ਦਾ ਖਰਚ ਆਇਆ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਉਹ ਇਹ ਰਕਮ ਵੀ ਦਾਖਾ ਹਲਕੇ ਦੀ ਭਲਾਈ ਲਈ ਖਰਚਣ ਨੂੰ ਤਿਆਰ ਹਨ, ਪਰ ਭਗਵੰਤ ਮਾਨ ਨੂੰ ਚਾਹੀਦਾ ਹੈ ਕਿ ਉਹ ਆਪਣੇ ਆਕਾ ਅਰਵਿੰਦ ਕੇਜਰੀਵਾਲ ਤੋਂ ਵੀ ਪੁੱਛੇ, ਕਿਉਂਕਿ ਕੇਜਰੀਵਾਲ ਨੇ ਪਹਿਲੀ ਵਾਰ ਮੁੱਖ ਮੰਤਰੀ ਬਣਨ ਤੋਂ ਕੁਝ ਦਿਨਾਂ ਬਾਅਦ ਅਸਤੀਫਾ ਦੇ ਦਿੱਤਾ ਸੀ, ਜਿਸ ਕਾਰਨ ਪੂਰੀ ਦਿੱਲੀ ਵਿੱਚ ਦੁਬਾਰਾ ਚੋਣਾਂ ਕਰਵਾਉਣੀਆਂ ਪਈਆਂ ਸਨ। ਫੂਲਕਾ ਨੇ ਭਗਵੰਤ ਮਾਨ ਤੋਂ ਪੁੱਛਿਆ ਕਿ ਕੀ ਕੇਜਰੀਵਾਲ ਉਹ ਸਾਰਾ ਖਰਚਾ ਜਮ੍ਹਾਂ ਕਰਾਉਣ ਲਈ ਤਿਆਰ ਹਨ। ਉਨ੍ਹਾ ਨੇ ਕਿਹਾ ਕਿ ਜੇ ਚੋਣ ਕਮਿਸ਼ਨ ਕੋਈ ਫੈਸਲਾ ਲੈਂਦਾ ਹੈ ਕਿ ਕਿਸੇ ਦੇ ਅਸਤੀਫਾ ਦੇਣਾ ਕਾਰਨ ਹੋਣ ਵਾਲੀ ਉਪ ਚੋਣ ਦਾ ਖਰਚਾ ਉਸ 'ਤੇ ਪਾਇਆ ਜਾਵੇ ਤਾਂ ਉਹ ਉਸ ਦਾ ਸਵਾਗਤ ਕਰਨਗੇ।



## ਭਾਗਵਤ ਦਾ ਫਿਰ ਤਿੱਖਾ ਬਿਆਨ

# ਦੁਨੀਆ ਵਿੱਚ ਸਭ ਤੋਂ ਸੌਖੇ ਮੁਸਲਿਮ ਭਾਰਤ ਵਿੱਚ, ਕਿਉਂਕਿ ਅਸੀਂ ਹਿੰਦੂ ਹਾਂ



ਭੁਵਨੇਸ਼ਵਰ, 14 ਅਕਤੂਬਰ, (ਪੋਸਟ ਬਿਊਰੋ)- ਆਰ ਐੱਸ ਐੱਸ ਦੇ ਮੁਖੀ ਮੋਹਨ ਭਾਗਵਤ ਦਾ ਕਹਿਣਾ ਹੈ ਕਿ ਸਮਾਜ ਦੇ ਹਰ ਵਰਗ ਨੂੰ ਸੰਗਠਿਤ ਤੇ ਵਿਕਸਿਤ ਕਰਨਾ ਉਨ੍ਹਾਂ ਦੇ ਸੰਘ ਦਾ ਟੀਚਾ ਹੈ ਅਤੇ ਸੰਘ ਉਨ੍ਹਾਂ ਸਰਬ ਉੱਚ ਵਿਚਾਰਾਂ ਵਾਲੇ ਗੁਣਵਾਨ ਅਤੇ ਸਮਰਪਿਤ ਸਵੈ-ਸੇਵਕ ਬਣਾਉਣ ਦਾ ਵਿਸ਼ਵਾਸ਼ ਰੱਖਦਾ ਹੈ, ਜਿਹੜੇ ਪੂਰੇ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਸਕਾਰਾਤਮਕ ਤਬਦੀਲੀ ਲਿਆਉਣ ਵਿੱਚ ਅਹਿਮ ਭੂਮਿਕਾ ਅਦਾ ਕਰ ਸਕਣ।

ਏਥੇ ਭੁਵਨੇਸ਼ਵਰ ਵਿੱਚਆਏਹੋਏ ਰਾਸ਼ਟਰੀ ਸੋਇਮ ਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਣ ਭਾਗਵਤ ਨੇ ਬੁੱਧੀਜੀਵੀਆਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਯਹੂਦੀ ਏਧਰ-ਓਧਰ ਘੁੰਮਦੇ ਫਿਰਦੇ ਸਨ ਤਾਂ ਇਕੱਲੇ ਭਾਰਤ ਵਿੱਚ ਉਨ੍ਹਾਂ ਨੂੰ ਪਨਾਹ ਮਿਲੀ ਸੀ। ਪਾਰਸੀ ਪੂਜਾ ਤੇ ਮੂਲ ਧਰਮ ਸਿਰਫ਼ ਭਾਰਤ ਵਿਚ ਸੁਰੱਖਿਅਤ ਹਨ। ਵਿਸ਼ਵ ਦੇ ਸਭ ਤੋਂ ਵੱਧ ਸੁਖੀ ਮੁਸਲਮਾਨ ਤੁਹਾਨੂੰ ਭਾਰਤ ਵਿਚ ਮਿਲਣਗੇ, ਕਿਉਂਕਿ ਅਸੀਂ ਹਿੰਦੂ ਹਾਂ।

ਇਸ ਮੌਕੇ ਮੋਹਨ ਭਾਗਵਤ ਨੇ ਕਿਹਾ ਕਿ ਹਿੰਦੂ ਕੋਈ ਭਾਸ਼ਾ ਜਾਂ ਸੂਬਾ ਨਹੀਂ, ਇਕ ਸੱਭਿਆਚਾਰ ਹੈ, ਜੋ ਭਾਰਤ ਦੇ ਲੋਕਾਂ ਦੀ ਵਿਰਾਸਤ ਹੈ। ਉਨ੍ਹਾਂ ਕਿਹਾ, 'ਭਾਰਤ ਇਕੱਲਾ ਦੇਸ਼ ਹੈ, ਜਿੱਥੇ ਯਹੂਦੀਆਂ ਨੂੰ ਸ਼ਰਨ ਮਿਲੀ ਤੇ ਪਾਰਸੀਆਂ ਦੀ ਪੂਜਾ ਅਤੇ ਮੂਲ ਧਰਮ ਸੁਰੱਖਿਅਤ ਹੈ। ਦੁਨੀਆਂ ਵਿੱਚ ਸਭ ਤੋਂ ਵੱਧ ਸੁਖੀ ਮੁਸਲਮਾਨ ਭਾਰਤ ਵਿੱਚ ਮਿਲਣਗੇ, ਕਿਉਂਕਿ ਅਸੀਂ ਹਿੰਦੂ ਹਾਂ?' ਸੰਘ ਮੁਖੀ ਨੇ ਕਿਹਾ ਆਰਐੱਸ ਐੱਸ ਦਾ ਮੰਤਵ ਭਾਰਤ ਵਿਚ ਤਬਦੀਲੀ ਲਈ ਸਿਰਫ਼ ਹਿੰਦੂਆਂ ਨੂੰ ਨਹੀਂ, ਸਗੋਂ ਵੱਖੋ-ਵੱਖਰੇ ਭਾਈਚਾਰਿਆਂ ਨੂੰ ਸੰਗਠਤ ਕਰਨਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਵਾਦ ਲੋਕਾਂ ਨੂੰ ਡਰਾਉਂਦਾ ਹੈ, ਕਿਉਂਕਿ ਉਹ ਤੁਰੰਤ ਇਸ ਨੂੰ ਹਿਟਲਰ ਤੇ ਮੁਸੋਲਿਨੀ ਨਾਲ ਜੋੜ ਦਿੰਦੇ ਹਨ, ਪਰ ਭਾਰਤ ਦਾ ਰਾਸ਼ਟਰਵਾਦ ਅਜਿਹਾ ਨਹੀਂ ਹੈ, ਇਹ ਰਾਸ਼ਟਰਵਾਦ ਆਪਣੇ ਸੱਭਿਆਚਾਰ ਤੋਂ ਬਣਿਆ ਹੈ।ਓਡੀਸ਼ਾ ਦੇ ਨੌਂ ਦਿਨਾਂ ਦੌਰੇ ਉੱਤੇ ਆਏ ਹੋਏ ਮੋਹਨ ਭਾਗਵਤ ਨੇ ਕਿਹਾ ਕਿ ਪੂਰਾ ਦੇਸ਼ਧਾਗੇ ਵਿੱਚ ਬੱਝਾ ਹੈ, ਭਾਰਤ ਦੇ ਲੋਕ ਵੱਖ-ਵੱਖ ਸੱਭਿਆਚਾਰ, ਭਾਸ਼ਾਵਾਂ, ਭੁਗੋਲਿਕ ਸੰਸਥਾਵਾਂ ਦੇ ਬਾਵਜੂਦ ਖ਼ੁਦ ਨੂੰ ਇਕ ਮੰਨਦੇ ਹਨ। ਏਕਤਾ ਦੇ ਇਸ ਅਹਿਸਾਸ ਕਾਰਨ ਮੁਸਲਿਮ, ਪਾਰਸੀ ਤੇ ਹੋਰ ਧਰਮਾਂ ਨਾਲ ਸਬੰਧਤ ਲੋਕ ਦੇਸ਼ ਵਿੱਚ ਸੁਰੱਖਿਅਤ ਮਹਿਸੂਸ ਕਰਦੇ ਹਨ।

# ਵਿਰੋਧੀ ਧਿਰ ਦੀ ਹਿੰਮਤ ਹੈ ਤਾਂ ਧਾਰਾ 370 ਮੁੜ ਕੇ ਲਾਗੂ ਕਰਨ ਦਾ ਵਾਅਦਾ ਕਰੇ: ਮੋਦੀ

*** ਰਾਹੁਲ ਕਹਿੰਦਾ: ਅਹਿਮ ਮੁੱਦਿਆਂ ਤੋਂ ਮੋਦੀ ਧਿਆਨ ਹਟਾ ਰਿਹੈ**



ਜਲਗਾਉਂ (ਮਹਾਰਾਸ਼ਟਰ), 14 ਅਕਤੂਬਰ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ ਅਤੇ ਕਸ਼ਮੀਰ ਦੇ ਲਈ ਵਿਸ਼ੇਸ਼ ਦਰਜੇ ਵਾਲੀ ਧਾਰਾ 370 ਅਤੇ ਤਿੰਨ ਤਲਾਕ ਦੇ ਮੁੱਦਿਆਂ ਉੱਤੇਅੱਜ ਵਿਰੋਧੀ ਧਿਰ ਨੂੰ ਸਿੱਧੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇ ਕਿਸੇ ਵਿਰੋਧੀ ਪਾਰਟੀ ਵਿਚ ਹਿੰਮਤ ਹੈ ਤਾਂ ਉਹ ਖਤਮ ਕੀਤੀ ਗਈ ਧਾਰਾ 370 ਅਤੇ 35ਏ ਅਤੇ ਰੋਕੀ ਗਈ ਤਿੰਨ ਤਲਾਕ ਦੀ ਪ੍ਰੰਪਰਾ ਨੂੰ ਵਾਪਸ ਲਿਆਉਣ ਦਾ ਵਾਅਦਾ ਕਰੇ।

ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਰੈਲੀਆਂ ਦਾਮੁੱਢ ਬੰਨ੍ਹਦੇ ਹੋਏ ਅੱਜ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿਰੋਧੀ ਪਾਰਟੀਆਂ, ਖ਼ਾਸ ਕਰ ਕੇ ਕਾਂਗਰਸ ਅਤੇ ਐੱਨ ਸੀ ਪੀ ਦੀ ਸਖ਼ਤ ਆਲੋਚਨਾ ਕੀਤੀ ਅਤੇ ਕਿਹਾ ਕਿ ਜੰਮੂ-ਕਸ਼ਮੀਰ ਸਿਰਫ਼ ਜ਼ਮੀਨ ਦਾ ਟੁਕੜਾ ਨਹੀਂ, ਭਾਰਤ ਦਾ ਸੀਸ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਜੰਮੂ-ਕਸ਼ਮੀਰ ਵਿੱਚ 40 ਸਾਲਾਂ ਤੋਂਚੱਲਦੀ ਅਸਧਾਰਨ ਸਥਿਤੀ ਸਿਰਫ ਚਾਰ ਮਹੀਨਿਆਂ ਵਿਚ ਸਧਾਰਨ ਹੋ ਜਾਵੇਗੀ। ਪਾਕਿਸਤਾਨ ਦਾ ਨਾਂ ਲਏ ਬਗੈਰ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਉੱਤੇ ਗੁਆਂਢੀ ਦੇਸ਼ ਦੀ ਭਾਸ਼ਾ ਬੋਲਣ ਦਾ ਦੋਸ਼ ਲਾਇਆ ਤੇ ਕਿਹਾ ਕਿ ਜੰਮੂ-ਕਸ਼ਮੀਰ ਬਾਰੇ ਜੋ ਪੂਰਾ ਦੇਸ਼ ਸੋਚਦਾ ਹੈ, ਉਸ ਤੋਂ ਇਕ ਕਦਮ ਉਲਟ ਵਿਰੋਧੀ ਧਿਰਾਂ ਦੀ ਸੋਚ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਉਨ੍ਹਾਂ ਨੂੰ ਚੁਣੌਤੀ ਦਿੰਦਾ ਹਾਂ ਕਿ ਜੇ ਉਨ੍ਹਾਂ ਦੀ ਹਿੰਮਤ ਹੈ ਤਾਂ ਇਸ ਚੋਣਅਤੇ ਆਉਂਦੀਆਂ ਚੋਣਾਂ ਦੇ ਚੋਣ ਮਨੋਰਥ ਪੱਤਰ ਵਿੱਚ ਇਹਲਿਖਣ ਕਿ ਉਹ 370 ਅਤੇ 35ਏ ਨੂੰ ਵਾਪਸ ਲਾਗੂ ਕਰਨ ਦਾ ਕੰਮ ਕਰਨਗੀਆਂ।

ਦੂਸਰੇ ਪਾਸੇ ਅੱਜ ਮਹਾਰਾਸ਼ਟਰ ਦੇ ਲਾਤੂਰ ਵਿੱਚ ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਮੀਡੀਆ ਵੱਲੋਂ ਅਹਿਮ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਹਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਲਈ ਲਾਤੂਰ ਜ਼ਿਲ੍ਹੇ ਦੇ ਔਸਾਵਿੱਚ ਚੋਣ ਰੈਲੀ ਵਿੱਚ ਰਾਹੁਲ ਗਾਂਧੀ ਨੇ ਕਿਹਾ ਕਿ ਨੌਜਵਾਨ ਰੁਜ਼ਗਾਰ ਮੰਗਦੇ ਹਨ, ਸਰਕਾਰ ਉਨ੍ਹਾਂ ਨੂੰ ਚੰਦਰਮਾ ਵੱਲ ਦੇਖਣ ਨੂੰ ਕਹਿੰਦੀ ਹੈ। ਉਨ੍ਹਾਂ ਦਾ ਸੰਕੇਤਪਿਛਲੇ ਦਿਨਾਂ ਦੇ ਚੰਦਰਯਾਨ ਮਿਸ਼ਨ ਵੱਲ ਸੀ। ਉਨ੍ਹਾਂ ਨੇ ਪੁੱਛਿਆ ਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਚੇਨਈ ਵਿੱਚਬੈਠਕ ਦੌਰਾਨ 2017 ਦਾ ਡੋਕਲਾਮ ਵਿਵਾਦ ਦਾ ਮੁੱਦਾ ਉਠਾਇਆ ਸੀ ਕਿ ਨਹੀਂ? ਰਾਹੁਲ ਨੇ ਰੈਲੀ ਵਿਚ ਇਹ ਦੋਸ਼ ਦੁਹਰਾਇਆ ਕਿ ਮੋਦੀ ਸਰਕਾਰ ਨੇ ਸਿਰਫ਼ 15 ਧਨੀ ਲੋਕਾਂ ਦਾ 5.5 ਲੱਖ ਕਰੋੜ ਰੁਪਏ ਦਾ ਕਰਜ਼ਾ ਮਾਫ਼ ਕੀਤਾ ਹੈ।

ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਤੇ ਸ਼ਾਹ ਦੇ ਨਾਲ ਮੀਡੀਆ ਦਾ ਵੀ ਕੰਮ ਹੈ ਕਿ ਅਹਿਮ ਮਸਲਿਆਂ ਤੋਂ ਜਨਤਾ ਦਾ ਧਿਆਨ ਹਟਾਇਆ ਜਾਵੇ। ਉਨ੍ਹਾਂ ਕਿਹਾ ਕਿ ਮੀਡੀਆ ਕਿਸਾਨਾਂ ਦੀਆਂ ਸਮੱਸਿਆਵਾਂ ਤੇ ਨੌਕਰੀਆਂ ਦੀ ਘਾਟ ਉੱਤੇ ਚੁੱਪ ਹੈ। ਉਨ੍ਹਾ ਕਿਹਾ ਕਿ ਮੀਡੀਆ ਧਨੀ ਲੋਕਾਂ ਦੇ ਕਰਜ਼ੇ ਮਾਫ਼ ਕਰਨ ਬਾਰੇ ਵੀ ਕੁਝ ਨਹੀਂ ਬੋਲਦਾ।

# ਮਨੋਹਰ ਲਾਲ ਖੱਟਰ ਨੇ ਸੋਨੀਆ ਗਾਂਧੀ ਨੂੰ 'ਮਰੀ ਹੋਈ ਚੂਹੀ' ਕਹਿ ਦਿੱਤਾ



ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)-ਹਰਿਆਣਾ ਵਿਧਾਨ ਸਭਾ ਚੋਣਾਂ 2019 ਤੋਂ ਪਹਿਲਾਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਫਿਰ ਵਿਵਾਦਾਂ ਵਿੱਚ ਘਿਰਦੇ ਨਜ਼ਰ ਆ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੇ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਧੀ ਦੇ ਖਿਲਾਫ ਇਹੋ ਜਿਹੀ ਟਿੱਪਣੀ ਕੀਤੀ ਹੈ, ਜਿਸ ਉੱਤੇ ਵਿਵਾਦ ਹੋ ਸਕਦਾ ਹੈ।

ਕੱਲ੍ਹ ਐਤਵਾਰ ਨੂੰ ਇਕ ਚੋਣ ਰੈਲੀ ਵਿੱਚ ਮਨੋਹਰ ਲਾਲ ਖੱਟਰ ਨੇ ਸੋਨੀਆ ਗਾਂਧੀ ਨੂੰ ਮਰੀ ਹੋਈ ਚੂਹੀ ਕਹਿ ਦਿੱਤਾ ਤਾਂ ਇਸ ਤੋਂ ਬਾਅਦ ਕਾਂਗਰਸ ਨੇ ਵੀ ਖੱਟਰ ਉੱਤੇ ਪਲਟਵਾਰ ਕੀਤਾ। ਕਾਂਗਰਸ ਪਾਰਟੀ ਨੇ ਮੁੱਖ ਮੰਤਰੀ ਤੋਂ ਮਾਫੀ ਮੰਗਣ ਦੀ ਮੰਗ ਕੀਤੀ ਅਤੇ ਇੱਕ ਕਾਂਗਰਸੀ ਆਗੂ ਨੇ ਖੱਟਰ ਨੂੰ 'ਖੱਚਰ' ਕਹਿ ਦਿੱਤਾ।

ਇਸ ਤੋਂ ਪਹਿਲਾਂ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ, 'ਇਸ ਸਾਲ ਦੀਆਂ ਲੋਕ ਸਭਾ ਚੋਣਾਂ ਵਿੱਚ ਕਰਾਰੀ ਹਾਰ ਮਗਰੋਂ ਰਾਹੁਲ ਗਾਂਧੀ ਨੇ ਕਾਂਗਰਸ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।' ਫਿਰ ਖੱਟਰ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਕਿਹਾ ਸੀ ਕਿ ਪਾਰਟੀ ਦਾ ਨਵਾਂ ਪ੍ਰਧਾਨ ਗਾਂਧੀ ਪਰਿਵਾਰ ਤੋਂ ਬਾਹਰੋਂ ਚਾਹੀਦਾ ਹੈ। ਸਾਨੂੰ ਲੱਗਾ ਇਹ ਕਾਫ਼ੀ ਚੰਗਾ ਕਦਮ ਹੈ ਤੇ ਪਰਿਵਾਰਵਾਦ ਨੂੰ ਖਤਮ ਕਰਨ ਦੀ ਪਹਿਲ ਹੈ। ਉਨ੍ਹਾਂ ਨੇ ਪੂਰੇ ਦੇਸ਼ ਵਿੱਚ ਕਰੀਬ 3 ਮਹੀਨੇ ਤੱਕ ਨਵੇਂ ਪ੍ਰਧਾਨ ਦੀ ਤਲਾਸ਼ ਕੀਤੀ। 3 ਮਹੀਨੇ ਬਾਅਦ ਪ੍ਰਧਾਨ ਕੌਣ ਬਣਿਆ? ਸੋਨੀਆ ਗਾਂਧੀ। ਪੁੱਟਿਆ ਪਹਾੜ ਅਤੇ ਨਿਕਲੀ ਚੂਹੀ, ਉਹ ਵੀ ਮਰੀ ਹੋਈ। ਇਹ ਉਨ੍ਹਾਂ ਦੀ ਹਾਲਤ ਹੈ। '

ਖੱਟਰ ਦੇ ਇਸ ਬਿਆਨ ਉੱਤੇ ਕਾਂਗਰਸ ਨੇ ਨਾਰਾਜ਼ਗੀ ਜਾਹਰ ਕੀਤੀ ਹੈ। ਪਾਰਟੀ ਨੇ ਆਪਣੇ ਆਫੀਸ਼ਲ ਟਵਿਟਰ ਹੈਂਡਲ ਤੋਂ ਲਿਖਿਆ, 'ਭਾਜਪਾ ਦੇ ਮੁੱਖ ਮੰਤਰੀ ਦੀ ਇਹ ਟਿਪਣੀ ਸੱਤਾਧਾਰੀ ਪਾਰਟੀ ਦੇ ਮਹਿਲਾ ਵਿਰੋਧੀ ਅਕਸ ਨੂੰ ਪੇਸ਼ ਕਰਦੀ ਹੈ। ਉਨ੍ਹਾਂ ਦਾ ਬਿਆਨ ਨਿੰਦਣਯੋਗ ਹੈ। ਅਸੀਂ ਮੰਗ ਕਰਦੇ ਹਾਂ ਕਿ ਉਹ ਸੋਨੀਆ ਗਾਂਧੀ ਤੋਂ ਤੁਰੰਤ ਮਾਫੀ ਮੰਗਣ।' ਇਸ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਦੇ ਬਿਆਨ ਉੱਤੇ ਕਾਂਗਰਸ ਨੇਤਾਵਾਂ ਨੇ ਵੀ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਅਤੇ ਮਹਾਰਾਸ਼ਟਰ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਨਿਤਿਨ ਰਾਉਤ ਨੇ ਮਨੋਹਰ ਲਾਲ ਦੀ ਟਿੱਪਣੀ ਨੂੰ ਸ਼ਰਮਨਾਕ ਮੰਨਦੇ ਹੋਏ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਖੱਟਰ ਨਹੀਂ,'ਖੱਚਰ' ਹਨ।

# ਮੈਨੂੰ ਮੁਸਲਮਾਨਾਂ ਦੀ ਲੋੜ ਨਹੀਂ, ਮੇਰੇ ਖੇਤਰ ਤੋਂ ਬਾਹਰ ਚਲੇ ਜਾਣ: ਠੁਕਰਾਲ

ਉਤਰਾਖੰਡ, 14 ਅਕਤੂਬਰ, (ਪੋਸਟ ਬਿਊਰੋ)- ਇੰਜ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ, ਪਾਰਲੀਮੈਂਟ ਦੇ ਮੈਂਬਰ ਜਾਂ ਹੋਰ ਆਗੂ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਦਾ ਕੋਈ ਨਾ ਕੋਈ ਵਿਵਾਦਤ ਬਿਆਨ ਆਉਂਦਾ ਹੀ ਰਹਿੰਦਾ ਹੈ, ਜਿਸ ਨਾਲ ਦੇਸ਼ ਵਿਚ ਮਾਹੌਲ ਖ਼ਰਾਬ ਹੋਣ ਦਾ ਡਰ ਬਣਿਆ ਰਹਿੰਦਾ ਹੈ।

ਇਸ ਸੰਬੰਧ ਵਿੱਚ ਉਤਰਾਖੰਡ ਦੇ ਰੁਦਰਪੁਰ ਤੋਂ ਭਾਜਪਾ ਵਿਧਾਇਕ ਰਾਜ ਕੁਮਾਰ ਠੁਕਰਾਲ ਦਾ ਮੁਸਲਿਮਾਂ ਦੇ ਪ੍ਰਤੀ ਜ਼ਹਿਰ ਉਗਲਣ ਵਾਲਾ ਬਿਆਨ ਸਾਹਮਣੇ ਆਇਆ ਹੈ, ਜਿਸ ਦਾ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ।ਇਸ ਵਿਚ ਭਾਜਪਾ ਵਿਧਾਇਕ ਕਹਿੰਦੇ ਨਜ਼ਰ ਆ ਰਹੇ ਨੇ ਕਿ ਉਨ੍ਹਾਂ ਨੂੰ ਮੁਸਲਮਾਨਾਂ ਦੇ ਸਮਰਥਨ ਦੀ ਕੋਈ ਲੋੜ ਨਹੀਂ, ਜੇ ਉਨ੍ਹਾਂ ਦੀ ਰੈਲੀ ਵਿਚ ਕੋਈ ਮੁਸਲਿਮ ਹੈ ਤਾਂ ਉਠ ਕੇ ਬਾਹਰ ਚਲਾ ਜਾਵੇ। ਉਨ੍ਹਾਂ ਕਿਹਾ ਕਿ ਮੇਰਾ ਸਿਰ ਸਿਰਫ਼ ਹਿੰਦੂਆਂ ਅੱਗੇ ਝੁਕਦਾ ਹੈ, ਕਿਸੇ ਹੋਰ ਅੱਗੇ ਨਹੀਂ। ਮੈਂ ਮਸਜਿਦ ਅੱਗੇ ਵੀ ਸਿਰ ਨਹੀਂ ਝੁਕਾਉਂਦਾ।

ਵਰਨਣ ਯੋਗ ਹੈ ਕਿ ਰਾਜ ਕੁਮਾਰ ਠੁਕਰਾਲ ਕੁਝ ਦਿਨ ਪਹਿਲਾਂ ਰਾਮਲੀਲਾ ਦੌਰਾਨ ਸੀਤਾ ਉੱਤੇ ਗ਼ਲਤ ਟਿੱਪਣੀ ਦੇ ਕਾਰਨ ਵੀ ਵਿਵਾਦਾਂ ਵਿਚ ਘਿਰ ਗਏ ਸਨ, ਜਦੋਂ ਉਨ੍ਹਾਂ ਨੇ ਰਾਮਲੀਲਾ ਵਿਚ ਰਾਵਣ ਦਾ ਰੋਲ ਨਿਭਾਉਂਦੇ ਹੋਏ ਸੀਤਾ ਨੂੰ 'ਸੀਤਾ ਮੇਰੀ ਜਾਨ' ਆਖ ਦਿੱਤਾ ਸੀ।ਭਾਵੇਂ ਭਾਜਪਾ ਵਿਧਾਇਕ ਦੇ ਇਸ ਡਾਇਲਾਗ ਕਾਰਨ ਉਥੇ ਮੌਜੂਦ ਲੋਕ ਉਚੀ ਉਚੀ ਹੱਸਣ ਲੱਗ ਪਏ ਸਨ, ਪਰ ਬਹੁਤੇ ਲੋਕਾਂ ਨੇ ਇਸ ਦਾ ਬੁਰਾ ਮਨਾਇਆ ਸੀ ਕਿ ਰਾਵਣ ਨੇ ਕਦੇ ਵੀ ਸੀਤਾ ਪ੍ਰਤੀ ਸ਼ਬਦਾਂ ਦੀ ਮਰਿਆਦਾ ਪਾਰ ਨਹੀਂ ਸੀ ਕੀਤੀ ਤਾਂ ਵਿਧਾਇਕ ਨੇ ਕਿਉਂ ਕੀਤੀ ਹੈ? ਭਾਜਪਾ ਵਿਧਾਇਕ ਰਾਜ ਕੁਮਾਰ ਠੁਕਰਾਲ ਇਸ ਵਾਰੀ ਮੁਸਲਮਾਨਾਂ ਉੱਤੇ ਟਿੱਪਣੀ ਦੇ ਕਾਰਨ ਵਿਵਾਦਾਂ ਵਿਚ ਘਿਰ ਗਏ, ਪਰ ਸੂਬਾ ਭਾਜਪਾ ਪ੍ਰਧਾਨ ਅਜੈ ਭੱਟ ਨੇ ਇਸ ਨੂੰ ਇਸ ਵਿਧਾਇਕ ਦੇ ਨਿੱਜੀ ਵਿਚਾਰ ਦੱਸ ਕੇ ਕਿਹਾ ਕਿ ਇਸ ਨਾਲ ਭਾਜਪਾ ਦਾ ਕੋਈ ਲੈਣਾ ਦੇਣਾ ਨਹੀਂ।ਵੀਡੀਓ ਦੇ ਵਾਇਰਲ ਹੋਣ ਪਿੱਛੋਂ ਪਾਰਟੀ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਕਰਕੇ ਸਫ਼ਾਈ ਮੰਗੀ ਤੇ ਇਕ ਹਫ਼ਤੇ ਵਿਚ ਸਪੱਸ਼ਟੀਕਰਨ ਦੇਣ ਨੂੰ ਕਿਹਾ ਹੈ। ਇਹ ਪਹਿਲਾ ਮਾਮਲਾ ਨਹੀਂ, ਜਦੋਂ ਕਿਸੇ ਭਾਜਪਾ ਆਗੂ ਨੇ ਇਸ ਤਰ੍ਹਾਂ ਕਿਸੇ ਵਿਸ਼ੇਸ਼ ਫਿਰਕੇ ਦੇ ਲੋਕਾਂ ਦੇ ਖਿਲਾਫ ਬਿਆਨ ਦਿੱਤਾ ਹੈ। ਇਸ ਤੋਂ ਪਹਿਲਾਂ ਵੀ ਇਸ ਪਾਰਟੀ ਦੇ ਕਈ ਵਿਧਾਇਕਾਂ, ਪਾਰਲੀਮੈਂਟ ਮੈਂਬਰਾਂ ਅਤੇ ਆਗੂਆਂ ਵੱਲੋਂ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾ ਚੁੱਕੇ ਹਨ।

# ਅਭਿਜੀਤ ਬਨਰਜੀ ਸਣੇ ਤਿੰਨ ਨੂੰ ਇਕਨਾਮਿਕਸ ਦਾ ਨੋਬਲ ਇਨਾਮ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)-ਭਾਰਤੀ ਮੂਲ ਦੇ ਅਭਿਜੀਤ ਬਨਰਜੀ ਨੂੰ ਇਕਨਾਮਿਕਸ ਦੇ ਲਈ ਨੋਬਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਅਭਿਜੀਤ ਬਨਰਜੀਤੋਂ ਇਲਾਵਾ ਉਨ੍ਹਾਂ ਦੀ ਪਤਨੀ ਐਸਥਰ ਡੁਫ਼ਲੋ ਅਤੇ ਮਾਈਕਲ ਕ੍ਰੇਮਰ ਨੂੰ ਵੀ ਇਸ ਵਾਰ ਨੋਬਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਹੈ। ਅਭਿਜੀਤ ਬਨਰਜੀ ਮੈਸਾਚੁਸੇਟਸ ਇੰਸਟੀਚਿਊਟ ਆਫ਼ ਟੈਕਨੋਲਾਜੀ (ਐਮ ਆਈ ਟੀ) ਵਿੱਚ ਇਕੋਨਾਮਿਕਸ ਦੇ ਪ੍ਰੋਫ਼ੈਸਰ ਹਨ। ਐਸਥਰ ਡੁਫ਼ਲੋ ਵੀ ਓਸੇ ਐਮ ਆਈ ਟੀ ਦੀ ਪ੍ਰੋਫ਼ੈਸਰ ਹਨ ਤੇ ਮਾਈਕਲ ਕ੍ਰੇਮਰ ਹਾਵਰਡ ਯੂਨੀਵਰਸਿਟੀ ਵਿੱ-ਚਇਕਨਾਮਿਕਸ ਦੇ ਪ੍ਰੋਫ਼ੈਸਰ ਹਨ। ਵਰਨਣ ਯੋਗ ਹੈ ਕਿ 21 ਸਾਲ ਬਾਅਦ ਕਿਸੇ ਭਾਰਤੀ ਨੂੰ ਇਕਨਾਮਿਕਸ ਦਾ ਨੋਬਲ ਮਿਲਿਆ ਹੈ। ਅਭਿਜੀਤ ਤੋਂ ਪਹਿਲਾਂ ਹਾਵਰਡ ਵਿੱਚਇਕਨਾਮਿਕਸ ਦੇ ਪ੍ਰੋਫ਼ੈਸਰ ਅਮਰਤਯਾ ਸੇਨ ਨੂੰ ਸਾਲ 1998 ਵਿੱਚ ਇਹ ਸਨਮਾਨ ਦਿੱਤਾ ਗਿਆ ਸੀ। ਅਭਿਜੀਤ ਬਨਰਜੀ, ਐਸਥਰ ਅਤੇ ਮਾਈਕਲ ਕ੍ਰੇਮਰ ਨੂੰ ਵਿਸ਼ਵ ਪੱਧਰੀ ਗ਼ਰੀਬੀ ਘੱਟ ਕਰਨ ਦੀਆਂ ਕੋਸ਼ਿਸ਼ਾਂ ਲਈ ਇਕਨਾਮਿਕਸ ਦਾ ਨੋਬਲ ਦਿੱਤਾ ਗਿਆ ਹੈ। ਅਭਿਜੀਤ ਬਨਰਜੀ ਬਿਊਰੋ ਆਫ਼ ਦੀ ਰਿਸਰਚ ਇਨ ਇਕੋਨਾਮਿਕ ਐਨਾਲਾਈਸਿਸ ਆਫ਼ ਡਿਵੈਲਪਮੈਂਟ ਦੇ ਸਾਬਕਾ ਪ੍ਰਧਾਨ ਹਨ। ਉਹ ਸੈਂਟਰ ਫ਼ਾਰ ਇਕੋਨਾਮਿਕਸ ਐਂਡ ਪਾਲਸੀ ਰਿਸਰਚ ਦੇ ਫ਼ੈਲੋ ਅਤੇ ਅਮੈਰੀਕਨ ਅਕਾਦਮੀ ਆਫ਼ ਆਰਟ-ਸਾਇੰਸਿਜ ਐਂਡ ਦੀ ਇਕੋਨਾਮਿਕਸ ਸੁਸਾਇਟੀ ਦੇ ਫੈਲੋ ਵੀ ਰਹਿ ਚੁੱਕੇ ਹਨ। ਸਾਲ 2019 ਦੀਆਂ ਲੋਕ ਸਭਾ ਚੋਣਾਂ ਵੇਲੇ ਕਾਂਗਰਸ ਪਾਰਟੀਨੇ ਚੋਣ ਵਾਅਦੇ 'ਨਿਆਂ ਯੋਜਨਾ' ਲਈ ਅਭਿਜੀਤ ਸਮੇਤ ਦੁਨੀਆ ਭਰ ਦੇ ਇਕਨਾਮਿਕਸ ਮਾਹਰਾਂ ਦੀ ਸਲਾਹ ਲਈ ਸੀ। ਇਸ ਯੋਜਨਾ ਹੇਠ ਉਦੋਂ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਵਾਅਦਾ ਕੀਤਾ ਸੀ ਕਿ ਹਰ ਗਰੀਬ ਦੇ ਖਾਤੇ ਵਿੱਚ ਸਾਲ ਵਿਚ 72 ਹਜ਼ਾਰ ਰੁਪਏ ਪਾਏ ਜਾਣਗੇ।

# ਏਅਰ ਇੰਡੀਆ ਨਾਲ ਪੰਜ ਹੋਰ ਸਰਕਾਰੀ ਕੰਪਨੀਆਂ ਦੇ ਹਿੱਸੇ ਵੀ ਵਿਕਣਗੇ



ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਨਿੱਜੀਕਰਨ ਨੂੰ ਉਤਸ਼ਾਹਿਤ ਕਰ ਰਹੀ ਕੇਂਦਰ ਸਰਕਾਰ ਏਅਰ ਇੰਡੀਆ ਦੇ ਨਾਲ ਪੰਜ ਹੋਰ ਸਰਕਾਰੀ ਕੰਪਨੀਆਂ ਵੀ ਨਿੱਜੀ ਖੇਤਰ ਲਈ ਖੋਲ੍ਹ ਰਹੀ ਹੈ। ਇੰਨ੍ਹਾਂ ਪੰਜ ਕੰਪਨੀਆਂ ਦੀ ਹਿੰਸੇਦਾਰੀ ਵੇਚ ਕੇ ਸਰਕਾਰ 1.5 ਕਰੋੜ ਰੁਪਏ ਦੀ ਰਕਮ ਇੱਕਠੀ ਕਰਨ ਦੀ ਯੋਜਨਾ ਬਣਾ ਰਹੀ ਹੈ।

ਪਤਾ ਲੱਗਾ ਹੈ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਭਾਰਤ ਪੈਟਰੋਲੀਅਮ, ਸ਼ਿੱਪਿੰਗ ਕਾਰਪੋਰੇਸ਼ਨ ਆਫ ਇੰਡੀਆ, ਕੰਟੇਨਰ ਕਾਰਪੋਰੇਸ਼ਨ, ਨਾਰਥ ਈਸਟਰਨ ਇਲੈਕਟ੍ਰਿਕ ਪਾਵਰ ਕਾਰਪੋਰੇਸ਼ਨ ਅਤੇ ਟੀ ਐਚ ਡੀ ਇੰਡੀਆ ਦੇ ਸ਼ੇਅਰ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ। ਸਰਕਾਰ ਨੇ ਇਨ੍ਹਾਂ ਪੰਜ ਕੰਪਨੀਆਂ ਵਿੱਚ ਹਿੱਸੇਦਾਰੀ ਵੇਚਣ ਲਈ ਸਲਾਹਕਾਰ ਨਿਯੁਕਤ ਕਰਨ ਲਈ ਅਰਜ਼ੀਆਂ ਵੀ ਮੰਗੀਆਂ ਹਨ। ਇਸ ਬਾਰੇ ਸਰਕਾਰ ਦੇ ਵਿਸ਼ੇਸ਼ ਵਿਭਾਗ ਨੇ 12 ਇਸ਼ਤਿਹਾਰ ਜਾਰੀ ਕੀਤੇ ਹਨ। ਕੇਂਦਰ ਸਰਕਾਰ ਸਿਰਫ ਘਾਟੇ 'ਚ ਚੱਲ ਰਹੀਆਂ ਕੰਪਨੀਆਂ ਹੀ ਨਹੀਂ, ਸਗੋਂ ਮੁਨਾਫਾ ਕਮਾ ਰਹੀਆਂ ਕੰਪਨੀਆਂ ਦੇ ਹਿੱਸੇ ਵੀ ਵੇਚ ਰਹੀ ਹੈ। ਮੁਨਾਫਾ ਕਮਾਉਣ ਵਾਲੀ ਕੰਪਨੀਆਂ 'ਚ ਸਭ ਤੋਂ ਉੱਪਰ ਨਾਂਅ ਬੀ ਪੀ ਸੀ ਐਲ ਦਾ ਹੈ ਜਿਸ ਦਾ ਸਿਰ 2018-19 ਦਾ ਮੁਨਾਫਾ ਸੱਤ ਹਜ਼ਾਰ ਕਰੋੜ ਰੁਪਏ ਤੋਂ ਵੱਧ ਹੈ।

ਵਰਨਣ ਯੋਗ ਕਿ ਸਰਕਾਰ ਨੇ ਅਜਿਹੀਆਂ 74 ਸਰਕਾਰੀ ਕੰਪਨੀਆਂ ਦੀ ਪਛਾਣ ਕੀਤੀ ਹੈ, ਜਿਨ੍ਹਾਂ ਵਿੱਚੋਂ ਨੂੰ 10 ਨਿੱਜੀ ਖੇਤਰ ਲਈ ਖੋਲ੍ਹਿਆ ਜਾਵੇਗਾ ਅਤੇ ਛੇ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਜਾਵੇਗਾ। ਏਅਰ ਇੰਡੀਆ ਦੇ ਨਿੱਜੀਕਰਨ ਲਈ ਸਰਕਾਰ ਵੱਲੋਂ ਇਹ ਦੂਜੀ ਕੋਸ਼ਿਸ਼ ਹੋਵੇਗੀ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੇ ਪਹਿਲੇ ਰਾਜ ਵਿੱਚ ਇਹ ਕੋਸ਼ਿਸ਼ ਕੀਤੀ ਸੀ। ਸਰਾਕਾਰ ਇਸ ਸਬੰਧ ਅਗਲੇ ਮਹੀਨੇ ਸੰਭਾਵਿਤ ਖਰੀਦਦਾਰਾਂ ਨਾਲ ਗੱਲਬਾਤ ਸ਼ੁਰੂ ਕਰੇਗੀ। ਕਰਜ਼ੇ ਹੇਠਾਂ ਦੱਬੀ ਏਅਰ ਇੰਡੀਆ ਨੂੰ ਤਿੰਨ ਤੇਲ ਕੰਪਨੀਆਂ ਨੇ 15 ਅਕਤੂਬਰ ਤੱਕ ਬਕਾਇਆ ਅਦਾ ਕਰਨ ਲਈ ਕਿਹਾ ਹੈ, ਅਜਿਹਾ ਨਾ ਕਰਨ 'ਤੇ ਉਨ੍ਹਾਂ ਤੇਲ ਦੀ ਸਪਲਾਈ ਰੋਕਣ ਦੀ ਵੀ ਚਿਤਾਵਨੀ ਦਿੱਤੀ ਹੈ।

# ਪ੍ਰਧਾਨ ਮੰਤਰੀ ਦੀ ਭਤੀਜੀ ਦਾ ਪਰਸ ਖੋਹਣ ਵਾਲਾ ਗ੍ਰਿਫਤਾਰ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਤੀਜੀ ਅਤੇ ਭਰਾ ਪ੍ਰਹਿਲਾਦ ਮੋਦੀ ਦੀ ਧੀ ਦਮਯੰਤੀ ਬੇਨ ਦਾ ਪਰਸ ਖੋਹ ਕੇ ਫਰਾਰ ਹੋਣ ਵਾਲੇ ਨੌਜਵਾਨ ਨੂੰ ਦਿੱਲੀ ਪੁਲਸ ਨੇ ਫੜ ਲਿਆ ਹੈ। ਉਸ ਦੀ ਪਛਾਣ ਗੌਰਵ ਉਰਫ ਨੋਨੂੰ ਵਜੋਂ ਹੋਈ ਅਤੇ ਉਸ ਕੋਲੋਂ ਪਰਸ, ਨਗਦੀ ਅਤੇ ਮੋਬਾਈਲ ਫੋਨ ਮਿਲ ਗਏ ਹਨ।

ਨਾਰਥ ਦਿੱਲੀ ਦੀ ਡੀ ਸੀ ਪੀ ਮੋਨਿਕਾ ਭਾਰਦਵਾਜ ਨੇ ਦੱਸਿਆ ਕਿ ਕੱਲ੍ਹ ਲੁੱਟ-ਖੋਹ ਦੇ ਕੇਸ ਵਿੱਚ ਦਰਜ ਰਿਪੋਰਟਮੁਤਾਬਕ 21 ਸਾਲਾਂ ਦੇ ਗੌਰਵ ਉਰਫ ਨੋਨੂੰ ਨੂੰ ਸੋਨੀਪਤ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜਿਥੇ ਉਹ ਵਾਰਦਾਤ ਦੇ ਬਾਅਦ ਰਿਸ਼ਤੇਦਾਰਾਂ ਕੋਲ ਚਲਾ ਗਿਆ ਸੀ। ਉਸ ਦਾ ਸਾਥੀ ਬਾਦਲ ਵੀ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਵਾਰਦਾਤ ਕਰਨ ਦੇ ਲਈ ਵਰਤੀ ਗਈ ਸਕੂਟੀ ਵੀ ਬਰਾਮਦ ਕਰ ਲਈ ਹੈ। ਦੋਵਾਂ ਦੀ ਤਸਵੀਰ ਸੀ ਸੀ ਟੀਵੀ ਕੈਮਰੇ ਵਿੱਚ ਆਉਣ ਕਰਕੇ ਪੁਲਸ ਨੇ ਇੱਕ ਦਿਨ ਦੇ ਅੰਦਰ ਕੇਸ ਸੁਲਝਾ ਲਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਗੌਰਵ ਦਿੱਲੀ ਦੇ ਸਦਰ ਬਾਜ਼ਾਰ ਅਤੇ ਉਸ ਦਾ ਸਾਥੀ ਸੁਲਤਾਨਪੁਰੀ ਦਾ ਵਸਨੀਕ ਹੈ। ਮੁੱਢਲੀ ਪੁੱਛ-ਗਿੱਛ ਦੌਰਾਨ ਗੌਰਵ ਨੇ ਪੁਲਸ ਨੂੰ ਦੱਸਿਆ ਕਿ ਉਹ ਆਟੋ ਰਿਕਸ਼ਾ ਵਿੱਚ ਸਵਾਰ ਦਮਯੰਤੀ ਦਾ ਇੱਕ ਕਿਲੋਮੀਟਰ ਤੋਂ ਪਿੱਛਾ ਕਰ ਰਹੇ ਸਨ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005


Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3,
ON L6T 5M4 | Fax : 905-488-2101

Office: 905-488-2100 Ext. 348



Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044



# ਹਾਂਗਕਾਂਗ ’ਚ ਦੁਕਾਨਦਾਰ ਵੀ ਅੰਦੋਲਨਕਾਰੀਆਂ ਦੀ ਹਮਾਇਤ ਉੱਤੇ ਆਏ



ਹਾਂਗਕਾਂਗ, 14 ਅਕਤੂਬਰ (ਪੋਸਟ ਬਿਊਰੋ)- ਹਾਂਗਕਾਂਗ 'ਚ ਕੱਲ੍ਹ ਨੂੰ ਲੋਕਤੰਤਰ ਦੀ ਮੰਗ ਕਰ ਰਹੇ ਅੰਦੋਲਨਕਾਰੀ ਮੁੜ ਤੋਂ ਸੜਕਾਂ 'ਤੇ ਉਤਰੇ। ਦੁਪਹਿਰ ਤੱਕ ਤਾਂ ਉਨ੍ਹਾਂ ਦਾ ਅੰਦੋਲਨ ਸ਼ਾਤਮਈ ਰਿਹਾ ਪਰ ਉਸ ਤੋਂ ਬਾਅਦ ਨੌਜਵਾਨ ਅੰਦੋਲਨਕਾਰੀਆਂ ਤੇ ਪੁਲਸ ਵਿਚਕ-ਾਰ ਟਕਰਾਅ ਸ਼ੁਰੂ ਹੋ ਗਿਆ। ਇਸ ਦੌਰਾਨ ਕਾਲੇ ਕੱਪੜੇ ਪਹਿਨ ਕੇ ਅੰਦੋਲਨਕਾਰੀਆਂ ਨੇ ਹਾਂਗਕਾਂਗ ਦੀ ਆਜ਼ਾਦੀ ਦੇ ਨਾਅਰੇ ਲਗਾਉਂਦੇ ਹੋਏ ਦੁਕਾਨਾਂ, ਵਪਾਰਕ ਅਦਾਰਿਆਂ ਤੇ ਮੈਟਰੋ ਸਟੇਸ਼ਨਾਂ 'ਚ ਭੰਨਤੋੜ ਕੀਤੀ, ਸੜਕਾਂ 'ਤੇ ਜਾਮ ਲਗਾਇਆ। ਪੁਲਸ ਨੇ ਜਦੋਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਟਕਰਾਅ ਹੋ ਗਿਆ। ਇਹ ਸਥਿਤੀ ਹਾਂਗਕਾਂਗ 'ਚ ਕਈ ਸਥਾਨਾਂ 'ਤੇ ਪੈਦਾ ਹੋਈ।

ਪੁਲਸ ਨੇ ਭੰਨਤੋੜ ਕਰਨ ਵਾਲੇ ਅੰਦੋਲਨਕਾਰੀਆਂ ਨੂੰ ਖਦੇੜਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਬਲ ਦੀ ਵਰਤੋਂ ਕੀਤੀ। ਫੇਸ ਮਾਸਕ ਪਹਿਨੇ ਕਈ ਮੁਜ਼ਾਹਰਾਕਾਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਹ ਮੁਜ਼ਾਹਰਾਕਾਰੀ ਆਪਣੀ ਪਛਾਣ ਲੁਕਾ ਕੇ ਭੰਨਤੋੜ ਕਰ ਰਹੇ ਸਨ। ਇੱਕ ਮਾਲ 'ਚ ਦੁਕਾਨਦਾਰਾਂ ਨੇ ਬਾਹਰ ਨਿਕਲ ਕੇ ਪੁਲਸ ਖਿਲਾਫ ਮੁਜ਼ਾਹਰਾ ਕੀਤਾ। ਉਨ੍ਹਾਂ ਨੇ ਪੁਲਸ ਮਾਫੀਆ ਕਹਿ ਕੇ ਅੰਦੋਲਨਕਾਰੀਆਂ 'ਤੇ ਰਹੀ ਬਲ ਵਰਤੋਂ ਦੀ ਨਿੰਦਾ ਕੀਤੀ। ਦੁਕਾਨਦਾਰਾਂ ਨੇ ਲੋਕਤੰਤਰ ਦੀ ਮੰਗ ਵਾਲੇ ਅੰਦੋਲਨ ਦੀ ਹਮਾਇਤ ਕੀਤੀ। ਦੁਕਾਨਦਾਰਾਂ ਨੇ ਪੁਲਸ ਖਿਲਾਫ ਨਾਅਰੇਬਾਜ਼ੀ ਕੀਤੀ। ਮੌਕੇ 'ਤੇ 70 ਸਾਲ ਦੇ ਬਜ਼ੁਗਰ ਹੁਈ ਨੇ ਕਿਹਾ, ਹਾਂਗਕਾਂਗ ਸੰਪੰਨ ਇਲਾਕਾ ਹੈ। ਪਰ ਸਰਕਾਰ ਨੇ ਇਸ ਨੂੰ ਪੁਲਸ ਸਟੇਟ ਬਣਾ ਦਿੱਤਾ ਹੈ। ਅਸੀਂ ਹਾਂਗਕਾਂਗ ਦੀ ਰੱਖਿਆ ਕਰਦੇ ਰਹੇ ਹਾਂ ਪਰ ਹੁਣ ਅਸੀਂ ਵਿਦਰੋਹ ਕਰਾਂਗੇ। ਹੁਈ ਉਨ੍ਹਾਂ ਬਜ਼ੁਰਗ ਅੰਦੋਲਨਕਾਰੀਆਂ ਦੀ ਆਪਣੇ ਤਰੀਕੇ ਨਾਲ ਹਮਾਇਤ ਕਰਦੇ ਹਨ। ਕੱਲ੍ਹ ਨੂੰ ਹੁਈ ਤੇ ਉਨ੍ਹਾਂ ਦੇ ਸਾਥੀਆਂ ਨੇ ਯੁਵਾ ਅੰਦੋਲਨਕਾਰੀਆਂ ਨੂੰ ਸੜਕ ਰੋਕਣ ਦੀ ਸਲਾਹ ਦਿੱਤੀ ਜਿਸ ਨਾਲ ਮੌਕੇ 'ਤੇ ਪੁਲਸ ਨਾ ਆ ਸਕੇ ਤੇ ਉਨ੍ਹਾਂ ਦੀਆਂ ਸਰਗਰਮੀਆਂ ਚਲਦੀਆਂ ਰਹਿਣ।

ਚੀਨ ਨਾਲ ਹਵਾਲਗੀ ਸੰਧੀ ਦੇ ਵਿਰੋਧ 'ਚ ਹਾਂਗਕਾਂਗ 'ਚ ਸ਼ੁਰੂ ਹੋਇਆ ਅੰਦੋਲਨ ਹੁਣ ਲੋਕਤੰਤਰ ਦੀ ਮੰਗ ਤੱਕ ਪਹੁੰਚ ਗਿਆ ਹੈ। ਨਿੱਤ ਦਿਨ ਹੋਣ ਵਾਲੀ ਭੰਨਤੋੜ ਨਾਲ ਅਰਬਾਂ ਰੁਪਏ ਦੀ ਜਾਇਦਾਦ ਦਾ ਨੁਕਸਾਨ ਹੋ ਚੁੱਕਾ ਹੈ । ਦੁਨੀਆ 'ਚ ਹਾਂਗਕਾਂਗ ਦਾ ਅਕਸ ਵੀ ਖਰਾਬ ਹੋਇਆ ਹੈ।

# ਸਪੇਨ ਵਿੱਚ 12 ਕੈਟਲਾਨ ਆਗੂਆਂ ਨੂੰ ਦੇਸ਼ ਧਰੋਹ ਦੇ ਕੇਸ ਵਿੱਚ 13 ਸਾਲ ਤਕ ਦੀ ਸਜ਼ਾ



ਮੈਡ੍ਰਿਡ, 14 ਅਕਤੂਬਰ (ਪੋਸਟ ਬਿਊਰੋ)- ਸਪੇਨ ਦੀ ਸੁਪਰੀਮ ਕੋਰਟ ਨੇ ਕੈਟਾਲੋਨੀਆ ਨੂੰ ਦੇਸ਼ ਤੋਂ ਵੱਖ ਕਰਨ ਦੀ ਕੋਸ਼ਿਸ਼ ਨਾਲ ਜੁੜੇ ਕੇਸ ਵਿੱਚ ਇਸ ਖੇਤਰ ਦੇ 12 ਸਾਬਕਾ ਆਗੂਆਂ ਨੂੰ ਸੋਮਵਾਰ ਨੂੰ 13 ਸਾਲ ਤਕ ਦੀ ਸਜ਼ਾ ਕੀਤੀ ਹੈ। ਇਸ ਦੇਸ਼ ਦੇ ਇਸ ਖੁਸ਼ਹਾਲ ਉੱਤਰ-ਪੂਰਬੀ ਖੇਤਰ ਦੀ ਆਜ਼ਾਦੀ ਲਈ 2017 ਵਿੱਚ ਇੱਕ ਯਤਨ ਕੀਤਾ ਗਿਆ ਸੀ, ਜਿਸ ਨੂੰ ਤਾਨਾਸ਼ਾਹ ਫਰਾਂਸਿਸਕੋ ਫ੍ਰੈਂਕੋ ਦੀ ਮੌਤ ਮਗਰੋਂ ਲੋਕਤੰਤਰ ਅਪਣਾਉਣ ਵਾਲੇ ਸਪੇਨ ਦੇ ਸਭ ਤੋਂ ਚਰਚਿਤ ਕੇਸਾਂ ਵਿੱਚ ਗਿਣਿਆ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨਾਲ ਕੈਟਾਲੋਨੀਆ ਸਮਰਥਕ ਮੁੜ ਕੇ ਭੜਕ ਸਕਦੇ ਹਨ।

ਅਦਾਲਤ ਨੇ ਕੈਟਲਾਨ ਖੇਤਰ ਦੇ ਸਾਬਕਾ ਉਪ ਰਾਸ਼ਟਰਪਤੀ ਓਰੀਅਲ ਜਨਕਵੇਰਸ ਨੂੰ ਦੇਸ਼ਧ੍ਰੋਹ ਤੇ ਸਰਕਾਰੀ ਧਨ ਦੀ ਦੁਰਵਰਤੋਂ ਦੇ ਦੋਸ਼ਾਂ ਵਿੱਚ 13 ਸਾਲ ਜੇਲ੍ਹ ਦੀ ਸਜ਼ਾ ਸੁਣਾਈਤੇ ਅੱਠ ਹੋਰ ਆਗੂਆਂ ਨੂੰ ਨੌਂ ਤੋਂ 13 ਸਾਲ ਤੱਕ ਕੈਦ ਦੀ ਸਜ਼ਾ ਦਿੱਤੀ ਹੈ। ਬਾਕੀ ਤਿੰਨ ਆਗੂਆਂ ਨੂੰ ਘੱਟ ਸਜ਼ਾ ਮਿਲੀ ਹੈ। ਸਰਕਾਰੀ ਵਕੀਲ ਨੇ ਇਨ੍ਹਾਂ ਲਈ ਸਖ਼ਤ ਸਜ਼ਾ ਦੀ ਮੰਗ ਕੀਤੀ ਸੀ। ਸਜ਼ਾ ਪਾਉਣ ਵਾਲਿਆਂ ਵਿੱਚ ਖੇਤਰੀ ਪਾਰਲੀਮੈਂਟ ਦੇ ਸਪੀਕਰ ਕਾਰਮੇ ਫੋਰਕਾਡੇਲ ਸ਼ਾਮਲ ਹਨ। ਉਨ੍ਹਾਂ ਨੂੰ ਸਾਢੇ ਗਿਆਰਾਂ ਸਾਲ ਦੀ ਸਜ਼ਾ ਹੋਈ ਹੈ। ਸਾਬਕਾ ਕੈਬਨਿਟ ਮੈਂਬਰਾਂ ਜੋਕਿਮ ਫੋਰਨ ਤੇ ਜੋਸੇਫ ਰੂਲ ਨੂੰ ਸਾਢੇ 10 ਸਾਲ ਦੀ ਸਜ਼ਾ ਦਿੱਤੀ ਗਈ ਹੈ। ਸਾਲ 2017 ਵਿੱਚ ਕੈਟਾਲੋਨੀਆ ਨੂੰ ਸਪੇਨ ਤੋਂ ਵੱਖ ਕਰਨ ਲਈ ਗ਼ੈਰ-ਕਾਨੂੰਨੀ ਤਰੀਕੇ ਨਾਲ ਡਿਫਰੈਂਡਮ ਕਰਾਇਆ ਗਿਆ ਤਾਂ ਇਸ ਖੇਤਰ ਦੇ ਲੋਕਾਂ ਨੇ ਵੱਖਰੇਵੇਂ ਦੇ ਹੱਕ ਵਿੱਚ ਮਤਦਾਨ ਕੀਤਾ ਸੀ। ਇਸ ਨੂੰ ਸੰਸਾਰ ਪੱਧਰ ਉੱਤੇ ਹਮਾਇਤ ਨਹੀਂ ਸੀ ਮਿਲੀ। ਬਾਅਦ ਵਿੱਚ ਸਪੇਨ ਸਰਕਾਰ ਨੇ ਖੇਤਰੀ ਸਰਕਾਰ ਬਰਖ਼ਾਸਤ ਕਰ ਦਿੱਤੀ ਸੀ।

# ਭਾਰਤ ਖ਼ਿਲਾਫ਼ ਮਾੜੇ ਪ੍ਰਚਾਰ ਵਿੱਚ ਪਾਕਿ ਬੱਚਿਆਂ ਦੀ ਵਰਤੋਂ ਕਰਦੈ

ਇਸਲਾਮਾਬਾਦ, 14 ਅਕਤੂਬਰ (ਪੋਸਟ ਬਿਊਰੋ)- ਕਸ਼ਮੀਰ ਮਸਲੇ ਉੱਤੇ ਦੁਨੀਆ ਭਰ ਵਿੱਚ ਚਲਾਈ ਮੁਹਿੰਮ ਵਿੱਚ ਨਿਰਾਸ਼ ਹੋਣ ਪਿੱਛੋਂ ਵੀ ਪਾਕਿਸਤਾਨ ਪੁੱਠੇ ਕੰਮਾਂ ਤੋਂ ਬਾਜ਼ ਨਹੀਂ ਆ ਰਿਹਾ। ਉਹ ਭਾਰਤ ਨੂੰ ਬਦਨਾਮ ਕਰਨ ਲਈ ਉਹ ਨਵੇਂ-ਨਵੇਂ ਢੰਗ ਅਪਣਾ ਰਿਹਾ ਹੈ। ਉਸ ਨੇ ਭਾਰਤ ਖ਼ਿਲਾਫ਼ ਪ੍ਰਚਾਰ ਲਈ ਬੱਚਿਆਂ ਨੂੰ ਵਰਤਿਆ ਹੈ। ਇਸ ਦਾ ਵੀਡੀਓ ਸਾਹਮਣੇ ਆਇਆ ਹੈ, ਜਿਸ ਵਿੱਚ ਪਾਕਿਸਤਾਨੀ ਬੱਚੇ ਉਨ੍ਹਾਂ ਨੂੰ ਰਟਾਏ ਗਏ ਭਾਰਤ ਵਿਰੋਧੀ ਨਾਅਰੇ ਲਾਉਂਦੇ ਦਿਸ ਰਹੇ ਹਨ।


ਪਾਕਿਸਤਾਨੀ ਪੱਤਰਕਾਰ ਨਾਇਲਾ ਇਨਾਇਤ ਨੇ ਵਾਇਰਲ ਹੋਏ 45 ਸਕਿੰਟ ਦੇ ਇਸ ਵੀਡੀਓ ਨੂੰ ਪੋਸਟ ਕੀਤਾ ਅਤੇ ਨਾਲ ਟਵੀਟ ਕੀਤਾ, ‘ਗੁੰਮਰਾਹ ਕੀਤੇ ਪਾਕਿਸਤਾਨੀ ਬੱਚਿਆਂ ਦੀ ਇਕ ਹੋਰ ਪੀੜ੍ਹੀ ਭਾਰਤ ਨੂੰ ਹਰਾਉਣ ਦਾ ਸੁਪਨਾ ਵੇਖ ਰਹੀ ਹੈ।’ ਵੀਡੀਓ ਵਿੱਚ ਇਕ ਬੱਚਾ ਭਾਰਤੀ ਫ਼ੌਜ ਅਤੇ ਆਰ ਐੱਸ ਐੱਸ ਦੇ ਖ਼ਿਲਾਫ਼ ਨਾਅਰੇਬਾਜ਼ੀ ਕਰਦਾ ਹੈ, ਜਦ ਕਿ ਦੂਜਾ ਬੱਚਾ ਕਹਿੰਦਾ ਹੈ, ‘ਅਸੀਂ ਸ਼ਹਾਦਤ ਦੇ ਚੁੱਕੇ ਹਰ ਮੁਸਲਿਮ ਦਾ ਬਦਲਾ ਲਵਾਂਗੇ ਤੇ ਹਿੰਦ ਪਾਕਿਸਤਾਨ ਬਣੇਗਾ।’ ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਖ਼ਤਮ ਕੀਤੇ ਜਾਣ ਪਿੱਛੋਂ ਪਾਕਿਸਤਾਨ ਇਸ ਮਸਲੇ ਨੂੰ ਕਈ ਕੌਮਾਂਤਰੀ ਮੰਚਾਂ ਉੱਤੇ ਉਠਾ ਚੁੱਕਾ ਹੈ, ਪਰ ਉਸ ਨੂੰ ਕਿਸੇ ਦੇਸ਼ ਦਾ ਸਾਥ ਨਹੀਂ ਮਿਲਿਆ। ਭਾਰਤ ਖ਼ਿਲਾਫ਼ ਨਫ਼ਰਤ ਫੈਲਾਉਣ ਵਾਲੇ ਇਸ ਵੀਡੀਓ ਦੇ ਵਾਇਰਲ ਹੋਣ ਦੇ ਬਾਅਦ ਪਾਕਿਸਤਾਨ ਦੀ ਕਿਰਕਿਰੀ ਹੋਈ ਹੈ। ਬੱਚਿਆਂ ਦੇ ਇਸਤੇਮਾਲ ਬਾਰੇ ਯੂਜ਼ਰਜ਼ ਪਾਕਿਸਤਾਨੀ ਹਾਕਮਾਂ ਨੂੰ ਖਰੀ ਖੋਟੀ ਸੁਣਾ ਰਹੇ ਹਨ। ਇਕ ਯੂਜ਼ਰ ਨੇ ਪੁੱਛਿਆ ਹੈ ਕਿ ‘ਕੀ ਇਨ੍ਹਾਂ ਬੱਚਿਆਂ ਦੇ ਟੀਚਰ ਆਤਮਘਾਤੀ ਹਮਲੇ ਦਾ ਲਾਈਵ ਡੈਮੋ ਦੇਣਗੇ?’ ਏਦਾਂ ਹੀ ਇਕ ਹੋਰ ਨੇ ਕਿਹਾ, ‘ਪਾਕਿਸਤਾਨੀ ਮਨੋਰੰਜਨ ਉਦਯੋਗ ਇਸ ਤਰ੍ਹਾਂ ਦੇ ਵੀਡੀਓ ਨਾਲ ਭਾਰਤ ਵਿੱਚ ਵਧ ਫੁੱਲ ਰਿਹਾ ਹੈ।

# ਨਵੇਂ ਕੇਸ ਦੀ ਜਾਂਚ ਬਹਾਨੇ ਨਵਾਜ਼ ਸ਼ਰੀਫ ਨੂੰ ਪੁਲਸ ਨੇ ਜੇਲ੍ਹ ਤੋਂ ਰਿਮਾਂਡ ਉੱਤੇ ਲਿਆਂਦਾ

ਲਾਹੌਰ, 14 ਅਕਤੂਬਰ, (ਪੋਸਟ ਬਿਊਰੋ)-ਭ੍ਰਿਸ਼ਟਾਚਾਰ ਦੇ ਇੱਕ ਕੇਸ ਵਿੱਚ ਅਦਾਲਤ ਵਲੋਂ ਦੋਸ਼ੀ ਕਰਾਰ ਦਿੱਤੇ ਜਾਣ ਦੇ ਬਾਅਦ ਜੇਲ੍ਹ ਦੀ ਸਜ਼ਾ ਕੱਟ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨੂੰ ਭ੍ਰਿਸ਼ਟਾਚਾਰਦੇ ਇਕ ਹੋਰ ਕੇਸਦੀ ਜਾਂਚ ਦੇ ਬਹਾਨੇ ਅੱਜਸ਼ੁੱਕਰਵਾਰ ਨੂੰ ਜਾਂਚ ਏਜੰਸੀਆਂ ਨੇ 14 ਦਿਨ ਦੇ ਰਿਮਾਂਡ ਉੱਤੇ ਲੈ ਲਿਆ ਹੈ।

ਪਾਕਿਸਤਾਨ ਦੀ ਭ੍ਰਿਸ਼ਟਾਚਾਰ ਵਿਰੋਧੀ ਕੌਮੀ ਜਵਾਬਦੇਹੀ ਬਿਊਰੋ (ਐੱਨ ਏਬੀ) ਨੇ ਚੌਧਰੀ ਸ਼ੂਗਰ ਮਿੱਲ ਦੇ ਮਨੀ ਲਾਂਡਰਿੰਗ ਕੇਸ ਵਿੱਚ ਨਵਾਜ਼ ਸ਼ਰੀਫ ਨੂੰ ਕੋਟ ਲਖਪਤ ਜੇਲ੍ਹ ਤੋਂ ਲਿਅ ਕੇ ਅੱਜ ਅਦਾਲਤ ਵਿੱਚ ਪੇਸ਼ ਕੀਤਾ। ਆਪਣੇ ਦੇਸ਼ ਦਾ ਤਿੰਨ ਵਾਰ ਪ੍ਰਧਾਨ ਮੰਤਰੀ ਰਹਿ ਚੁੱਕੇ ਸ਼ਰੀਫ ਅਲ-ਅਜੀਜੀਆ ਸਟੀਲ ਮਿੱਲ ਭ੍ਰਿਸ਼ਟਾਚਾਰਕੇਸ ਵਿੱਚ ਸੱਤ ਸਾਲ ਦੀ ਸਜ਼ਾ ਭੁਗਤਣ ਲਈ ਇਸੇ ਜੇਲ੍ਹ ਵਿੱਚ ਬੰਦ ਸਨ। ਐੱਨ ਏਬੀ ਦੇ ਵਕੀਲ ਨੇ ਮਨੀ ਲਾਂਡਰਿੰਗ ਕੇਸ ਵਿੱਚ ਸ਼ਰੀਫ ਦਾ 15 ਦਿਨਾ ਰਿਮਾਂਡ ਮੰਗਿਆ, ਪਰ ਅਦਾਲਤ ਨੇ 14 ਦਿਨ ਦਾ ਰਿਮਾਂਡ ਦਿੱਤਾ ਹੈ। ਇਸ ਤੋਂ ਬਾਅਦ ਨਵਾਜ਼ ਸ਼ਰੀਫ ਨੂੰ ਅਦਾਲਤ ਤੋਂ ਲਾਹੌਰ ਵਿੱਚ ਐੱਨਏਬੀ ਦਫਤਰ ਲਿਜਾਇਆ ਗਿਆ, ਜਿੱਥੇ ਉਨ੍ਹਾਂ ਤੋਂ ਮਨੀ ਲਾਂਡਰਿੰਗ ਬਾਰੇ ਪੁੱਛਗਿੱਛ ਕੀਤੀ ਜਾਣੀ ਹੈ। ਐੱਨਏਬੀ ਦਾ ਕਹਿਣਾ ਹੈ ਕਿ ਨਵਾਜ਼ ਸ਼ਰੀਫ ਅਤੇ ਉਨ੍ਹਾਂ ਦੀ ਬੇਟੀ ਮਰੀਅਮ ਦਾ ਚੌਧਰੀ ਸ਼ੂਗਰ ਮਿੱਲ ਦੇ ਕੇਸ ਨਾਲ ਸੰਬੰਧ ਹੈ। ਸ਼ੂਗਰ ਮਿੱਲ ਵਿੱਚ ਮਰੀਅਮ ਦੇ 1.20 ਕਰੋੜ ਰੁਪਏ ਤੋਂ ਵੱਧ ਸ਼ੇਅਰ ਹਨ।ਸ਼ਰੀਫ ਦੀ ਪਾਰਟੀ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ ਨੇ ਦੋਸ਼ ਲਾਇਆ ਹੈ ਕਿ ਨਵਾਜ਼ ਸ਼ਰੀਫ ਨੂੰ ਇਮਰਾਨ ਸਰਕਾਰ ਨੇ ਐੱਨ ਏਬੀ ਕੋਲੋਂ ਗ੍ਰਿਫਤਾਰ ਕਰਵਾਇਆ ਹੈ। ਪਾਰਟੀ ਦੇ ਇਕ ਨੇਤਾ ਨੇ ਕਿਹਾ ਕਿ ਇਮਰਾਨ ਖਾਨ ਨੂੰ ਲੱਗਦਾ ਸੀ ਕਿ ਪਹਿਲੇਕੇਸ ਵਿੱਚ ਸ਼ਰੀਫ ਨੂੰ ਜ਼ਮਾਨਤ ਮਿਲ ਸਕਦੀ ਹੈ, ਇਸ ਲਈ ਦੂਜੇ ਕੇਸ ਵਿੱਚ ਫਸਾਇਆ ਗਿਆ ਹੈ ਤਾਂ ਕਿ ਜੇਲ੍ਹ ਤੋਂ ਬਾਹਰ ਨਾ ਆ ਸਕੇ।

# ਅਮਰੀਕਾ ਵੱਲੋਂ ਪਾਕਿ ਨੂੰ ਹਾਫਿਜ਼ ਸਈਦ ਉੱਤੇ ਕੇਸ ਚਲਾਉਣ ਲਈ ਦਬਕਾ



ਵਾਸ਼ਿੰਗਟਨ, 14 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਨੇ ਪਾਕਿਸਤਾਨ ਨੂੰ ਅੱਤਵਾਦ ਬਾਰੇ ਫਿਰ ਸਖ਼ਤ ਹਦਾਇਤ ਦਿੱਤੀ ਹੈ ਅਤੇ ਸਾਫ਼ ਕਿਹਾ ਹੈ ਕਿ ਪਾਕਿ-ਸਤਾਨ ਨੂੰ ਆਪਣੀ ਜ਼ਮੀਨ ਤੋਂ ਅੱਤਵਾਦੀ ਸਰਗਰਮੀਂ ਵਾਲੇ ਟੋਲਿਆਂ ਨੂੰ ਰੋਕਣਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਸਮੇਤ ਲਸ਼ਕਰ-ਏ-ਤਾਇਬਾ ਦੇ ਦੂਜੇ ਵੱਡੇ ਅੱਤਵਾਦੀਆਂ ਉੱਤੇ ਮੁਕੱਦਮਾ ਚਲਾਉਣਾ ਚਾਹੀਦਾ ਹੈ।

ਵਰਨਣ ਯੋਗ ਹੈ ਕਿ ਅਮਰੀਕਾ ਦਾ ਇਹ ਸਖ਼ਤ ਬਿਆਨ ਓਦੋਂ ਆਇਆ ਹੈ, ਜਦੋਂ ਪਾਕਿਸਤਾਨ ਉੱਤੇ ਅੱਤਵਾਦੀ ਫੰਡਿੰਗ ਦੇ ਕਾਰਨ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਕਾਲੀ ਸੂਚੀ ਵਿੱਚ ਪਾਏ ਜਾਣ ਦਾ ਖ਼ਤਰਾ ਮੰਡਲਾ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੀ ਦੱਖਣੀ ਤੇ ਮੱਧ ਏਸ਼ੀਆਈ ਬਿਊਰੋ ਦੀ ਮੁਖੀ ਐਲਿਸ ਵੇਲਸ ਨੇ ਪਾਕਿਸਤਾਨ ਵਿੱਚ ਲਸ਼ਕਰ-ਏ-ਤਾਇਬਾ ਅਤੇ ਜਮਾਤ-ਉਦ-ਦਾਵਾ ਦੇ ਚਾਰ ਸਿਖਰਲੇ ਅੱਤਵਾਦੀਆਂ ਦੀ ਗ੍ਰਿਫ਼ਤਾਰੀ ਦਾ ਸਵਾਗਤ ਕਰਦੇ ਹੋਏ ਕਿਹਾ, ‘ਜਿਵੇਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਆਪਣੇ ਭਵਿੱਖ ਲਈ ਆਪਣੀ ਜ਼ਮੀਨ ਤੋਂ ਚੱਲਦੀਆਂ ਅੱਤਵਾਦੀ ਜਮਾਤਾਂ ਨੂੰ ਰੋਕਣਾ ਪਵੇਗਾ, ਅਸੀਂ ਚਾਰ ਅੱਤਵਾਦੀਆਂ ਦੀ ਗ੍ਰਿਫ਼ਤਾਰੀ ਦੀ ਖ਼ਬਰ ਦਾ ਸਵਾਗਤ ਕਰਦੇ ਹਾਂ। ਲਸ਼ਕਰ ਦੇ ਹਮਲਿਆਂ ਦੇ ਪੀੜਤ ਇਸ ਦੇ ਹੱਕਦਾਰ ਹਨ ਕਿ ਉਹ ਲਸ਼ਕਰ ਸਰਗਣਾ ਹਾਫਿਜ਼ ਸਈਦ ਸਮੇਤ ਇਨ੍ਹਾਂਸਾਰੇ ਅੱਤਵਾਦੀਆਂ ਉੱਤੇ ਮੁਕੱਦਮਾ ਚਲਦਾ ਵੇਖਣ।

ਪਾਕਿਸਤਾਨ ਨੇ ਬੀਤੇ ਵੀਰਵਾਰ ਲਸ਼ਕਰ ਦੇ ਚਾਰ ਵੱਡੇ ਆਗੂਆਂ ਜ਼ਫਰ ਇਕਬਾਲ, ਯਾਹੀਆ ਅਜੀਜ਼, ਮੁਹੰਮਦ ਅਸ਼ਰਫ ਅਤੇ ਅਬਦੁਲ ਸਲਾਮ ਨੂੰ ਗ੍ਰਿਫ਼ਤਾਰ ਕੀਤਾ ਸੀ। ਉਂਜ ਉਸ ਦਾ ਇਹ ਇਤਿਹਾਸ ਹੈ ਕਿ ਵਿਖਾਵੇ ਲਈ ਅੱਤਵਾਦੀਆਂ ਨੂੰ ਫੜਦਾ ਤੇ ਫਿਰ ਛੱਡ ਦਿੰਦਾ ਹੈ। ਵੇਲਸ ਨੇ ਪਾਕਿਸਤਾਨ ਨੂੰ ਪਿਛਲੇ ਮਹੀਨੇ ਵੀ ਕਿਹਾ ਸੀ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਨੂੰ ਹਾਫਿਜ਼ ਸਈਦ ਤੇ ਮਸੂਦ ਅਜ਼ਹਰ ਜਿਹੇ ਅੱਤਵਾਦੀਆਂ ਖ਼ਿਲਾਫ਼ ਮੁਕ-ੱਦਮਾ ਚਲਾਉਣਾ ਚਾਹੀਦਾ ਹੈ।

# ਭਾਰਤ ਦੀ ਆਰਥਿਕ ਵਿਕਾਸ ਦਰ ਬੰਗਲਾ ਦੇਸ਼ ਤੇ ਨੇਪਾਲ ਤੋਂ ਵੀ ਘੱਟ ਰਹਿਣ ਦਾ ਡਰ

ਵਾਸ਼ਿੰਗਟਨ, 14 ਅਕਤੂਬਰ (ਪੋਸਟ ਬਿਊਰੋ)- ਵਿਸ਼ਵ ਬੈਂਕ ਨੇ ਚਾਲੂ ਸਾਲ ਵਿੱਚ ਭਾਰਤ ਦੀ ਆਰਥਿਕ ਵਿਕਾਸ ਦਰ ਦਾ ਅਨੁਸਾਰ ਘਟਾ ਕੇ ਕੱਲ੍ਹ ਛੇ ਫੀਸਦੀ ਕਰ ਦਿੱਤੀ ਜਦੋਂ ਕਿ ਸਾਲ 2018-19 ਵਿੱਚ ਵਿਕਾਸ ਦਰ 6.9 ਫੀਸਦੀ ਰਹੀ ਸੀ। ਦੂਜੇ ਪਾਸੇ ਵਿਸ਼ਵ ਬੈਂਕ ਨੇ ਬੰਗਲਾਦੇਸ਼ ਤੇ ਨਿਪਾਲ ਵਿੱਚ ਆਰਥਿਕ ਵਿਕਾਸ ਭਾਰਤ ਤੋਂ ਵੱਧ ਹੋਣ ਦਾ ਅਨੁਮਾਨ ਲਾਇਆ ਹੈ। ‘ਦੱਖਣੀ ਏਸ਼ੀਆ ਆਰਥਿਕ ਫੋਰਮ' ਦੀ ਤਾਜ਼ਾ ਰਿਪੋਰਟ ਵਿੱਚ ਵਿਸ਼ਵ ਬੈਂਕ ਨੇ ਕਿਹਾ ਕਿ ਕਰੰਸੀ ਪਸਾਰਾ ਠੀਕ ਹੈ, ਪਰ ਜੇ ਇਸ ਦਾ ਰੁਖ ਨਰਮ ਬਣਿਆ ਰਿਹਾ ਤਾਂ ਵਿਕਾਸ ਦਰ ਹੌਲੀ-ਹੌਲੀ ਸੁਧਰ ਕੇ 2021 ਵਿੱਚ 6.9 ਫੀਸਦੀ ਅਤੇ 2022 'ਚ 7.2 ਫੀਸਦੀ ਹੋਣ ਦਾ ਅਨੁਮਾਨ ਹੈ।

ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ ਐਮ ਐਫ) ਅਤੇ ਵਿਸ਼ਵ ਬੈਂਕ ਦੀ ਸਾਂਝੀ ਸਾਲਾਨਾ ਬੈਠਕ ਤੋਂ ਪਹਿਲਾਂ ਜਾਰੀ ਰਿਪੋਰਟ ਵਿੱਚ ਲਗਾਤਾਰ ਦੂਸਰੇ ਸਾਲ ਭਾਰਤ ਦੀ ਆਰਥਿਕ ਵਿਕਾਸ ਦਰ ਵਿੱਚ ਗਿਰ-ਾਵਟ ਦਾ ਅੰਦਾਜ਼ਾ ਲਾਇਆ ਗਿਆ ਹੈ। ਸਾਲ 2018-19 ਵਿੱਚ ਵਿਕਾਸ ਦਰ, ਵਿੱਤੀ ਸਾਲ 2017-18 ਦੇ 7.2 ਫੀਸਦੀ ਤੋਂ ਥੱਲੇ 6.8 ਫੀਸਦੀ ਰਹੀ ਸੀ। ਨਿਰਮਾਣ ਅਤੇ ਹੋਰ ਸਰਰਗਰਮੀਆਂ 'ਚ ਵਿਕਾਸ ਕਾਰਨ ਉਦਯੋਗਿਕ ਉਤਪਾਤਨ ਦੀ ਵਿਕਾਸ ਦਰ ਵੱਧ ਕੇ 6.9 ਫੀਸਦੀ ਹੋ ਗਈ, ਜਦੋਂ ਕਿ ਖੇਤੀਅਤੇ ਸਰਵਿਸ ਖੇਤਰ 'ਚ ਵਿਕਾਸ ਦਰ ਕ੍ਰਮਵਾਰ 2.9 ਅਤੇ 7.5 ਫੀਸਦੀ ਰਹੀ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019-20 ਦੀ ਪਹਿਲੀ ਤਿਮਾਹੀ ਵਿੱਚ ਮੰਗ ਦੇ ਪੱਖ ਤੋਂ ਨਿੱਜੀ ਖਪਤ ਵਿੱਚ ਗਿਰਾਵਟ ਤੇ ਉਦਯੋਗ ਅਤੇ ਸੇਵਾ ਦੋਵਾਂ ਵਿੱਚ ਵਿਕਾਸ ਕਮਜ਼ੋਰ ਹੋਣ ਨਾਲ ਅਰਥ-ਵਿਵਸਥਾ ਵਿੱਚ ਸੁਸਤੀ ਰਹੀ। ਇਸ ਰਿਪੋਰਟ ਇਹ ਵੀ ਕਿਹਾ ਗਿਆ ਹੈ ਕਿ 2018-19 ਵਿੱਚ ਚਾਲੂ ਖਾਤਾ ਘਾਟਾ ਵਧਾ ਕੇ ਕੁੱਲ ਜੀ ਡੀ ਪੀ ਦਾ 2.1 ਫੀਸਦੀ ਹੋ ਗਿਆ ਜਦੋਂ ਕਿ ਇੱਕ ਸਾਲ ਪਹਿਲਾਂ ਇਹ 1.8 ਫੀਸਦੀ ਸੀ। ਇਸ ਨਾਲ ਵਿਗੜਦੇ ਵਪਾਰ ਸੰਤੁਲਨ ਦਾ ਪਤਾ ਚਲਦਾ ਹੈ।


First Choice Financial Limited
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424


# ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ ਨੂੰ ਮਿਲਿਆ ‘ਨੋਬਲ ਸ਼ਾਂਤੀ ਇਨਾਮ’



ਓਸਲੋ, 14 ਅਕਤੂਬਰ (ਪੋਸਟ ਬਿਊਰੋ)- ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ ਨੂੰ ਕੱਲ੍ਹ 2019 ਦੇ ‘ਨੋਬਲ ਸ਼ਾਂਤੀ ਇਨਾਮ’ ਨਾਲ ਸਨਮਨਿਤ ਕੀਤਾ ਗਿਆ। ਜੂਰੀ ਨੇ ਦੱਸਿਆ ਕਿ ਅਲੀ ਨੂੰ ਸ਼ਾਂਤੀ ਅਤੇ ਅੰਤਰਰਾਸ਼ਟਰੀ ਸਹਿਯੋਗ ਹਾਸਲ ਕਰਨ ਦੀਆਂ ਕੋਸ਼ਿਸ਼ਾਂ ਲਈ ਅਤੇ ਵਿਸ਼ੇਸ਼ ਰੂਪ ਨਾਲ ਗੁਆਂਢੀ ਦੇਸ਼ ਇਰੀਟ੍ਰੀਆ ਨਾਲ ਸਰਹੱਦੀ ਸੰਘਰਸ਼ ਮੁਕਾਉਣ ਲਈ ਉਨ੍ਹਾਂ ਦੇ ਫੈਸਲਾਕੁਨ ਪਹਿਲ ਲਈ ਇਸ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ।

43 ਸਾਲ ਦੇ ਅਬੀ ਅਹਿਮਦ ਨੂੰ ਇਥੋਪੀਆ ਦਾ ‘ਨੈਲਸਨ ਮੰਡਲਾ' ਵੀ ਕਿਹਾ ਜਾਂਦਾ ਹੈ। ਅਪ੍ਰੈਲ 2018 'ਚ ਨਬੀ ਅਹਿਮਦ ਇਥੋਪੀਆ ਦੇ ਪ੍ਰਧਾਨ ਮੰਤਰੀ ਬਣਦਿਆਂ ਸਾਰ ਅਫਰੀਕੀ ਦੇਸ਼ਾਂ ਵਿੱਚ ਸਭ ਤੋਂ ਨੌਜਵਾਨ ਰਾਸ਼ਟਰੀ ਆਗੂ ਬਣ ਗਏ ਅਤੇ ਉਨ੍ਹਾਂ ਨੇ ਇਥੋਪੀਆ 'ਚ ਕਈ ਸੁਧਾਰ ਸ਼ੁਰੂ ਕਰ ਦਿੱਤੇ। ਪ੍ਰਧਾਨ ਮੰਤਰੀ ਬਣਨ ਦੇ 100 ਦਿਨਾਂ ਅੰਦਰ ਅਬੀ ਨੇ ਐਮਰਜੈਂਸੀ ਹਟਾਈ ਅਤੇ ਹਜ਼ਾਰਾਂ ਵਿਰੋਧੀ ਵਰਕਰਾਂ ਨੂੰ ਜੇਲ੍ਹ ਤੋਂ ਰਿਹਾਅ ਕੀਤਾ। ਸਭ ਤੋਂ ਮਹੱਤਵ ਪੂਰਨ ਪਹਿਲ ਉਨ੍ਹਾਂ ਨੇ ਆਪਣੇ ਕੱਟੜ ਵਿਰੋਧੀ ਦੇਸ਼ ਇਰੀਟ੍ਰੀਆ ਨਾਲ ਖ਼ੂਨੀ ਸੰਘਰਸ਼ ਖਤਮ ਕਰਨ ਲਈ ਕੀਤੀ। ਜਲਾਈ 2018 'ਚ ਇਥੋਪੀਆ ਤੇ ਇਰੀਟ੍ਰੀਆ ਵਿਚਾਲੇ 22 ਸਾਲ ਪੁਰਾਣੀ ਲੜਾਈ ਦੇ ਅੰਤ 'ਚ ਅਹਿਮ ਭੂਮਿਕਾ ਨਿਭਾਉਣ ਦੇ ਚੱਲਦਿਆਂ ਅਬੀ ਅਹਿਮਦ ਅਲੀ ਨੂੰ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

ਪ੍ਰਮੁੱਖ ਹਸਤੀਆਂ ਵੱਲੋਂ ਚੇਤਾਵਨੀ

# ਸਮਾਂ ਰਹਿੰਦੇ ਨਾ ਜਾਗੇ ਤਾਂ ਨਤੀਜੇ ਖਤਰਨਾਕ ਹੋਣਗੇ



ਲੰਡਨ, 14 ਅਕਤੂਬਰ (ਪੋਸਟ ਬਿਊਰੋ)- ਪੌਣ-ਪਾਣੀ ਤਬਦੀਲੀ ਦੇ ਮਾੜੇ ਨਤੀਜਿਆਂ ਤੋਂ ਦੁਨੀਆਂ ਨੂੰ ਬਚਾਉਣ ਲਈ ਵਿਗਿਆਨੀਆਂ ਨੇ ਵੀ ਮੋਰਚਾ ਖੋਲ੍ਹ ਦਿੱਤਾ ਹੈ। ਕੱਲ੍ਹ 20 ਦੇਸ਼ਾਂ ਦੇ ਤਿੰਨ ਸੌ ਤੋਂ ਵੱਧ ਵਿਗਿਆਨ ਜਗਤ ਦੀਆਂ ਹਸਤੀਆਂ ਨੇ ਇਸ ਬਾਰੇ ਸਾਂਝਾ ਮਨੋਰਥ ਪੱਤਰ ਜਾਰੀ ਕਰ ਕੇ ਸਮੂਹਿਕ ਸਿਵਲ ਨਾਫੁਰਮਾਨੀ ਅੰਦੋਲਨ ਚਲਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੌਣ-ਪਾਣੀ ਤਬਦੀਲੀ ਦੀ ਵਧਦੀ ਸਮੱਸਿਆ ਨਾਲ ਨਜਿਠੱਣ ਲਈ ਸਮਾਂ ਰਹਿੰਦੇ ਕਾਰਗਰ ਕਦਮ ਨਾ ਚੁੱਕੇ ਗਏ ਤਾਂ ਇਸ ਨਾਲ ਧਰਤੀ ਤਬਾਹ ਹੋ ਸਕਦੀ ਹੈ ਤੇ ਲੋਕਾਂ ਨੂੰ ਨਾ ਸਹਿਣਯੋਗ ਦੁੱਖ ਝੱਲਣੇ ਪੈਣਗੇ। ਇਨ੍ਹਾਂ ਵਿਗਿਆਨੀਆਂ ਨੇ ਪੌਣ-ਪਾਣੀ ਤਬਦੀਲੀ ਨਾਲ ਨਜਿੱਠਣ ਲਈ ਤਤਕਾਲ ਕਾਰਵਾਈ ਦੀ ਮੰਗ ਕਰਨ ਵਾਲੀ ਸੰਸਥਾ ਐਕਸਟਿੰਕਸ਼ਨ ਰਿਬੈਲੀਅਨ ਦੇ ਬੈਨਰ ਹੇਠ ਜਾਰੀ ਸ਼ਾਂਤਮਈ ਪ੍ਰਦਰਸ਼ਨਾਂ ਦੀ ਹਮਾਇਤ ਕੀਤੀ ਹੈ।ਪੌਣ-ਪਾਣੀ ਦੀ ਤਬਦੀਲੀ ਦੇ ਖਿਲਾਫ ਜੰਗ ਲਈ ਜਾਰੀ ਮਨੋਰਥ ਪੱਤਰ ਉੱਤੇ ਦਸਤਖਤ ਕਰਨ ਵਾਲਿਆਂ 'ਚ ਪ੍ਰਸਿੱਧ ਮੌਸਮ ਵਿਗਿਆਨ, ਫਿਜ਼ਿਕਸ, ਜੀਵ ਵਿਗਿਆਨ, ਇੰਜੀਨੀਅਰਅਤੇ ਕੈਮਿਸਟਰੀ ਦੇ ਮਾਹਰ ਸ਼ਾਮਲ ਹਨ। ਉਨ੍ਹਾਂ ਨੇ ਇਹ ਕਦਮ ਪੌਣ-ਪਾਣੀ ਤਬਦੀਲੀ ਦੀ ਸਮੱਸਿਆ ਨਾਲ ਨਜਿਠੱਣ 'ਚ ਸਰਕਾਰਾਂ ਦੀ ਸੁਸਤੀ ਨੂੰ ਵੇਖ ਕੇ ਚੁੱਕਿਆ ਹੈ। ਮਾਨਵਤਾ ਲਈ ਆਤਮਘਾਤੀ ਬਣਦੀ ਜਾ ਰਹੀ ਇਸ ਸਮੱਸਿਆ 'ਤੇ ਸਰਕਾਰਾਂ ਦੀ ਉਦਾਸੀਨਤਾ ਦੇ ਖਿਲਾਫ ਇਨ੍ਹਾਂ ਵਿਗਿਆਨੀਆਂ ਨੇ ਕੱਲ੍ਹ ਆਪਣੇ ਗੁੱਸੇ ਦਾ ਜਨਤਕ ਤੌਰ 'ਤੇ ਪ੍ਰਗਟਾਵਾ ਕੀਤਾ। ਮਨੋਰਥ ਪੱਤਰ 'ਤੇ ਦਸਤਖਤ ਕਰਨ ਵਾਲੇ ਕਰੀਬ 20 ਵਿਗਿਆਨੀ ਸਫੈਦ ਕੋਟ ਪਹਿਨ ਕੇ ਲੰਡਨ ਦੇ ਸਾਇੰਸ ਮਿਊਜ਼ੀਅਮ ਦੇ ਬਾਹਰ ਇੱਕਠੇ ਹੋਏ। ਉਥੇ ਵਿਗਿਆਨੀਆਂਦੀ ਬੁਲਾਰਾਅਤੇ ਮੌਲੀਕਿਊਲਰ ਬਾਇਓਲੋਜੀ ਦੀ ਮਾਹਿਰ ਐਮਿਲੀ ਗ੍ਰਾਸਮੈਨ ਨੇ ਮਨੋਰਥ ਪੱਤਰ ਨੂੰ ਜਨਤਕ ਤੌਰ ਉੱਤੇ ਜਾਰੀ ਕੀਤਾ। ਐਮਿਲੀ ਦੇ ਕਹਿਣ ਮੁਤਾਬਕ ‘ਪੌਣ-ਪਾਣੀ ਤਬਦੀਲੀ ਰੋਕਣ ਦੀ ਦਿਸ਼ਾ 'ਚ ਸਰਕਾਰਾਂ ਦੀ ਸੁਸਤੀ ਖਿਲਾਫ ਜਾਰੀ ਸ਼ਾਂਤਮਈ ਪ੍ਰਦਰਸ਼ਨ ਯੋਗਹਨ। ਸਰਕਾਰੀ ਨਿਕੰਮੇਪਣ ਦੇ ਖਿਲਾਫ ਸਿੱਧੀ ਕਾਰਵਾਈ ਦਾ ਸਮਾਂ ਆ ਗਿਆ ਹੈ, ਚਾਹੇ ਇਸ ਲਈ ਕਾਨੂੰਨ ਦੀ ਉਲੰਘਣਾ ਹੀ ਕਿਉਂ ਨਾ ਹੋ ਜਾਵੇ।'




Special OIL CHANGE Rates

BEST TRUCK REPAIR & TIRE CENTRE
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
We also Specialize in Engine, AC, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT | BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲ੍ਹਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

## ਖਜ਼ਾਨਾ ਮੰਤਰੀ ਬੀਬੀ ਦਾ ਪਤੀ ਕਹਿੰਦਾ

# ਮੋਦੀ ਸਰਕਾਰ ਵੀ ਰਾਓ-ਮਨਮੋਹਨ ਦੀਆਂ ਨੀਤੀਆਂ ਨੂੰ ਗਲੇ ਲਾਵੇ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)-ਭਾਰਤਬੀਤੇ ਕਈ ਮਹੀਨਿਆਂ ਤੋਂ ਆਰਥਿਕ ਮੰਦੀ ਨਾਲ ਜੂਝ ਰਿਹਾ ਹੈ। ਇਸ ਮੰਦੀ ਨਾਲ ਨਿਪਟਣ ਲਈ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਵੱਲੋਂ ਕਈ ਐਲਾਨ ਕੀਤੇ ਜਾਣ ਦੇ ਬਾਵਜੂਦ ਅਰਥਵਿਵਸਥਾ ਵਿਚ ਕੋਈ ਖਾਸ ਸੁਧਾਰ ਨਹੀਂ ਆ ਸਕਿਆ।

ਦੇਸ਼ ਦੀ ਡਿੱਗ ਰਹੀ ਅਰਥਵਿਵਸਥਾ ਬਾਰੇ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਦੇ ਪਤੀ ਅਤੇ ਪ੍ਰਮੁੱਖ ਬੁੱਧੀਜੀਵੀ ਪਰਕਲਾ ਪ੍ਰਭਾਕਰ ਨੇ ਇਕ ਲੇਖ ਲਿਖਿਆ ਹੈ, ਜਿਸ ਵਿਚ ਉਨ੍ਹਾਂਇਹ ਕਿਹਾ ਹੈ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੂੰ ਪੀਵੀ ਨਰਸਿਮਹਾ ਰਾਓ ਤੇ ਮਨਮੋਹਨ ਸਿੰਘ ਦੀਆਂ ਨੀਤੀਆਂ ਤੋਂ ਸਿੱਖਣਾ ਚਾਹੀਦਾ ਹੈ। ਅੰਗਰੇਜ਼ੀ ਦੇ ਇੱਕ ਅਖ਼ਬਾਰ ਵਿਚ ਲਿਖ ਕੇ ਪਰਕਲਾ ਪ੍ਰਭਾਕਰ ਨੇ ਮੋਦੀ ਸਰਕਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਪੀਵੀ ਨਰਸਿਮ੍ਹਾ ਰਾਓ ਤੇ ਮਨਮੋਹਨ ਸਿੰਘ ਵੱਲੋਂ ਅਪਣਾਏ ਆਰਥਿਕ ਮਾਡਲ ਨੂੰ ਗਲੇ ਲਾਉਣ ਦੀ ਸਲਾਹ ਦਿੱਤੀ ਹੈ।ਪ੍ਰਭਾਕਰ ਨੇ ਅਪਣੇ ਲੇਖ ਵਿਚ ਸਾਲ 1991 ਵਿਚ ਵਿਗੜੀ ਅਰਥਵਿਵਸਥਾ ਦੇ ਉਦਾਰੀਕਰਨ ਦਾ ਵੀ ਜ਼ਿਕਰ ਕੀਤਾ ਹੈ।

ਵਰਨਣ ਯੋਗ ਹੈ ਕਿ ਓਦੋਂ ਪੀ ਵੀ ਨਰਸਿਮ੍ਹਾ ਰਾਓ ਪ੍ਰਧਾਨ ਮੰਤਰੀ ਤੇ ਮਨਮੋਹਨ ਸਿੰਘ ਵਿੱਤ ਮੰਤਰੀ ਹੁੰਦੇ ਸਨ। ਪ੍ਰਭਾਕਰ ਨੇ ਲਿਖਿਆ ਹੈ ਕਿ ਭਾਜਪਾ ਸਰਕਾਰ ਅਪਣੀ ਸਥਾਪਨਾ ਤੋਂ ਬਾਅਦ ਕੋਈ ਆਰਥਿਕ ਢਾਂਚੇ ਦਾ ਮਤਾਨਹੀਂ ਲਿਆ ਸਕੀ। ਉਹ ਬੱਸ ਨਹਿਰੂਵਾਦੀ ਅਰਥਵਿਵਸਥਾ ਢਾਂਚੇ ਦੀ ਆਲੋਚਨਾ ਕਰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ ਹਮੇਸ਼ਾ 'ਇਹ ਨਹੀਂ-ਇਹ ਨਹੀਂ' ਦੀ ਨੀਤੀ ਅਪਣਾਈ, ਪਰਉਨ੍ਹਾਂ ਦੀ ਅਪਣੀ ਨੀਤੀ ਕੀ ਹੈ, ਇਸ ਬਾਰੇ ਕਦੇ ਨਹੀਂਦੱਸਿਆ। ਪ੍ਰਭਾਕਰ ਨੇ ਕਿਹਾ ਕਿ ਭਾਜਪਾ ਦੀ ਲੀਡਰਸ਼ਿਪ ਇਸ ਤੋਂ ਜਾਣੂ ਹੈ। ਇਸ ਲਈ ਚੋਣਾਂ ਮੌਕੇ ਪਾਰਟੀ ਨੇ ਇਹ ਧਿਆਨ ਰੱਖਿਆ ਕਿ ਅਰਥਵਿਵਸਥਾ ਬਾਰੇ ਜਨਤਾ ਸਾਹਮਣੇ ਕੁਝ ਪੇਸ਼ ਨਾ ਕਰੋ।ਇਸ ਦੀ ਥਾਂ ਪਾਰਟੀ ਨੇ ਇਕ ਰਾਜਨੀਤਕ, ਰਾਸ਼ਟਰਵਾਦੀ ਤੇ ਦੇਸ਼ ਦੀ ਸੁਰੱਖਿਆ ਦੀ ਸਟੇਜ ਚੁਣੀ। ਪ੍ਰਭਾਕਰ ਨੇ ਕਿਹਾ ਕਿ ਨਰਸਿਮ੍ਹਾ ਰਾਓ ਸਰਕਾਰ ਦੀਆਂ ਨੀਤੀਆਂ ਨੂੰ ਭਾਜਪਾ ਨੇ ਕਦੇ ਵੀ ਨਾ ਰੱਦ ਕੀਤਾ ਅਤੇ ਨਾ ਚੁਣੌਤੀ ਦਿੱਤੀ। ਉਨ੍ਹਾਂ ਕਿਹਾ ਜੇ ਸਰਕਾਰ ਉਨ੍ਹਾਂ ਦੀਆਂ ਨੀਤੀਆਂ ਨੂੰ ਅਪਣਾ ਲਵੇ ਤਾਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਹੇਠ ਦੇਸ਼ ਦੀ ਆਰਥਿਕਤਾ ਨੂੰ ਮੁੜ ਲੀਹ ਤੇ ਲਿਆਉਣ ਵਿਚ ਮਦਦ ਕਰ ਸਕਦੀ ਹੈ।

# ਭਾਰਤ ਵਿੱਚ ਪਹਿਲੀ ਵਾਰ ਨੇਤਰਹੀਣ ਲੜਕੀ ਆਈ ਏ ਐੱਸ ਬਣੀ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)-ਪ੍ਰਾਂਜਲ ਨਾਂਅ ਦੀ ਲੜਕੀ ਦੀਆਂ ਅੱਖਾਂ ਨਹੀਂ ਹਨ, ਪਰ ਉਸ ਦੀ ਹਿੰਮਤ ਨੇ ਹਮੇਸ਼ਾ ਉਸ ਦਾ ਸਾਥ ਦਿੱਤਾ ਹੈ। ਉਸ ਦੇ ਇਸ ਹੌਸਲੇ ਨਾਲ ਅੱਜ ਉਹ ਦੇਸ਼ ਦੀ ਪਹਿਲੀ ਨੇਤਰਹੀਣ ਮਹਿਲਾ ਆਈਏ ਐੱਸ ਬਣ ਗਈ ਹੈ। ਅੱਜ ਸੋਮਵਾਰ ਉਸ ਨੇ ਤਿਰੁਵਨੰਤਪੁਰਮ ਦੀ ਸਬ-ਕਲੈਕਟਰ ਦਾ ਚਾਰਜ ਲਿਆ ਹੈ।



ਮਹਾਰਾਸ਼ਟਰ ਦੇ ਉਲਹਾਸਨਗਰ ਦੀ ਵਸਨੀਕ ਪ੍ਰਾਂਜਲ ਦੀਆਂ ਅੱਖਾਂ ਦੀ ਰੋਸ਼ਨੀ ਬਚਪਨ ਤੋਂ ਕਮਜ਼ੋਰ ਸੀ। 6 ਸਾਲ ਦੀ ਉਮਰ ਵਿੱਚ ਉਸ ਨੇ ਆਪਣੀਆਂ ਅੱਖਾਂ ਦੀ ਰੋਸ਼ਨੀ ਪੂਰੀ ਤਰ੍ਹਾਂ ਗੁਆ ਲਈ। ਜ਼ਿੰਦਗੀ ਵਿੱਚ ਹੋਏ ਇੰਨੇ ਵੱਡੇ ਬਦਲਾਅ ਤੋਂ ਬਾਅਦ ਉਸ ਨੇ ਹਿੰਮਤ ਨਹੀਂ ਹਾਰੀ ਤੇ ਅੱਜ ਸਾਰੀਆਂ ਲੜਕੀਆਂ ਲਈ ਮਿਸਾਲ ਬਣ ਗਈ ਹੈ।ਉਸ ਨੇ ਹਿੰਮਤ ਨਾਲ ਆਪਣਾ ਟੀਚਾ ਹਾਸਿਲ ਕੀਤਾ ਅਤੇ ਪਹਿਲੇ ਹੀ ਯਤਨ ਵਿੱਚ ਉਸ ਨੇ ਯੂਪੀ ਐੱਸਸੀ ਦੀ ਸਿਵਲ ਸੇਵਾ ਪ੍ਰੀਖਿਆ ਵਿੱਚ 773ਵਾਂ ਰੈਂਕ ਹਾਸਲ ਕੀਤਾ ਅਤੇ ਕੁਲੈਕਟਰ ਬਣਨ ਲੱਗੀ ਹੈ।

ਪ੍ਰਾਂਜਲ ਨੇ ਮੁੰਬਈ ਦੇ ਸ਼੍ਰੀਮਤੀ ਕਮਲਾ ਮਹਿਤਾ ਸਕੂਲ ਤੋਂ ਪੜ੍ਹਾਈ ਕੀਤੀ ਹੈ। ਖਾਸ ਬੱਚਿਆਂ ਦੇ ਇਸਸਕੂਲ ਵਿੱਚ ਬ੍ਰੇਲ ਲਿਪੀ ਵਿੱਚ ਪੜ੍ਹਾਈ ਕਰਾਈ ਜਾਂਦੀ ਹੈ। ਪ੍ਰਾਂਜਲ ਨੇ ਇੱਥੋਂ ਆਪਣੀ 10ਵੀਂ ਪੂਰੀ ਕੀਤੀ ਤੇ ਇਸ ਪਿੱਛੋਂ ਚੰਦਾਬਾਈ ਕਾਲਜ ਤੋਂ ਆਰਟਸ ਵਿੱਚ 12ਵੀਂ ਜਮਾਤ ਦੀ ਪੜ੍ਹਾਈ ਕੀਤੀ। ਅੱਗਲੀ ਸਿੱਖਿਆ ਲਈ ਉਸ ਨੇ ਮੁੰਬਈ ਦੇ ਸੇਂਟ ਜ਼ੇਵੀਅਰ ਕਾਲਜ ਵਿੱਚ ਐਡਮਿਸ਼ਨ ਲਈ ਤੇ ਫਿਰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚੋਂ ਐੱਮ ਏ ਪਾਸ ਕੀਤੀ ਹੈ।ਪ੍ਰਾਂਜਲ ਨੇ ਆਪਣੀ ਗ੍ਰੈਜੂਏਸ਼ਨ ਦੀ ਪੜ੍ਹਾਈ ਦੌਰਾਨ ਆਈਏ ਐੱਸ ਬਣਨ ਦਾ ਸੁਪਨਾ ਦੇਖਿਆ ਸੀ। ਉਸ ਨੇ ਅਤੇ ਉਸ ਦੇ ਦੋਸਤ ਨੇ ਯੂਪੀ ਐੱਸ ਸੀ ਬਾਰੇ ਪੜ੍ਹਿਆ ਤਾ ਪ੍ਰਾਂਜਲ ਨੂੰ ਏਥੋਂ ਸਿੱਖਿਆ ਮਿਲੀ। ਹੌਲੀ-ਹੌਲੀ ਉਸ ਨੇ ਯੂਪੀ ਐੱਸਸੀ ਪ੍ਰੀਖਿਆ ਬਾਰੇ ਜਾਣਕਾਰੀ ਇਕੱਤਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਉਸ ਨੇ ਠਾਣ ਲਿਆ ਕਿ ਉਹ ਆਈਏ ਐੱਸ ਬਣ ਕੇ ਹੀ ਰਹੇਗੀ।

# ਅਮਰੀਕੀ ਕੰਪਨੀ ਬੋਇੰਗ ਫਿਰ ਸਵਾਲਾਂ ਦੇ ਘੇਰੇ ਵਿੱਚ ਆਈ

ਨਿਊਯਾਰਕ, 14 ਅਕਤੂਬਰ (ਪੋਸਟ ਬਿਊਰੋ)- ਜਹਾਜ਼ ਅਤੇ ਰਾਕਟ ਬਣਾਉਣ ਵਾਲੀ ਅਮਰੀਕੀ ਕੰਪਨੀ ਬੋਇੰਗ ਦੀਆਂ ਮੁਸ਼ਕਲਾਂ ਘੱਟ ਹੋਣ ਦਾ ਨਾਂ ਨਹੀਂ ਲੈ ਰਹੀਆਂ। ਪਿਛਲੇ ਸਾਲ ਅਕਤੂਬਰ ਅਤੇ ਇਸ ਸਾਲ ਮਾਰਚ ਵਿੱਚ ਹੋਏ ਹਾਦਸਿਆਂ ਕਾਰਨ ਪਹਿਲਾਂ ਹੀ ਕੰਪਨੀ ਦੇ 737 ਮੈਕਸ ਜਹਾਜ਼ਾਂ ਨੂੰ ਉਡਾਣ ਭਰਨ ਤੋਂ ਰੋਕ ਦਿੱਤਾ ਗਿਆ ਸੀ। ਇਸ ਪਿੱਛੋਂ ਬੋਇੰਗ ਦੇ 38 ਪੁਰਾਣੇ ਜਹਾਜ਼ਾਂ ਦੇ ਅਹਿਮ ਹਿੱਸੇ ਵਿੱਚ ਕ੍ਰੈਕ ਦੀ ਗੱਲ ਸਾਹਮਣੇ ਆਈ ਹੈ। ਇਸ ਕਾਰਨ ਇਨ੍ਹਾਂ ਜਹਾਜ਼ਾਂ ਦੀ ਸੁਰੱਖਿਆ 'ਤੇ ਫਿਰ ਸਵਾਲ ਖੜ੍ਹਾ ਹੋ ਗਿਆ ਅਤੇ ਚਿੰਤਾ ਦੀ ਸਥਿਤੀ ਪੈਦਾ ਹੋ ਗਈ ਹੈ।




ਅਮਰੀਕਾ ਦੇ ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ (ਐਫ ਏ ਏ) ਨੇ ਬੋਇੰਗ 737 ਐਨ ਜੀ ਜਹਾਜ਼ਾਂ ਦੀ ਜਾਂਚ ਲਈ ਦੁਨੀਆ ਭਰ ਦੀਆਂ ਏਅਰਲਾਈਨਜ਼ ਨੂੰ ਸੱਤ ਦਿਨ ਸਮਾਂ ਦਿੱਤਾ ਸੀ, ਜਿਸ ਦੀ ਸਮਾਂ ਸੀਮਾ ਕੱਲ੍ਹ ਖਤਮ ਹੋ ਗਈ ਹੈ। ਇਸ ਦੌਰਾਨ ਵੱਖ-ਵੱਖ ਏਅਰਲਾਈਨਾਂ ਨੇ 810 ਜਹਾਜ਼ਾਂ ਦੀ ਜਾਂਚ ਕੀਤੀ। ਇਸ ਵਿੱਚ ਉਨ੍ਹਾਂ ਐਨ ਜੀ ਦੇ ਉਸ ਹਿੱਸੇ ਦੀ ਜਾਂਚ ਕਰਨੀ ਸੀ, ਜਿੱਥੋਂ ਜਹਾਜ਼ ਦੇ ਡੈਨੇ (ਵਿੰਗਸ) ਜੁੜੇ ਹੁੰਦੇ ਹਨ। ਬੋਇੰਗ ਨੇ ਕੱਲ੍ਹ ਕਿਹਾ ਕਿ ਜਾਂਚ ਵਿੱਚ ਪੰਜ ਫੀਸਦੀ ਜਹਾਜ਼ਾਂ ਦੇ ਇਸ ਹਿੱਸੇ ਵਿੱਚ ਕ੍ਰੈਕ ਮਿਲੇ ਹਨ। ਕੰਪਨੀ ਨੇ ਇਹ ਦੱਸਣ ਤੋਂ ਇਨਕਾਰ ਕਰ ਦਿੱਤਾ ਕਿ ਕਿਸ ਏਅਰਲਾਈਨਜ਼ ਨੂੰ ਇਹ ਖਾਮੀਆਂ ਮਿਲੀਆਂ ਹਨ, ਪਰ ਜਹਾਜ਼ ਦੀ ਰਚਨਾ ਵਿੱਚ ਗੜਬੜੀ ਕਾਰਨ ਕਈ ਏਅਰਲਾਈਨਾਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਬ੍ਰਾਜ਼ੀਲ ਦੀ ਇੱਕ ਏਅਰਲਾਈਨ ਨੇ 11 ਜਹਾਜ਼ਾਂ ਨੂੰ ਸੇਵਾ ਤੋਂ ਹਟਾ ਦਿੱਤਾ ਹੈ। ਅਮਰੀਕਾ ਦੀ ਸਾਊਥਵੈਸਟ ਏਅਰਲਾਈਨ ਨੇ ਵੀ ਦੋ ਜਹਾਜ਼ ਸੇਵਾ ਤੋਂ ਹਟਾਏ ਹਨ। ਐਫ ਏ ਏ ਦੇ ਇੱਕ ਬੁਲਾਰੇ ਨੇ ਕਿਹਾ ਕਿ ਬੋਇੰਗ ਜਹਾਜ਼ਾਂ ਦੀ ਮੁਰੰਮਤ ਦੇ ਨਾਲ ਜਾਂਚ ਰਿਪੋਰਟ ਦਾ ਵਿਸ਼ਲੇਸ਼ਣ ਕਰ ਰਹੀ ਹੈ। ਮੁਰੰਮਤ ਵਿੱਚ ਕਰੀਬ ਦੋ ਹਫਤੇ ਦਾ ਸਮਾਂ ਲੱਗ ਸਕਦਾ ਹੈ। ਬੋਇੰਗ ਕੰਪਨੀ 737 ਐਨ ਜੀ ਜਹਾਜ਼ਾਂ ਨੂੰ737 ਮੈਕਸ ਨਾਲ ਬਦਲ ਰਹੀ ਸੀ। ਇੰਡੋਨੇਸ਼ੀਆ ਦੀ ਲਾਇਨ ਏਅਰ ਅਤੇ ਇਥੋਪੀਆ ਏਅਰਲਾਈਨਜ਼ ਦੇ 737 ਮੈਕਸ ਜਹਾਜ਼ਾਂ ਦੇ ਹਾਦਸਾ ਗ੍ਰਸਤ ਹੋਣ ਕਾਰਨ ਇਨ੍ਹਾਂ ਜਹਾਜ਼ਾਂ ਦੀ ਸੇਵਾ ਬੰਦ ਕਰ ਦਿੱਤੀ ਗਈ ਸੀ। ਇਨ੍ਹਾਂ ਦੋਵੇਂ ਹਾਦਸਿਆਂ ਵਿੱਚ 346 ਲੋਕਾਂ ਦੀ ਮੌਤ ਹੋਈ ਸੀ।

# ਬੇਟੀ ਨੂੰ ਦਫਨਾਉਣ ਲਈ ਖੱਡਾ ਪੁੱਟਿਆ,ਕਿਸੇ ਦੀ ਬੇਟੀ ਜ਼ਿੰਦਾ ਮਿਲੀ

ਬਰੇਲੀ, 14 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਇੱਕ ਬੱਚੀ ਨੂੰ ਜਨਮ ਦੇਣ ਦੇ ਕੁਝ ਦੇਰ ਬਾਅਦ ਘੜੇ ਵਿੱਚ ਬੰਦ ਕਰ ਕੇ ਜ਼ਿੰਦਾ ਜ਼ਮੀਨ ਵਿੱਚ ਦਫਨਾ ਦਿੱਤਾ ਗਿਆ। ਸਬੱਬ ਨਾਲ ਇਸ ਦੇ ਕੁਝ ਹੀ ਦੇਰ ਬਾਅਦ ਇੱਕ ਮ੍ਰਿਤਕ ਪਰਵਾਰ ਆਪਣੀ ਨਵਜਾਤ ਬੱਚੀ ਨੂੰ ਦਫਨਾਉਂਣ ਲਈ ਲੋਕ ਉਸੇ ਸ਼ਮਸ਼ਾਨ ਘਾਟ ਪਹੁੰਚ ਗਏ। ਖੱਡਾ ਪੁੱਟਿਆ ਤਾਂ ਉਥੇ ਹੀ ਘੜੇ ਵਿੱਚ ਬੰਦ ਇੱਕ ਜ਼ਿੰਦਾ ਬੱਚੀ ਮਿਲ ਗਈ। ਉਨ੍ਹਾਂ ਨੇ ਪਹਿਲਾ ਉਸ ਜ਼ਿੰਦਾ ਬੱਚੀ ਨੂੰ ਪੁਲਸ ਰਾਹੀਂ ਹਸਪਤਾਲ ਭੇਜਿਆ, ਬਾਅਦ ਵਿੱਚ ਆਪਣੀ ਮ੍ਰਿਤਕ ਨਵਜਾਤ ਬੱਚੀ ਦੀ ਲਾਸ਼ ਨੂੰ ਉਸੇ ਖੱਡੇ ਵਿੱਚ ਦਫਨਾ ਦਿੱਤਾ। ਘੜੇ ਤੋਂ ਜ਼ਿੰਦਾ ਨਿਕਲੀ ਬੱਚੀ ਦਾ ਨਿੱਜੀ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

ਪਤਾ ਲੱਗਾ ਹੈ ਕਿ ਬਰੇਲੀ ਦੇ ਸੀ ਬੀ ਗੰਜ ਕਲੋਨੀ ਦੇ ਹਿਤੇਸ਼ ਕੁਮਾਰ ਸਿਰੋਹੀ ਦੀ ਪਤਨੀ ਵੈਸ਼ਾਲੀ ਦਾਰੋਗਾ ਦੇ ਡਿਲਿਵਰੀ ਪੇਨ ਹੋਣ ਉੱਤੇ ਕੱਲ੍ਹ ਨੂੰ ਉਸ ਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਓਥੇ ਉਸ ਨੇ ਸੱਤ ਮਹੀਨੇ ਦੀ ਪ੍ਰੀਮੇਚਿਓਰ ਬੱਚੀ ਨੂੰ ਜਨਮ ਦਿੱਤਾ, ਜਿਸ ਦੀ ਕੁਝ ਦੇਰ ਪਿੱਛੋਂ ਮੌਤ ਹੋ ਗਈ। ਪਤੀ ਹਿਤੇਸ਼ ਨੇ ਸ਼ਾਮ ਨੂੰ ਉਸ ਨੂੰ ਦਫਨਾਉਣ ਲਈ ਲਈ ਸ਼ਮਸ਼ਾਨ ਪਹੁੰਚ ਕੀਤੀ, ਪਰ ਜਦੋਂ ਇਸ ਲਈ ਖੱਡਾ ਤਾਂ ਤਿੰਨ ਫੁੱਟ ਬਾਅਦ ਅਚਾਨਕ ਮਜ਼ਦੂਰ ਦਾ ਬੇਲਚਾ ਇੱਕ ਮਟਕੇ ਨੂੰ ਟਕਰਾਇਆ। ਘੜਾ ਬਾਹਰ ਕੱਢ ਕੇ ਦੇਖਿਆ ਤਾਂ ਅੰਦਰ ਨਵਜਾਤ ਬੱਚੀ ਜ਼ਿੰਦਾ ਸੀ ਅਤੇ ਸਾਹ ਕਾਫੀ ਤੇਜ਼ ਚਲ ਰਿਹਾ ਸੀ। ਇਹ ਦੇਖ ਕੇ ਹਿਤੇਸ਼ ਤੇ ਹੋਰ ਲੋਕ ਹੈਰਾਨ ਰਹਿ ਗਏ। ਉਨ੍ਹਾਂ ਨੇ ਆਪਣੀ ਬੱਚੀ ਨੂੰ ਦਫਨਾਉਣ ਦੇ ਬਾਅਦ ਘੜੇ ਵਿੱਚ ਬੰਦ ਬੱਚੀ ਨੂੰ ਚੁੱਕਿਆ ਤਾਂ ਉਹ ਰੋ ਰਹੀ ਸੀ, ਇਸ ਲਈ ਦੁੱਧ ਦਾ ਇੰਤਜਾਮ ਕੀਤਾ ਅਤੇ ਰੂੰ ਨਾਲ ਦੁੱਧ ਪਿਲਾਇਆ। ਇਸ ਦੇ ਬਾਅਦ ਡਾਇਲ 100 ਪੁਲਸ ਨੂੰ ਬੁਲਾ ਕੇ ਬੱਚੀ ਨੂੰ ਹਸਪਤਾਲ ਪੁਚਾਇਆ ਗਿਆ।

# ਭਾਰਤੀ ਈਸਾਈ ਸਾਧਵੀ ਨੂੰ ਵੈਟੀਕਨ ਤੋਂ ਸੰਤ ਦਾ ਦਰਜਾ ਮਿਲਿਆ

ਵੈਟੀਕਨ, 14 ਅਕਤੂਬਰ (ਪੋਸਟ ਬਿਊਰੋ)-ਪੋਪ ਫਰਾਂਸਿਸ ਨੇ ਕੱਲ੍ਹ ਭਾਰਤੀ ਸਾਧਵੀ ਮਰੀਅਮ ਥਰੇਸੀਆ ਅਤੇ ਚਾਰ ਹੋਰਨਾਂ ਨੂੰ ਸੰਤ ਦਾ ਦਰਜਾ ਦੇਣ ਬਾਰੇ ਸੇਂਟ ਪੀਟਰਜ਼ ਸਕੁਏਅਰ ਵਿੱਚ ਵੱਡਾ ਸਮਾਗਮ ਕਰਵਾਇਆ। ਮਈ 1914 ਵਿੱਚ ਕਨਗਰੇਸ਼ਨ ਆਫ ਅਦ ਸਿਸਟਰਜ਼ ਆਫ ਦਿ ਹੋਲੀ ਫੈਮਿਲੀ ਦੀ ਸਥਾਪਨਾ ਕਰਨ ਵਾਲੀ ਮਰੀਅਮ ਨੂੰ ਸਦੀਆਂ ਪੁਰਾਣੀ ਇਸ ਸੰਸਥਾ ਦੇ ਸਭ ਤੋਂ ਉਚੇ ਅਹੁਦੇ ਨਾਲ ਨਿਵਾਜਿਆ ਗਿਆ। ਕੇਰਲ ਦੀ ਇਸ ਸਾਧਵੀ ਦੇ ਨਾਲ ਹੀ ਬ੍ਰਿਟਿਸ਼ ਕਾਰਡੀਨਲ ਜਾਨ ਹੈਨਰੀ ਨਿਊਮੈਨ, ਸਵਿਸ ਮਾਰਗ੍ਰੇਟ ਬੇਜ, ਬ੍ਰਾਜ਼ੀਲ ਦੀ ਸਿਸਟਰ ਡੁਲਸ ਲੋਪਜ਼, ਇਤਾਲਵੀ ਸਿਸਟਰ ਗਿਰੇਪਿਨਾ ਵਾਨੀਨੀ ਨੂੰ ਵੀ ਸੰਤ ਦਾ ਦਰਜਾ ਦਿੱਤਾ ਗਿਆ। ਇਸ ਮੌਕੇ ਸੇਂਟ ਪੀਟਰਜ਼ ਦੇ ਬੇਸੇਲਿਕਾ ਵਿੱਚ ਪੰਜ ਨਵੇਂ ਸੰਤਾਂ ਦੀਆਂ ਤਸਵੀਰਾਂ ਵੀ ਲਾਈਆਂ ਗਈਆਂ।ਸਮਾਗਮ ਵਿੱਚ ਵੱਡੀ ਗਿਣਤੀ ਲੋਕ ਸ਼ਾਮਲ ਹੋਏ।

# ਆਈ ਆਰ ਐਸ ਅਫਸਰ ਉੱਤੇ ਜਾਅਲੀ ਸਰਟੀਫਿਕੇਟਾਂ ਦਾ ਕੇਸ

ਨਵੀਂ ਦਿੱਲੀ, 14 ਅਕਤੂਬਰ (ਪੋਸਟ ਬਿਊਰੋ)- ਆਪਣੇ ਤੋਂ ਪੰਜ ਸਾਲ ਜੂਨੀਅਰ ਸਾਥੀ ਦੇ ਸਿੱਖਿਆ ਸਰਟੀਫਿਕੇਟਾਂ ਦਾ ਇਸਤੇਮਾਲ ਕਰਕੇ 2007 ਵਿੱਚ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਪ੍ਰੀਖਿਆ ਵਿੱਚ ਬੈਠ ਅਤੇ ਪਾਸ ਹੋਏ ਆਈ ਆਰ ਐਸ ਅਧਿਕਾਰੀ ਦੇ ਖਿਲਾਫ ਸੀ ਬੀ ਆਈ ਨੇ ਧੋਖਾਦੇਹੀ ਦਾ ਮਾਮਲਾ ਦਰਜ ਕੀਤਾ ਹੈ। ਅਧਿਕਾਰੀਆਂ ਦੇ ਦੱਸਣ ਮੁਤਾਬਕ ਕਸਟਮ ਅਤੇ ਸੈਂਟਰਲ ਐਕਸਾਈਜ਼ ਵਿੱਚ ਕੰਮ ਕਰਦੇ 2007 ਬੈਚ ਦੇ ਭਾਰਤੀ ਰੈਵੇਨਿਊ ਸੇਵਾ (ਆਈ ਆਰ ਐਸ) ਦੇ ਇੱਕ ਅਫਸਰ ਨਵਨੀਤ ਕੁਮਾਰ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਪ੍ਰੀਖਿਆ ਵਿੱਚ ਬੈਠਣ ਲਈ ਫਰਜ਼ੀ ਜਨਮ ਤਰੀਕ ਤੇ ਸਿੱਖਿਆਂ ਸਰਟੀਫਿਕੇਟਾਂ ਦੀ ਵਰਤੋਂ ਕੀਤੀ ਸੀ। ਜਾਂਚ ਏਜੰਸੀ ਨੂੰ ਸ਼ੱਕ ਹੈ ਕਿ ਨਵਨੀਤ ਕੁਮਾਰ ਅਸਲ ਵਿੱਚ ਰਾਜੇਸ਼ ਕੁਮਾਰ ਸ਼ਰਮਾ ਹੈ, ਜਿਸ ਨੇ ਮਿਥੀ ਉਮਰ ਸੀਮਾ ਟੱਪਣ ਪਿੱਛੋਂ 2007 ਦੀ ਪ੍ਰੀਖਿਆ ਵਿਚ ਬੈਠਣ ਲਈ ਨਵਨੀਤ ਦੇ ਸਰਟੀਫਿਕੇਟਾਂ ਦਾ ਇਸਤੇਮਾਲ ਕੀਤਾ। ਜਾਂਚ ਤੋਂ ਪਤਾ ਲੱਗਾ ਹੈ ਕਿ ਨਵਨੀਤ ਦਾ ਜਨਮ 15 ਜੂਨ 1980 ਨੂੰ ਹੋਇਆ ਸੀ ਤੇ ਉਸ ਨੇ 1996 ਵਿੱਚ ਹਾਈ ਸਕੂਲ, 2003 ਵਿੱਚ ਇੰਟਰਮੀਡੀਅਟ ਅਤੇ 2008 ਵਿੱਚ ਗੈਜੂਏਟ ਦੀ ਪ੍ਰੀਖਿਆ ਪਾਸ ਕੀਤੀ। ਕੇਸ ਦੇ ਮੁਤਾਬਕ ਰਾਜੇਸ਼ ਜਦੋਂ ਯੂ ਪੀ ਐਸ ਸੀ ਪ੍ਰੀਖਿਆ ਵਿੱਚ ਬੈਠਣ ਲਈ ਮਿਥੀ ਉਮਰ ਹੱਦ ਪਾਰ ਕਰ ਗਿਆ ਤਾਂ ਉਸ ਨੇ ਨਵਨੀਤ ਦੇ ਨਾਂ ਦੇ ਸਰਟੀਫਿਕੇਟ ਬਣਵਾਏ।

UPPAL LAW
AVTAR UPPAL
Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
* PRIOR APPOINTMENT NECESSARY




## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਲੜਕਾ, ਉਮਰ 25 ਸਾਲ, ਕਦ 5'8'', ਕੈਨੇਡਾ ਵਿੱਚ ਵਿਜੀਟਰ ਵੀਜਾ ਤੇ ਆਇਆ, ਪਤਨੀ Student Visa ਤੇ ਕੈਨੇਡਾ ਆਈ ਸੀ ਪਰ ਅਚਾਨਕ ਉਨ੍ਹਾਂ ਦੀ Death ਹੋ ਗਈ। ਲੜਕੇ ਦਾ 6 ਮਹੀਨੇ ਦਾ ਬੱਚਾ ਹੈ। ਬੱਚਾ ਆਪਣੇ ਦਾਦਾ/ਦਾਦੀ ਦੇ ਕੋਲ ਹੀ ਰਹੇਗਾ। ਇੰਡੀਆ ਵਿੱਚ ਚੰਗਾ ਕਾਰੋਬਾਰ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-558-4400 ਜਾਂ 647-335-5000

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper
at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ
91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Cell n Tell Distribution Inc.
1-401 Traders Blvd E, Mississauga, ON
Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.
- $29 per hr
- Experience: 3-5 years
- Education has to be secondary high school or equivalent experience
Email Resume at umar.w@cellntell.com

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Cell n Tell Distribution Inc.
1-401 Traders Blvd E, Mississauga, ON
Requires F/T Permanent Position, 30 Hrs P/Week " Wholesale Establishment Manager" to study market research and trends to determine consumer demand, potential sales volumes and effect of competitors operation on sales. Determine merchandise and services to be sold, Implement Price and credit policies, locate and select and procure merchandise for resale. Develop and implement marketing strategies. Plan budgets and monitor revenues and expenses. Resolve problems, customer complaints and supply shortages, plan, organize, direct, control evaluate daily operations.
- $50 per hr
- Experience: 5 years or more
- Education: Bachelors Degree Business/Commerce
Email Resume: hr@cellntell.com or umar.w@cellntell.com

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿਂਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਪੰਜਾਬੀ ਵਿਰਸਾ ਸਾਂਭੀ ਬੈਠਾ "ਤਸਵਿੰਦਰ ਸਿੰਘ ਬੜੈਚ"

ਲੁਧਿਆਣਾ ਜ਼ਿਲ੍ਹੇ ਦੇ ਪਿੰਡ ਦੀਵਾਲਾ ਦਾ ਵਸਨੀਕ 45 ਸਾਲਾਂ ਤਸਵਿੰਦਰ ਸਿੰਘ ਬੜੈਚ ਆਪਣੇ ਅਵੱਲੇ ਸ਼ੌਕ ਕਰਕੇ ਜਾਣੀ-ਪਛਾਣੀ ਹਸਤੀ ਬਣ ਚੁੱਕਾ ਹੈ। ਖੇਤੀਬਾੜੀ ਦੇ ਧੰਦੇ ਨਾਲ ਜੁੜੇ ਇਸ ਸ਼ਖਸ ਨੂੰ ਪੁਰਾਤਨ ਵਸਤਾਂ ਜੋ ਸਾਡੇ ਘਰਾਂ ਵਿਚੋਂ ਅਲੋਪ ਹੋ ਰਹੀਆਂ ਨੇ, ਨੂੰ ਇਕੱਠੀਆਂ ਕਰਨ ਦਾ ਵਚਿੱਤਰ ਸ਼ੌਕ ਹੈ। ਇਸ ਸ਼ੌਕ ਕਾਰਨ ਹੀ ਉਸ ਕੋਲ ਹਜ਼ਾਰਾਂ ਪੁਰਾਤਨ ਤੇ ਦੁਰਲੱਭ ਚੀਜ਼ਾਂ ਹਨ। 16 ਮਈ 1973 ਨੂੰ ਪਿਤਾ ਮੇਵਾ ਸਿੰਘ ਬੜੈਚ ਅਤੇ ਮਾਤਾ ਚਰਨਜੀਤ ਕੌਰ ਬੜੈਚ ਦੀ ਕੁੱਖੋਂ ਜਨਮੇ ਤਸਵਿੰਦਰ ਸਿੰਘ ਬੜੈਚ ਦੇ ਵਿਰਾਸਤੀ ਖਜ਼ਾਨੇ ਵਿਚ 10 ਦਹਾਕੇ ਦਾ ਕਿਸਾਨ ਵੀਰਾਂ ਵੱਲੋਂ ਚਲਾਇਆ ਜਾਂਦਾ ਬਲਦ ਗੱਡਾ, ਆਟਾ ਪੀਸਣ ਵਾਲੀ ਹੱਥ ਚੱਕੀ, ਰਾਜਿਆਂ ਵੇਲੇ ਦਾ ਖੰਜਰ, ਦੁੱਧ ਰਿੜਕਣ ਵਾਲੀ ਮਧਾਣੀ, ਕੱਪੜੇ ਸੀਓਣ ਵਾਲੀਆਂ ਮਸ਼ੀਨਾਂ, ਸੂਤ ਵਾਲਾ ਮੰਜਾ, ਖੂਹ 'ਚੋਂ ਪਾਣੀ ਕੱਢਣ ਵਾਲਾ ਬੋਕਾ ਤੇ ਡੋਲ, ਵਲ ਟੋਹੀਆਂ, ਕੁੱਤਾ ਨਲਕਾ, ਪੁਰਾਤਨ ਕਾਲ ਦੇ ਸਿੱਕੇ, ਈਸਟ ਇੰਡੀਆ ਦੇ ਸਿੱਕੇ, ਟਕੇ, ਧੇਲੇ, ਆਨੇ-ਦੁਆਨੇ, ਗਲੀ ਵਾਲੇ ਪੈਸੇ, ਫੋਟੋ ਖਿੱਚਣ ਵਾਲੇ ਕੈਮਰੇ, ਪੰਜਾਲੀ, ਖੂਹ ਦੀਆਂ ਟਿੰਡਾਂ, ਦਾਤੀ, ਝਰਨੀ, ਬੱਤੀਆਂ ਵਾਲਾ ਸਟੋਪ, ਚਰਖੇ, ਤੂਰੀ, ਅਟੇਰਨੇ, ਕਪਾਹ ਵੇਲਣ ਵਾਲਾ ਵੇਲਣਾ, ਪਿੱਤਲ ਦੇ ਛੰਨੇ, ਪਿੱਤਲ ਦੀ ਥਰਮਸ, ਚਮਚੇ, ਕੜਛੀਾਂ, ਕੇਤਲੀ, ਪਿੱਤਲ ਦੇ ਥਾਲ, ਕੰਗਣੀ ਵਾਲੇ ਗਿਲਾਸ, ਪਰਾਂਤ, ਸੁਰਾਹੀਆਂ, ਗੜਵੀਆਂ, ਫੁਲੱਦਾਨ, ਕਾਂਸੇ ਦੇ ਬਰਤਨ, ਉਠ ਘੋੜੇ ਦੀ ਨਿਓਲ, ਹੱਥਕੜੀਆਂ, ਸੇਵੀਆ ਵੱਟਣ ਵਾਲੀ ਜੰਡੀ, ਪੁਰਾਣੇ ਲੈਂਪ, ਪੁਰਾਣੇ ਜਮਾਨੇ ਦੀਆਂ ਲਾਲ ਟੈਣਾਂ, ਪੁਰਾਣੇ ਟੈਲੀਫੋਨ, ਖਰਲ, ਕੋਲਿਆਂ ਵਾਲੀ ਪ੍ਰੈਸ, ਪੁਰਾਣੇ ਮਾਈਕ, ਟੈਮਪੀਸ, ਹੁੱਕੇ, ਭਾਰ ਤੋਲਣ ਵਾਲੇ ਪੰਜੇ, ਚੱਕਲ ਵੇਲਣੇ, ਛਾਨਣੀਆਂ, ਪਟਾਰੀ, ਦੋ ਮੰਜਿਆਂ ਨੂੰ ਕੇ ਲੱਖਣ ਵਾਲਾ ਸਪੀਕਰ, 1 ਇਲੈਕਟ੍ਰਾਨਿਕ ਗ੍ਰਾਮੋਫੋਨ ਮਸ਼ੀਨ, 2 ਚਾਬੀ ਵਾਲੀਆਂ ਗ੍ਰਾਮੋਫੋਨ ਮਸ਼ੀਨਾਂ, 15 ਐਚ.ਐਮ. ਵੀ. ਕੰਪਨੀ ਦੇ ਚੇਂਜਰ, ਮਰਫੀ ਅਤੇ ਐਚ. ਐਮ. ਵੀ. ਕੰਪਨੀ ਦੇ ਲਾਈਸੈਂਸ ਵਾਲੇ ਰੇਡੀਓ ਅਤੇ ਉਨ੍ਹਾਂ ਦੇ ਲਾਈਸੈਂਸ, 2 ਸਪੂਲਾਂ ਵਾਲੀਆਂ ਟੇਪਾਂ, 22 ਕੈਸਟਾਂ, 200 ਦੇ ਕਰੀਬ ਪੱਥਰ ਦੇ ਤਵੇ (ਰਿਕਾਰਡ), 250 ਦੇ ਕਰੀਬ ਐਲ. ਪੀ. (ਲੋਂਗ ਪਲੇਅ) ਰਿਕਾਰਡ ਅਤੇ ਈ. ਪੀ. (ਐਕਸਟੈਂਡ ਪਲੇਅ) ਰਿਕਾਰਡ ਪਏ ਹਨ। ਤਸਵਿੰਦਰ ਸਿੰਘ ਦੇ ਸੰਗੀਤਕ ਖਜ਼ਾਨੇ ਵਿਚ ਉਹ ਅਨਮੋਲ ਰਿਕਾਰਡ ਵੀ ਸਾਂਭੇ ਪਏ ਜੋ ਸ਼ਾਇਦ ਦੁਨੀਆਂ ਦੇ ਕਿਸੇ ਵੀ ਕੋਨੇ 'ਚੋਂ ਨਾ ਮਿਲਣ। ਤਸਵਿੰਦਰ ਸਿੰਘ ਦੱਸਦਾ ਹੈ ਕਿ ਉਸ ਨੂੰ ਇਹ ਚੀਜ਼ਾਂ ਇਕੱਠੀਆਂ ਕਰਨ ਦਾ ਸ਼ੌਕ ਤਕਰੀਬਨ 1998 ਤੋਂ ਸ਼ੁਰੂ ਹੋਇਆ। ਵੱਖ ਵੱਖ ਸ਼ਹਿਰਾਂ ਤੇ ਪਿੰਡਾਂ ਦੀ ਖਾਕ ਛਾਣ ਕੇ ਘੇਰਲੂ ਤੰਗੀਆਂ ਤਰੁਸ਼ੀਆਂ ਝੱਲ ਕੇ ਉਸ ਨੇ ਇਹ ਪੁਰਾਤਨ ਵਸਤਾਂ ਇਕੱਠੀਆਂ ਕਰ ਕੇ ਆਪਣੇ ਸ਼ੌਕ ਨੂੰ ਪੂਰਿਆ ਹੈ। ਤਸਵਿੰਦਰ ਸਿੰਘ ਬੜੈਚ ਨੇ ਦੱਸਿਆ ਕਿ ਮੇਰੇ ਇਸ ਸ਼ੌਕ 'ਚ ਮੇਰੇ ਮਾਤਾ-ਪਿਤਾ, ਮੇਰੀ ਪਤਨੀ ਹਰਜਿੰਦਰ ਕੌਰ ਅਤੇ ਬੇਟਿਆ ਕੋਮਲਪ੍ਰੀਤ ਸਿੰਘ ਅਤੇ ਅਕਸ਼ਪ੍ਰੀਤ ਸਿੰਘ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਉਥੇ ਇਨ੍ਹਾਂ ਵਸਤਾਂ ਨੂੰ ਇਕੱਠੀਆਂ ਕਰਨ 'ਚ ਉਸ ਨੂੰ ਚਮਕੌਰ ਸਿੰਘ ਘਣਗਸ, ਸੁਖਵਿੰਦਰ ਸਿੰਘ ਭੰਗੂ ਖੱਟਰਾਂ ਆਦਿ ਦੋਸਤਾਂ ਦਾ ਵੀ ਸਹਿਯਗ ਹਾਸਿਲ ਹੈ। ਤਸਵਿੰਦਰ ਸਿੰਘ ਇਨ੍ਹਾਂ ਵਿਰਾਸਤੀ ਵਸਤਾਂ ਦੀ ਪੰਜਾਬ ਦੇ ਕਈ ਮਸ਼ਹੂਰ ਮੇਲਿਆਂ, ਸਕੂਲਾਂ ਤੇ ਕਾਲਜਾਂ ਵਿਚ ਪ੍ਰਦਰਸ਼ਨੀਆਂ ਵੀ ਲਗਾ ਚੁੱਕਾ ਹੈ।

ਮਾਸਟਰ ਸੰਜੀਵ ਕੁਮਾਰ
(ਸਟੇਟ ਅਵਾਰਡੀ)
ਸ ਪ੍ਰ ਸ ਘੁਲਾਲ, ਸਮਰਾਲਾ,
ਜਿਲ੍ਹਾ ਲੁਧਿਆਣਾ।
81466-00532



ਤਸਵਿੰਦਰ ਸਿੰਘ ਬੜੈਚ ਨੇ ਇਹ ਪੁਰਾਤਨ ਅਨਮੋਲ ਦੁਰਲੱਭ ਵਿਰਾਸਤੀ ਵਸਤਾਂ ਇਕੱਤਰ ਕਰਨ ਦਾ ਸ਼ੌਕ ਇਸ ਕਰਕੇ ਪਾਲਿਆ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਸ਼ਾਨਾਮੱਤੇ ਵਿਰਸੇ ਤੋਂ ਜਾਣੂ ਹੋ ਸਕਣ। ਮੇਰੇ ਸਲਾਮ ਹੈ ਤਸਵਿੰਦਰ ਸਿੰਘ ਬੜੈਚ ਨੂੰ ਜਿਸ ਨੇ ਇਸ ਮਹਿੰਗਾਈ ਦੇ ਯੁੱਗ ਵਿਚ ਵੀ ਇਸ ਸ਼ੌਕ ਨੂੰ ਪਾਲਿਆ ਹੈ ਅਤੇ ਇਨ੍ਹਾਂ ਪੁਰਾਤਨ ਵਸਤਾਂ ਦੀ ਸੰਭਾਲ ਕਰ ਰਿਹਾ ਹੈ।

# ਕੋਈ ਵਿਰਲਾ ਹੀ ਗੁਰਬਤ ਦਾ ਮੁਕਾਬਲਾ ਕਰ ਕੇ ਸਫਲ ਹੁੰਦੈ

-ਗੁਰਦੀਪ ਸਿੰਘ ਢੁੱਡੀ



ਮੇਰੇ ਪਿੰਡ ਪਹਿਲਾਂ ਹਾਈ ਸਕੂਲ ਸੀ। ਲਾਗਲੇ ਪਿੰਡ ਕੋਟ ਸੁਖੀਆ ਦਾ ਸਕੂਲ ਬਾਅਦ ਵਿੱਚ ਹਾਈ ਹੋਇਆ। ਦੋਵਾਂ ਪਿੰਡਾਂ ਵਿਚਕਾਰ ਕੇਵਲ ਦੋ ਕੁ ਮੀਲ ਦੀ ਵਿੱਥ ਹੈ। ਪਿੰਡ ਦੀਆਂ ਜ਼ਮੀਨਾਂ ਦੀਆਂ ਹੱਦਾਂ ਇਕ-ਦੂਸਰੇ ਨਾਲ ਲੱਗਦੀਆਂ ਹੋਣ ਕਰ ਕੇ ਲੋਕਾਂ ਦਾ ਆਪੋ ਵਿੱਚ ਮਿਲਣ-ਗਿਲਣ ਸੀ। ਦੋਵਾਂ ਪਿੰਡਾਂ ਵਿੱਚ ਲੱਗਣ ਵਾਲੇ ਛੋਟੇ ਮੇਲਿਆਂ ਵਿੱਚ ਦੋਵਾਂ ਪਿੰਡਾਂ ਦੇ ਲੋਕ ਇਕੱਠੇ ਹੁੰਦੇ ਸਨ। ਗੱਲ ਅੱਜ ਤੋਂ ਚਾਲੀ ਸਾਲ ਪਹਿਲਾਂ ਦੀ ਹੈ। ਉਨ੍ਹਾਂ ਦਿਨਾਂ ਵਿੱਚ ਸਰਕਾਰੀ ਸਕੂਲ ਵਿੱਚ ਪੜ੍ਹਨਾ ਵੀ ਮਾਣ ਵਾਲੀ ਗੱਲ ਹੋਇਆ ਕਰਦੀ ਸੀ। ਦੋਵਾਂ ਹੀ ਪਿੰਡਾਂ ਦੇ ਹਾਈ ਸਕੂਲਾਂ ਵਿੱਚ ਸਮੇਂ ਅਨੁਸਾਰ ਪੜ੍ਹਾਈ ਦਾ ਪੱਧਰ ਵਾਹਵਾ ਚੰਗਾ ਸੀ। ਖੇਡਾਂ ਵਿੱਚ ਮੇਰੇ ਪਿੰਡ ਦੇ ਸਕੂਲ ਦੀ ਫੁੱਟਬਾਲ ਦੀ ਖੇਡ ਚੰਗੀ ਹੁੰਦੀ ਸੀ ਅਤੇ ਕੋਟ ਸੁਖੀਆ ਸਕੂਲ ਦੇ ਖਿਡਾਰੀ ਵਾਲੀਬਾਲ ਬਹੁਤ ਵਧੀਆ ਖੇਡਿਆ ਕਰਦੇ ਸਨ। ਦੋਵਾਂ ਸਕੂਲਾਂ ਦੇ ਵਿਦਿਆਰਥੀ ਆਪੋ-ਆਪਣੀ ਖੇਡ ਵਿੱਚ ਪੰਜਾਬ ਪੱਧਰ ਤੱਕ ਖੇਡਣ ਲਈ ਜਾਇਆ ਕਰਦੇ ਸਨ। ਦੋਵਾਂ ਪਿੰਡਾਂ ਦੇ ਵਿਦਿਆਰਥੀਆਂ ਦੀ ਇੱਕ ਦੂਜੇ ਨਾਲ ਜਾਣ ਪਛਾਣ ਆਪਣੇ ਹੀ ਪਿੰਡ ਵਰਗੀ ਸੀ। ਇਸ ਤਰ੍ਹਾਂ ਅਕਸਰ ਵਿਦਿਆਰਥੀਆਂ ਦਾ ਆਪਸੀ ਮੇਲ-ਮਿਲਾਪ ਬਣਿਆ ਹੋਇਆ ਸੀ।

ਸਾਡੇ ਪਿੰਡ ਦਾ ਵੀਰ ਸਿੰਘ ਫੁੱਟਬਾਲ ਦੀ ਥਾਂ ਵਾਲੀਬਾਲ ਖੇਡਿਆ ਕਰਦਾ ਸੀ ਤੇ ਕੋਟ ਸੁਖੀਆ ਸਕੂਲ ਵਿੱਚ ਪੜ੍ਹਦਾ ਸੀ। ਅਸਲ ਵਿੱਚ ਕੋਟ ਸੁਖੀਆ ਸਕੂਲ ਵਿੱਚ ਪੜ੍ਹਨ ਲੱਗਣ ਦਾ ਕਾਰਨ ਉਸ ਦੀ ਖੇਡ ਸੀ। ਸਕੂਲ ਵਾਲੇ ਉਸ ਨੂੰ ਉਚੇਚੇ ਤੌਰ 'ਤੇ ਲੈ ਗਏ ਸਨ। ਵੀਰ ਸਿੰਘ ਗੁਰਬਤ ਮਾਰੇ ਮਜ਼ਦੂਰ ਪਰਵਾਰ ਦਾ ਲੜਕਾ ਸੀ। ਦਸਵੀਂ ਜਮਾਤ ਤੱਕ ਉਹ ਵਾਲੀਬਾਲ ਦਾ ਚੰਗਾ ਖਿਡਾਰੀ ਸੀ। ਗੁਰਬਤ ਦੇ ਬਾਵਜੂਦ ਮਾਪਿਆਂ ਨੇ ਅਗਲੀ ਪੜ੍ਹਾਈ ਲਈ ਉਸ ਨੂੰ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਭੇਜ ਦਿੱਤਾ। ਵੀਰ ਸਿੰਘ ਸਰੀਰਕ ਪੱਖੋਂ ਪਹਿਲਾਂ ਹੀ ਕਮਜ਼ੋਰ ਸੀ ਅਤੇ ਫਿਰ ਦਿਨੋ-ਦਿਨ ਹੋਰ ਕਮਜ਼ੋਰ ਹੁੰਦਾ ਗਿਆ। ਕਾਲਜ ਵਿੱਚ ਵੀ ਉਹ ਵਾਲੀਬਾਲ ਖੇਡਦਾ ਸੀ। ਟੀਮ ਵਿੱਚ ਉਸ ਦਾ ਨਾਂਅ ਚੰਗੇ ਖਿਡਾਰੀਆਂ ਵਿੱਚ ਆਉਂਦਾ ਸੀ। ਕਾਲਜ ਵੱਲੋਂ ਖੇਡਣ ਜਾਣ ਵਾਲੀ ਟੀਮ ਦੀ ਚੋਣ ਹੋਈ ਤੇ ਉਹ ਖਿਡਾਰੀਆਂ ਵਿੱਚ ਚੁਣਿਆ ਗਿਆ, ਪਰ ਖੇਡਣ ਜਾਣ ਵਾਸਤੇ ਲੋੜੀਂਦੇ ਖਰਚੇ ਦੀ ਅਣਹੋਂਦ ਕਾਰਨ ਉਹ ਨਾ ਜਾ ਸਕਿਆ। ਉਹ ਨਿਰ-ਉਤਸ਼ਾਹਤ ਹੋ ਗਿਆ। ਕਾਲਜ ਪੜ੍ਹਨ ਜਾਂਦਾ ਉਹ ਇਸ ਤਰ੍ਹਾਂ ਮਹਿਸੂਸ ਕਰਦਾ, ਜਿਵੇਂ ਕਿਤੇ ਮਜ਼ਦੂਰੀ ਕਰਨ ਜਾ ਰਿਹਾ ਹੋਵੇ। ਬਾਅਦ ਵਿੱਚ ਪਤਾ ਲੱਗਿਆ ਕਿ ਉਹ ਅਫੀਮ ਖਾਣ ਲੱਗ ਪਿਆ ਹੈ। ਇਸ ਤਰ੍ਹਾਂ ਉਹ ਆਪਣੀ ਬੀ ਏ ਤੱਕ ਦੀ ਪੜ੍ਹਾਈ ਵੀ ਨਾ ਕਰ ਸਕਿਆ। ਸਮੇਂ ਦੇ ਗੁਜ਼ਰਨ ਨਾਲ ਉਹ ਹੋਰ ਨਸ਼ਿਆਂ ਵਿੱਚ ਪੈ ਗਿਆ ਅਤੇ ਜਲਦੀ ਹੀ ਉਸ ਦੀ ਜੀਵਨ ਲੀਲ੍ਹਾ ਖਤਮ ਹੋ ਗਈ।

ਉਸ ਦਾ ਚੇਤਾ ਮੈਨੂੰ 2016 ਵਿੱਚ ਆਇਆ। ਮੇਰੇ ਸਕੂਲ ਦੀ ਇੱਕ ਲੜਕੀ ਰੰਗ ਦੀ ਪੱਕੀ, ਜੁੱਸੇ ਦੀ ਕਮਜ਼ੋਰ, ਪਰ ਉਸ ਦੀ ਖੇਡ ਭਾਵਨਾ ਅਤੇ ਸ਼ੇਰਨੀ ਵਰਗੀ ਤੇਜ਼ੀ ਦੇਖਣ ਵਾਲੀ ਹੁੰਦੀ ਸੀ। ਕਬੱਡੀ ਖੇਡਣ ਲੱਗਿਆਂ ਉਹ ਵੇਖਣ ਵਿੱਚ ਆਪਣੇ ਤੋਂ ਤੱਕੜੀਆਂ ਜਾਪਦੀਆਂ ਲੜਕੀਆਂ ਨੂੰ ਨੇੜੇ ਨਹੀਂ ਸੀ ਲੱਗਣ ਦਿੰਦੀ। ਜ਼ਿਲ੍ਹੇ ਦੀ ਕਬੱਡੀ ਟੀਮ ਦੀ ਅਗਵਾਈ ਕਰਦੀ ਹੋਈ ਦੇ ਉਸ ਦੇ ਮੋਢੇ 'ਤੇ ਸੱਟ ਲੱਗ ਗਈ। ਇੱਕ ਦਿਨ ਸਕੂਲ ਵਿੱਚ ਹੋਣ ਵਾਲੀ ਐਥਲੈਟਿਕਸ ਮੀਟ ਵਿੱਚ ਜਦੋਂ ਉਸ ਲੜਕੀ ਨੂੰ ਖੇਡਦੀ ਹੋਈ ਨੂੰ ਨਾ ਵੇਖਿਆ ਤਾਂ ਮੈਂ ਆਪਣੇ ਸਕੂਲ ਦੀ ਖੇਡ ਅਧਿਆਪਕਾ ਨੂੰ ਉਸ ਬਾਰੇ ਪੁੱਛਿਆ। ਉਨ੍ਹਾਂ ਦੱਸਿਆ ਕਿ ਮੋਢੇ 'ਤੇ ਸੱਟ ਲੱਗਣ ਕਰ ਕੇ ਉਹ ਘਰ ਹੈ। ਘਰੇ ਅੰਤਾਂ ਦੀ ਗਰੀਬੀ ਹੈ ਅਤੇ ਕਿਸੇ ਨੇ ਉਸ ਦਾ ਇਲਾਜ ਵੀ ਨਹੀਂ ਕਰਵਾਉਣਾ। ਉਹ ਪੰਜਾਬ ਖੇਡਣ ਵੀ ਨਹੀਂ ਜਾ ਸਕਦੀ। ਜੇ ਆਪਾਂ ਕੋਈ ਮਦਦ ਕਰੀਏ ਤਾਂ ਆਪਣੀ ਟੀਮ ਪੰਜਾਬ 'ਚੋਂ ਪੁਜ਼ੀਸ਼ਨ ਹਾਸਲ ਕਰ ਸਕਦੀ ਹੈ। ਮੈਂ ਆਪਣੇ ਦੋ ਅਧਿਆਪਕਾਂ ਨਾਲ ਉਸ ਦੇ ਘਰ ਜਾਣ ਦਾ ਪ੍ਰੋਗਰਾਮ ਬਣਾ ਲਿਆ। ਅਸੀਂ ਉਸ ਲਈ ਦੋ ਕਿਲੋ ਦੇਸੀ ਘਿਓ ਅਤੇ ਪੰਜ ਹਜ਼ਾਰ ਦੇ ਕਰੀਬ ਨਕਦ ਦੇਣ ਦਾ ਟੀਚਾ ਰੱਖ ਲਿਆ। ਭਾਲਦੇ ਹੋਏ ਅਸੀਂ ਉਸ ਦੇ ਘਰ ਗਏ। ਵੇਖਦੇ ਹਾਂ ਕਿ ਉਹ ਇੱਕ ਅਜਿਹੀ ਥਾਂ ਰਹਿ ਰਹੀ ਸੀ, ਜਿੱਥੇ ਜਿਊਣ ਦੀਆਂ ਹਾਲਤਾਂ ਨਾਂਹ ਦੇ ਬਰਾਬਰ ਸਨ। ਘਰ ਵਿੱਚ ਮੰਜਾ ਨਹੀਂ ਸੀ ਅਤੇ ਉਸ ਨੇ ਜ਼ਮੀਨ 'ਤੇ ਚਾਦਰ ਵਿਛਾਈ ਹੋਈ ਸੀ। ਬਿਜਲੀ ਵੀ ਨਹੀਂ ਸੀ। ਸਾਨੂੰ ਵੇਖ ਕੇ ਉਹ ਖੜ੍ਹੀ ਹੋ ਗਈ। ਉਸ ਦੀਆਂ ਅੱਖਾਂ ਵਿੱਚ ਅੰਤਾਂ ਦੀ ਲਾਚਾਰੀ ਵੇਖੀ। ਮੋਢੇ ਦੀ ਪੀੜ ਤੋਂ ਇਲਾਵਾ ਮਾਨਸਿਕ ਪੀੜ ਨੇ ਉਸ ਦੇ ਚਿਹਰੇ 'ਤੇ ਅੰਤਾਂ ਦੀ ਉਦਾਸੀ ਪੈਦਾ ਕੀਤੀ ਹੋਈ ਸੀ।

ਸਾਨੂੰ ਵੇਖ ਕੇ ਜਿਵੇਂ ਉਸ ਦਾ ਰੋਣ ਨਿਕਲ ਗਿਆ ਸੀ। ਉਸ ਦੀ ਮਾਂ ਗੁਆਂਢੀਆਂ ਘਰੋਂ ਮੰਜਾ ਲੈਣ ਜਾਣ ਲੱਗੀ ਤਾਂ ਅਸੀਂ ਖੇਚਲ ਨਾ ਕਰਨ ਲਈ ਆਖ ਕੇ ਮੋੜ ਲਿਆ। ਲੜਕੀ ਦਾ ਹਾਲ-ਚਾਲ ਪੁੱਛਿਆ। ਘਿਓ ਤੇ ਨਕਦੀ ਦੇ ਕੇ ਉਸ ਦੀ ਮਾਂ ਨੂੰ ਇਲਾਜ ਕਰਾਉਣ ਲਈ ਆਖਿਆ। ਉਸ ਨੂੰ ਜਲਦੀ ਜਲਦੀ ਠੀਕ ਹੋ ਕੇ ਸਕੂਲ ਆਉਣ ਲਈ ਆਖ ਕੇ ਅਸੀਂ ਵਾਪਸ ਆ ਗਏ। ਮੇਰੇ ਦਿਮਾਗ ਵਿੱਚ ਘੁੰਮਣ-ਘੇਰੀਆਂ ਚੱਲ ਪਈਆਂ। ਬਹੁਤ ਪਹਿਲਾਂ ਦਾ ਸਮਾਂ ਮੈਨੂੰ ਯਾਦ ਆ ਗਿਆ। ਮੈਨੂੰ ਮੇਰੇ ਪਿੰਡ ਦਾ ਵਾਲੀਬਾਲ ਦਾ ਖਿਡਾਰੀ ਵੀਰ ਸਿੰਘ ਯਾਦ ਆ ਗਿਆ। ਮੈਨੂੰ ਲੱਗਾ ਕਿਤੇ ਕੱਲ੍ਹ ਨੂੰ ਇਸ ਲੜਕੀ ਨਾਲ ਵੀਰ ਸਿੰਘ ਵਾਲੀ ਨਾ ਹੋਵੇ। ਗੁਰਬਤ ਆਮ ਤੌਰ 'ਤੇ ਗੁਣਵੱਤਾ 'ਤੇ ਭਾਰੂ ਪੈ ਜਾਂਦੀ ਹੈ। ਕੋਈ ਵਿਰਲਾ ਵਾਂਝਾ ਇਸ ਦਾ ਮੁਕਾਬਲਾ ਕਰ ਕੇ ਸਫਲਤਾ ਹਾਸਲ ਕਰਦਾ ਹੈ। ਖੈਰ! ਬਾਅਦ ਵਿੱਚ ਪਤਾ ਲੱਗਿਆ ਕਿ ਲੜਕੀ ਨੂੰ ਮਾਪਿਆਂ ਨੇ ਪੜ੍ਹਨੋਂ ਹਟਾ ਕੇ ਉਸ ਦਾ ਵਿਆਹ ਕਰ ਦਿੱਤਾ ਸੀ। ਰੱਬ ਖੈਰ ਕਰੇ!

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਿਹਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

TransExpert NOW HIRING! Skylark LOGISTICS INC.
Full Time Mechanic Also Needed
Highway US Drivers & Owner Operators Wanted
• 2 year experience must. • Drivers paid 60C per mile.
• Midwest runs. • Direct deposit payments.
• Friendly dispatch and flexible schedule.
• Brand new automatic trucks.
• New trailers so no hastle at scales.
• On site fuel and scale.
Also Flatbed owner operators are needed.
Regular flatbed freight.
*Yards located in Milton ON and Puslinch both on Highway 401
Contact 6474064420 or 6479220000
if busy send txt message.

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty ▪ We Help to get mortgage
Free valuation & Lowest Commission ▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com
For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
▪ Ministry of Community Safety and Correctional Services approved. ▪ We speak English, Hindi, Punjabi &Urdu.
▪ Training by Professional Instructors. First Aid & CPR certification included. ▪ Limited time offer:$199/-
We Also Provide All Level's of First Aid & CPR Training
● Emergency First Aid & CPR Level's A.B.C
● Standard First Aid & CPR Level's A.B.C.HCP
● Stay at Home Course
● Baby Sitting Course
● Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
NOW HIRING
A/Z Drivers Needed
For Canada To US Runs
Local City Drivers @ 22/hr
• General Freight
• Yard to Yard Work
• Up to 3500 miles/wk
• 2 Yr. Exp
• Clear CVOR & Abstract
For Owner Operator upto $1.62/mile
USA Driver $0.60/mile | Canada wide $0.50/mile
☆ Disability Insurance
☆ Travel Insurance
☆ Medical Benefits
☆ Dental Benefits
ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਲੜਕੀਆਂ ਨੂੰ ਦਲੇਰ ਹੋਣਾ ਚਾਹੀਦਾ ਹੈ : ਪਰਿਣੀਤੀ ਚੋਪੜਾ



ਪਰਿਣੀਤੀ ਚੋਪੜਾ ਕਈ ਦਿਨਾਂ ਤੋਂ ਫਿਲਮ 'ਦਿ ਗਰਲ ਆਨ ਦਿ ਟ੍ਰੇਨ' ਦੀ ਸ਼ੂਟਿੰਗ ਲਈ ਲੰਡਨ 'ਚ ਸੀ। ਉਥੇ ਸੱਤ ਹਫਤਿਆਂ ਤੱਕ ਇਸ ਦੀ ਸ਼ੂਟਿੰਗ 'ਚ ਬਿਜ਼ੀ ਰਹਿਣ ਪਿੱਛੋਂ ਆਖਿਰ ਉਸ ਨੂੰ ਛੁੱਟੀ ਮਿਲ ਗਈ ਅਤੇ ਉਹ ਲੰਡਨ ਤੋਂ ਮੁੰਬਈ ਪਰਤ ਆਈ ਹੈ। ਉਸ ਲਈ ਇੱਕ ਹੋਰ ਖੁਸ਼ੀ ਦੀ ਗੱਲ ਹੈ ਕਿ ਪਰਤਣ ਤੋਂ ਬਾਅਦ ਸਭ ਤੋਂ ਪਹਿਲਾਂ ਉਹ ਆਪਣੇ ਨਵੇਂ ਘਰ 'ਚ ਸ਼ਿਫਟ ਹੋਈ ਹੈ, ਜਿਸ ਦਾ ਉਹ ਕਾਫੀ ਸਮੇਂ ਤੋਂ ਇੰਤਜ਼ਾਰ ਕਰ ਰਹੀ ਸੀ। ਉਸ ਨੂੰ ਲੱਗਦਾ ਹੈ ਕਿ ਇੰਨੇ ਦਿਨਾਂ ਤੱਕ ਲਗਾਤਾਰ ਸ਼ੂਟਿੰਗ 'ਚ ਬਿਜ਼ੀ ਰਹਿਣ ਕਾਰਨ ਲੰਡਨ ਤੋਂ ਪਰਤਣ ਤੋਂ ਬਾਅਦ ਅਗਲੇ ਕਈ ਦਿਨ ਉਸ ਦੇ ਦਿਲੋ ਦਿਮਾਗ 'ਚ ਇਹ ਫਿਲਮ ਅਤੇ ਉਸ ਦਾ ਕਿਰਦਾਰ ਛਾਇਆ ਰਹੇਗਾ। ਪੇਸ਼ ਹਨ ਪਰਿਣੀਤੀ ਨਾਲ ਗੱਲਬਾਤ ਦੇ ਕੁਝ ਅੰਸ਼ :

* ਪਿੱਛੇ ਜਿਹੇ ਤੁਸੀਂ ਲੰਡਨ 'ਚ ਆਪਣੀ ਫਿਲਮ 'ਦਿ ਗਰਲ ਆਨ ਦਿ ਟ੍ਰੇਨ' ਦੀ ਸ਼ੂਟਿੰਗ ਤੋਂ ਪਰਤੇ ਹੋ। ਕਿਹੋ ਜਿਹਾ ਰਿਹਾ ਉਥੇ ਸ਼ੂਟਿੰਗ ਦਾ ਅਨੁਭਵ?

– ਮੇਰੇ ਕੋਲ ਇਸ ਲਈ ਸ਼ਬਦ ਨਹੀਂ ਹਨ। ਭਾਵਨਾਵਾਂ ਮੈਨੂੰ ਭਾਵੁਕ ਕਰ ਰਹੀਆਂ ਹਨ ਅਤੇ ਇਹੀ ਇੱਕ ਅਜਿਹੀ ਪਹਿਲੀ ਫਿਲਮ ਹੈ, ਜਿਸ ਦੀ ਸ਼ੂਟਿੰਗ ਖਤਮ ਹੋਣ ਤੋਂ ਬਾਅਦ ਵੀ ਲੰਬੇ ਸਮੇਂ ਤੱਕ ਇਸ ਦੀਆਂ ਯਾਦਾਂ ਮੇਰੇ ਅੰਦਰ ਰਹਿਣਗੀਆਂ। ਫਿਲਮ ਵਿੱਚ ਮੇਰਾ ਕਿਰਦਾਰ ਸਥਾਈ ਰੂਪ 'ਚ ਮੇਰੇ ਅੰਦਰ ਰਹੇਗਾ। ਮੈਨੂੰ ਉਸ ਦੀ ਅਤੇ ਉਸ ਦੀ ਭੂਮਿਕਾ ਨਿਭਾਉਣ ਦੀ ਯਾਦ ਆਉਂਦੀ ਹੈ। ਮੈਨੂੰ ਲੱਗਦਾ ਹੈ ਕਿ ਮੈਂ ਸੱਚਮੁੱਚ ਵੱਡੀ ਹੋ ਗਈ ਹਾਂ, ਪਰ ਸਭ ਤੋਂ ਵੱਧ ਮੈਂ ਧੰਨਵਾਦੀ ਮਹਿਸੂਸ ਕਰਦੀ ਹਾਂ। ਇਸ ਨੂੰ ਜੀਵਨ 'ਚ ਤਬਦੀਲੀ ਕਰਨ ਵਾਲਾ ਰੋਲ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗੀ।

* ਲੰਡਨ ਤੋਂ ਪਰਤ ਕੇ ਤੁਸੀਂ ਆਪਣੇ ਨਵੇਂ ਘਰ 'ਚ ਪ੍ਰਵੇਸ਼ ਕਰ ਲਿਆ ਹੈ?

– ਮੁੰਬਈ ਦੇ ਖਾਰ ਪੱਛਮ 'ਚ ਬਹੁਤ ਹਰਿਆਲੀ ਭਰੇ ਰਸਤੇ 'ਤੇ ਇਹ ਘਰ ਬਣਿਆ ਹੈ। ਮੈਨੂੰ ਆਪਣੇ ਨਵੇਂ ਟਿਕਾਣੇ ਨਾਲ ਪਿਆਰ ਹੋ ਗਿਆ। ਕਦੋਂ ਦੀ ਮੈਂ ਇੱਕ ਵੱਡੀ, ਥੋੜ੍ਹੀ ਪਿਆਰੀ ਤੇ ਬਿਲਕੁਲ ਆਪਣੇ ਘਰ ਵਰਗੀ ਲੱਗਣ ਵਾਲੀ ਜਗ੍ਹਾ ਲੱਭ ਰਹੀ ਸੀ, ਪਰ ਪਹਿਲਾਂ ਫਿਲਮਾਂ ਤੇ ਫਿਰ ਕਮਰਸ਼ੀਅਲਜ਼ ਦੀ ਸ਼ੂਟਿੰਗ 'ਚ ਬਿਜ਼ੀ ਹੋਣ ਕਾਰਨ ਇਸ ਲਈ ਸਮਾਂ ਨਹੀਂ ਮਿਲ ਰਿਹਾ ਸੀ। ਆਖਰ ਮੈਨੂੰ ਆਪਣੀ ਤਰ੍ਹਾਂ ਦੀ ਜਗ੍ਹਾ ਮਿਲ ਗਈ ਹੈ ਤੇ ਮੈਂ ਆਪਣੀ ਪਸੰਦ ਦੇ ਹਿਸਾਬ ਨਾਲ ਇਸ ਨੂੰ ਸਜਾ ਵੀ ਸਕੀ ਹਾਂ। ਮੈਂ ਜਲਦ ਹੀ ਦੋਸਤਾਂ ਨੂੰ ਇਸ ਨਵੇਂ ਘਰ 'ਚ ਬੁਲਾਉਣ ਵਾਲੀ ਹਾਂ। ਘਰ ਬਿਲਕੁਲ ਮੇਰੇ ਵਰਗਾ ਹੈ। ਮੈਂ ਦੁਨੀਆ ਭਰ 'ਚ ਘੁੰਮਦੀ ਰਹਿੰਦੀ ਹਾਂ ਅਤੇ ਇਥੇ ਇਸ ਘਰ 'ਚ ਮੈਂ ਇਨ੍ਹਾਂ ਸਾਰੇ ਦੇਸ਼ਾਂ ਤੋਂ ਕੁਝ ਨਾ ਕੁਝ ਲਿਆ ਕੇ ਸਜਾਇਆ ਹੈ।

* ਅੱਜ ਤੱਕ ਦੇ ਆਪਣੇ ਫਿਲਮੀ ਸਫਰ ਨੂੰ ਕਿਸ ਤਰ੍ਹਾਂ ਦੇਖਦੇ ਹੋ?

– ਮੈਂ ਫਿਲਮ ਨਗਰੀ 'ਚ ਆਪਣੇ ਦਮ ਉੱਤੇ ਆਪਣੀ ਪਛਾਣ ਬਣਾਈ ਹੈ। ਇਥੋਂ ਤੱਕ ਕਿ ਮੈਂ ਆਪਣੀ ਕਜ਼ਨ ਪ੍ਰਿਅੰਕਾ ਚੋਪੜਾ ਤੋਂ ਵੀ ਕਿਸੇ ਤਰ੍ਹਾਂ ਦੀ ਮਦਦ ਨਹੀਂ ਲਈ ਕਿਉਂਕਿ ਮੇਰਾ ਮੰਨਣਾ ਹੈ ਕਿ ਤੁਸੀਂ ਬੇਸ਼ੱਕ ਕਿਸੇ ਦੇ ਬੇਟੇ, ਬੇਟੀ ਜਾਂ ਭਰਾ-ਭੈਣ ਹੋਵੋ, ਅੱਜਕੱਲ੍ਹ ਦਰਸ਼ਕਾਂ ਨੂੰ ਉਸ ਨਾਲ ਫਰਕ ਨਹੀਂ ਪੈਂਦਾ ਅਤੇ ਨਾ ਫਿਲਮ ਨਗਰੀ ਨੂੰ। ਕਈ ਸਟਾਰ ਪੁੱਤਰ-ਧੀਆਂ ਅੱਜ ਤੱਕ ਲਾਂਚ ਨਹੀਂ ਹੋ ਸਕੇ ਅਤੇ ਕਿੰਨੇ ਹਨ, ਜਿਨ੍ਹਾਂ ਨੂੰ ਲਾਂਚ ਕੀਤਾ ਗਿਆ, ਪਰ ਉਹ ਫੇਲ੍ਹ ਹੋ ਗਏ। ਮੈਂ ਆਪਣੇ ਬਲਬੂਤੇ 'ਤੇ ਆਪਣੀ ਪਹਿਲੀ ਫਿਲਮ 'ਲੇਡੀਜ਼ ਵਰਸਿਜ਼ ਰਿੱਕੀ ਬਹਿਲ' ਪ੍ਰਾਪਤ ਕੀਤੀ ਸੀ, ਫਿਰ ਵੀ ਮੈਂ ਪ੍ਰਿਅੰਕਾ ਤੋਂ ਪ੍ਰੇਰਨਾ ਲੈਂਦੀ ਹਾਂ। ਉਸ ਨੂੰ ਇੰਨੇ ਸਾਲ ਹੋ ਗਏ ਫਿਲਮ ਨਗਰੀ ਵਿੱਚ, ਫਿਰ ਵੀ ਉਹ ਇੰਨੀ ਸ਼ਿੱਦਤ ਨਾਲ ਕੰਮ ਕਰਦੀ ਹੈ।

* ਫਿਲਮ ਨਗਰੀ ਵਿੱਚ ਸ਼ੁਰੂਆਤ ਤੋਂ ਲੈ ਕੇ ਅੱਜ ਤੱਕ ਦੇਖੋ ਤਾਂ ਤੁਸੀਂ ਪਹਿਲਾਂ ਤੋਂ ਕਿਤੇ ਜ਼ਿਆਦਾ ਫਿੱਟ ਹੋ ਗਏ ਹੋ। ਇਸ ਲਈ ਕਿਹੜੀ ਖਾਸ ਕੋਸ਼ਿਸ਼ ਕਰ ਰਹੇ ਹੋ ਤੁਸੀਂ?

– ਇਸ ਲਈ ਸਹੀ ਡਾਈਟ ਤੇ ਰੈਗੂਲਰ ਵਰਕਆਊਟ ਕਰਦੀ ਹਾਂ। ਉਂਝ ਦੱਸ ਦੇਵਾਂ ਕਿ ਮੈਂ ਸ਼ੁਰੂ ਤੋਂ ਹੀ ਫੂਡੀ ਰਹੀ ਹਾਂ। ਪਿੱਜ਼ਾ ਪ੍ਰੇਮ ਤਾਂ ਮੇਰਾ ਜੱਗ ਜਾਹਰ ਹੈ। ਮੇਰਾ ਦਿਲ ਭਾਰਤੀ ਪਕਵਾਨਾਂ 'ਤੇ ਵੀ ਧੜਕਦਾ ਹੈ, ਫਿਰ ਉਹ ਪੰਜਾਬੀ ਹੋਣ, ਦੱਖਣ ਭਾਰਤੀ ਜਾਂ ਗੁਜਰਾਤੀ। ਮੈਨੂੰ ਖਾਸ ਤੌਰ 'ਤੇ ਦਾਲ ਮੱਖਣੀ, ਜੀਰਾ ਆਲੂ ਤੇ ਪਰੌਂਠੇ ਪਸੰਦ ਹਨ। ਖਾਣ ਦੇ ਮੂਡ 'ਚ ਹੁੰਦੀ ਹਾਂ ਤਾਂ ਲੱਗਦਾ ਹੈ ਕਿ ਢੱਠੇ ਖੂਹ 'ਚ ਪਵੇ ਦੁਨੀਆ। ਫਿਰ ਲੱਗਦਾ ਹੈ ਕਿ ਮੈਂ ਐਕਟ੍ਰੈਸ ਹਾਂ, ਮੈਨੂੰ ਫਿੱਟ ਰਹਿਣਾ ਪਵੇਗਾ ਅਤੇ ਡਾਈਟਿੰਗ ਕਰਨ ਲੱਗਦੀ ਹਾਂ।

* ਤੁਹਾਨੂੰ ਅੱਜ ਤੱਕ ਕੋਈ ਚਾਹੁਣ ਵਾਲਾ ਨਹੀਂ ਮਿਲਿਆ?

– ਇਹ ਗੱਲ ਨਹੀਂ ਹੈ, ਜਦੋਂ ਮੈਂ 17 ਸਾਲ ਦੀ ਸੀ ਤਾਂ ਪਹਿਲੀ ਵਾਰ ਰਿਲੇਸ਼ਨਸ਼ਿਪ 'ਚ ਪਈ ਸੀ। ਉਹ ਰਿਸ਼ਤਾ ਦੋ ਸਾਲ ਚੱਲਿਆ ਤੇ ਖਤਮ ਹੋ ਗਿਆ। ਉਸ ਉਮਰ ਵਿੱਚ ਤੁਹਾਨੂੰ ਇਨ੍ਹਾਂ ਗੱਲਾਂ ਦੀ ਖਾਸ ਸਮਝ ਨਹੀਂ ਹੁੰਦੀ। ਫਿਰ ਤੁਹਾਨੂੰ ਲੱਗਦਾ ਹੈ ਕਿ ਇਹ ਉਹ ਇਨਸਾਨ ਹੈ, ਜਿਸ ਨਾਲ ਤੁਸੀਂ ਜ਼ਿੰਦਗੀ ਦੇ 50 ਸਾਲ ਗੁਜ਼ਾਰਨਾ ਚਾਹੁੰਦੇ ਹੋ। ਹਰ ਰਿਲੇਸ਼ਨਸ਼ਿਪ 'ਚ ਇਹ ਸੋਚ ਕੇ ਪੈਂਦੇ ਹੋ ਕਿ ਸ਼ਾਇਦ ਇਹ ਉਹ ਰਿਸ਼ਤਾ ਹੈ, ਜੋ ਜ਼ਿੰਦਗੀ ਭਰ ਚੱਲੇ, ਪਰ ਘੱਟ ਉਮਰ ਵਿੱਚ ਤੁਸੀਂ ਚੀਜ਼ਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝਦੇ। ਬਾਅਦ ਵਿੱਚ ਤੁਹਾਨੂੰ ਇਨ੍ਹਾਂ ਚੀਜ਼ਾਂ ਦਾ ਅਹਿਸਾਸ ਹੁੰਦਾ ਹੈ। ਅੱਜ ਮੈਂ ਕਾਫੀ ਮੈਚਿਓਰ ਹਾਂ, ਪਰ ਫਿਲਹਾਲ ਸਿੰਗਲ ਹਾਂ ਅਤੇ ਚਾਹੁੰਦੀ ਹਾਂ ਕਿ ਜਲਦ ਹੀ ਮੈਨੂੰ ਮੇਰੇ ਵਰਗਾ ਮਿਲ ਜਾਵੇ।

* ਅੱਜ ਸਮਾਜ 'ਚ ਲੜਕੀਆਂ ਦੀ ਸਥਿਤੀ ਬਾਰੇ ਤੁਸੀਂ ਕੀ ਸੋਚਦੇ ਹੋ। ਕੀ ਤਬਦੀਲੀ ਆਈ ਹੈ?

– ਅੱਜ ਵੀ ਸਮਾਜ ਦੀ ਸੋਚ ਬਹੁਤੀ ਬਦਲੀ ਨਹੀਂ। ਮੰਨ ਲਿਆ ਜਾਂਦਾ ਹੈ ਕਿ ਲੜਕੀਆਂ ਕਮਜ਼ੋਰ ਹਨ। ਉਨ੍ਹਾਂ ਨੂੰ ਕਿਸੇ ਦੇ ਨਾਲ ਹੀ ਘਰ 'ਚੋਂ ਬਾਹਰ ਨਿਕਲਣਾ ਚਾਹੀਦਾ ਹੈ। ਮੈਂ ਚਾਹੁੰਦੀ ਹਾਂ ਕਿ ਇਹ ਸੋਚ ਬਦਲੇ। ਮੇਰੇ ਹਿਸਾਬ ਨਾਲ ਆਧੁਨਿਕ ਲੜਕੀ ਦੀ ਪਰਿਭਾਸ਼ਾ ਹੋਣੀ ਚਾਹੀਦੀ ਹੈ। 'ਫੀਅਰਲੈਸ' ਮਤਲਬ ਨਿਡਰ।

# ਸਿਲਵੀਆ ਬਣਨ 'ਤੇ ਐਲੀ ਨੇ ਕੀਤੀ ਬਹੁਤ ਮਿਹਨਤ



ਇਨ੍ਹੀਂ ਦਿਨੀਂ ਵੈੱਬ ਸੀਰੀਜ਼ 'ਦਿ ਵਰਡਿਕਟ: ਸਟੇਟ ਵਰਸਿਜ਼ ਨਾਨਾਵਤੀ' ਵਿੱਚ ਨਜ਼ਰ ਆ ਰਹੀ ਐਲੀ ਅਵਰਾਮ ਨੇ ਆਪਣੇ ਕਿਰਦਾਰ 'ਚ ਉਤਰਨ ਲਈ ਰਿਸਰਚ ਕੀਤੀ ਅਤੇ ਸਹੀ ਐਕਟਿੰਗ ਲਈ ਉਸ ਨੇ ਖਾਸ ਤਰੀਕੇ ਵੀ ਅਪਣਾਏ। ਇਸ ਸੀਰੀਜ਼ ਵਿੱਚ ਨਾਨਾਵਤੀ ਦੀ ਪਤਨੀ ਸਿਲਵੀਆ ਦਾ ਰੋਲ ਕਰ ਰਹੀ ਐਲੀ ਨੇ ਕਿਹਾ, 'ਸਿਲਵੀਆ ਬਾਰੇ ਇੰਟਰਨੈਟ 'ਤੇ ਵੀ ਖਾਸ ਜਾਣਕਾਰੀ ਨਹੀਂ ਹੈ। ਮੈਂ ਕੋਸ਼ਿਸ਼ ਕੀਤੀ ਕਿ ਜੋ ਜਾਣਕਾਰੀ ਉਨ੍ਹਾਂ ਬਾਰੇ ਮਿਲੇ, ਉਸ ਨੂੰ ਪੜ੍ਹ ਲਵਾਂ। ਜਵਾਨੀ ਤੋਂ ਬੁਢਾਪੇ ਤੱਕ ਉਨ੍ਹਾਂ ਦੀ ਜ਼ਿੰਦਗੀ ਨੂੰ ਮੈਂ ਆਪਣੇ ਹਿਸਾਬ ਨਾਲ ਮਨ ਹੀ ਮਨ ਬੁਣਿਆ। ਉਨ੍ਹਾਂ ਵਾਂਗ ਬੋਲ ਸਕਣ ਲਈ ਮੈਂ ਬ੍ਰਿਟਿਸ਼ ਲਹਿਜੇ ਵਿੱਚ ਅੰਗਰੇਜ਼ੀ ਬੋਲਣ ਦੀ ਪ੍ਰੈਕਟਿਸ ਕੀਤੀ। ਉਨ੍ਹਾਂ ਵਾਂਗ ਦਿਸਣ ਲਈ ਮੈਂ ਆਪਣੇ ਵਾਲਾਂ ਨੂੰ ਰੰਗਿਆ। ਮੈਂ 1950 ਦੇ ਦਹਾਕੇ ਦੇ ਗੀਤਾਂ ਦੀ ਇੱਕ ਲਿਸਟ ਵੀ ਤਿਆਰ ਕੀਤੀ ਜਿਨ੍ਹਾਂ ਨੂੰ ਹਰ ਰੋਜ਼ ਸਵੇਰੇ ਸੁਣਿਆ ਕਰਦੀ ਸੀ। ਜਿਹੜੇ ਦਿਨੀਂ ਇਸ ਦੀ ਸ਼ੂਟਿੰਗ ਹੁੰਦੀ ਮੈਂ ਇੱਕ ਸਪੈਸ਼ਲ ਪਰਫਿਊਮ ਲਗਾਇਆ ਕਰਦੀ ਸੀ। ਜੋ ਪੁਰਾਣੇ ਜ਼ਮਾਨੇ ਵਰਗੀ ਸੁਗੰਧ ਛੱਡਦਾ ਸੀ। ਤਾਂ ਇਹ ਸਾਰੇ ਮੇਰੇ ਯਤਨ ਸੀ ਤਾਂ ਕਿ ਮੈਂ ਸਿਲਵੀਆ ਦੇ ਕਿਰਦਾਰ ਵਿੱਚ ਪੂਰੀ ਉਤਰ ਸਕਾਂ।"

ਅੱਜ ਕੱਲ੍ਹ ਉਸ ਦੀ ਝੋਲੀ ਵਿੱਚ ਵੈੱਬ ਸੀਰੀਜ਼ 'ਇਨਸਾਈਡ ਏਜ਼ 2' ਵੀ ਹੈ।

# ਐਕਸ਼ਨ ਫਿਲਮਾਂ ਦੇ ਪ੍ਰਤੀ ਬਦਲੀ ਧਾਰਨਾ




ਰਿਤਿਕ ਰੋਸ਼ਨ ਅਤੇ ਟਾਈਗਰ ਸ਼ਰਾਫ ਦੀ ਫਿਲਮ 'ਵਾਰ' ਬਾਕਸ ਆਫਿਸ 'ਤੇ ਧਮਾਲ ਮਚਾ ਚੁੱਕੀ ਹੈ। ਫਿਲਮ ਨੇ ਸੱਤ ਦਿਨਾਂ ਵਿੱਚ 200 ਕਰੋੜ ਦੀ ਕਮਾਈ ਕਰ ਲਈ। ਇਸ ਰਿਸਪਾਂਸ ਤੋਂ ਖੁਸ਼ ਰਿਤਿਕ ਨੇ ਕਿਹਾ, 'ਅਸੀਂ ਇਹੋ ਜਿਹੀ ਫਿਲਮ ਬਣਾਉਣਾ ਚਾਹੁੰਦੇ ਸੀ, ਜੋ ਪੱਛਮ ਦੀ ਸਭ ਤੋਂ ਵਧੀਆ ਐਕਸ਼ਨ ਫਿਲਮਾਂ ਦਾ ਮੁਕਾਬਲਾ ਕਰ ਸਕੇ। ਇਸ ਫਿਲਮ ਨਾਲ ਭਾਰਤ ਦੀਆਂ ਐਕਸ਼ਨ ਫਿਲਮਾਂ ਦੇ ਬਾਰੇ ਧਾਰਨਾ ਬਦਲੀ ਹੈ।" ਉਸ ਨੇ ਕਿਹਾ, "ਮੈਂ ਵਾਰ ਦੇ ਸਾਰੇ ਕਲਾਕਾਰਾਂ ਅਤੇ ਟੀਮ ਤੋਂ ਬੇਹੱਦ ਖੁਸ਼ ਹਾਂ, ਕਿਉਂਕਿ ਅਸੀਂ ਸਭ ਨੇ ਬਹੁਤ ਮਿਹਨਤ ਕੀਤੀ ਹੈ।" ਦੂਜੇ ਪਾਸੇ ਟਾਈਗਰ ਮੰਨਦੇ ਹਨ, ਕਿਉਂਕਿ ਉਨ੍ਹਾਂ ਨੂੰ ਇਸ ਫਿਲਮ ਵਿੱਚ ਉਨ੍ਹਾਂ ਦੇ ਪ੍ਰੇਰਨਾ ਸਰੋਤ ਰਿਤਿਕ ਦੇ ਨਾਲ ਕੰਮ ਕਰਨ ਦਾ ਮੌਕਾ ਮਿਲਿਆ। ਟਾਈਗਰ ਕਹਿੰਦੇ ਹਨ, 'ਜਿਸ ਤਰ੍ਹਾਂ ਫਿਲਮ ਨੂੰ ਲਗਾਤਾਰ ਸਫਲਤਾ ਮਿਲ ਰਹੀ ਹੈ, ਉਹ ਸਾਡੇ ਲਈ ਵੱਡੀ ਗੱਲ ਹੈ। ਮੈਂ ਖੁਸ਼ਕਿਸਮਤ ਹਾਂ ਕਿ ਮੇਰੀ ਫਿਲਮ 200 ਕਰੋੜ ਦਾ ਅੰਕੜਾ ਪਾਰ ਕਰ ਚੁੱਕੀ ਹੈ।'







# ਅਕਸ਼ੈ ਨੇ ਦਿਖਾਈ




ਅਕਸ਼ੈ ਕੁਮਾਰ ਨੇ ਆਪਣੀ ਫਿਲਮ 'ਸੂਰਿਆਵੰਸ਼ੀ' ਦੀ ਰਿਲੀਜ਼ ਹੋਣ ਦੀ ਤਰੀਕ ਦਾ ਐਲਾਨ ਕਰ ਦਿੱਤਾ ਹੈ। ਉਸ ਨੇ ਰੋਹਿਤ ਸ਼ੈਟੀ ਦੇ ਨਿਰਦੇਸ਼ਨ ਵਾਲੀ 'ਸੂਰਿਆਵੰਸ਼ੀ' ਦੀ ਇੱਕ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ, ਜਿਸ ਵਿੱਚ ਉਹ ਸਿੰਬਾ ਯਾਨੀ ਰਣਵੀਰ ਸਿੰਘ ਅਤੇ ਸਿੰਘਮ ਯਾਨੀ ਅਜੈ ਦੇਵਗਨ ਤਿੰਨੇ ਪੁਲਸ ਦੀ ਵਰਦੀ ਵਿੱਚ ਨਜ਼ਰ ਆ ਰਹੇ ਹਨ। ਇਸ ਤਸਵੀਰ ਦੇ ਨਾਲ ਅਕਸ਼ੈ ਨੇ ਲਿਖਿਆ ਹੈ, 'ਕਾਪ ਯੂਨੀਵਰਸ ਦੇ ਦੇਸੀ ਏਵੇਂਜਰਸ। ਜਦ ਬਾਜੀਰਾਵ ਸਿੰਘਮ ਦੀ ਮੁਲਾਕਾਤ ਹੁੰਦੀ ਹੈ, ਸੰਗਰਾਮ ਸਿੰਬਾ ਭਾਲੇਰਾਓ ਅਤੇ ਸੂਰਿਆਵੰਸ਼ੀ ਤੋਂ ਤਾਂ 27 ਮਾਰਚ 2020 ਨੂੰ ਕੇਵਲ ਪਟਾਕਿਆਂ ਦੀ ਨਹੀਂ, ਬਲਕਿ ਬਲਾਸਟ ਦੀ ਉਮੀਦ ਕਰੋ।"

'ਸੂਰਿਆਵੰਸ਼ੀ' ਪਹਿਲਾਂ ਅਗਲੇ ਸਾਲ ਈਦ 'ਤੇ ਰਿਲੀਜ਼ ਹੋਣ ਵਾਲੀ ਸੀ। ਉਸੇ ਦਿਨ ਸਲਮਾਨ ਖਾਨ ਦੀ 'ਇੰਸ਼ਾ ਅੱਲ੍ਹਾ' ਨੂੰ ਰਿਲੀਜ਼ ਹੋਣਾ ਸੀ। ਸਲਮਾਨ ਦੇ ਕਹਿਣ 'ਤੇ ਰੋਹਿਤ ਨੇ ਫਿਲਮ ਦੀ ਰਿਲੀਜ਼ ਤਰੀਕ ਬਦਲ ਕੇ 27 ਮਾਰਚ ਕਰ ਦਿੱਤੀ ਸੀ। 'ਇੰਸ਼ਾ ਅੱਲ੍ਹਾ' ਦੇ ਨਾ ਬਣਨ ਦੀ ਖਬਰ ਮਗਰੋਂ ਅਕਸ਼ੈ ਕੁਮਾਰ ਨੇ ਆਪਣੀ ਫਿਲਮ 'ਲਕਸ਼ਮੀ ਬੰਬ' ਨੂੰ ਅਗਲੇ ਸਾਲ ਈਦ 'ਤੇ ਰਿਲੀਜ਼ ਕਰਨ ਦਾ ਐਲਾਨ ਕਰ ਦਿੱਤਾ। ਖਬਰਾਂ ਹਨ ਕਿ ਈਦ 'ਤੇ ਸਲਮਾਨ ਖਾਨ ਦੀ ਫਿਲਮ 'ਇੰਡੀਆਜ ਮੋਸਟ ਵਾਂਟੇਡ ਕਾਪ ਰਾਧੇ' ਰਿਲੀਜ਼ ਹੋ ਸਕਦੀ ਹੈ। ਸੂਤਰਾਂ ਦੀ ਮੰਨੀਏ ਤਾਂ ਸੋਹੇਲ ਖਾਨ ਦੇ ਦਫਤਰ ਵਿੱਚ ਪ੍ਰਭੂਦੇਵਾ ਅਤੇ ਸਲਮਾਨ ਖਾਨ ਦੀ ਮੁਲਾਕਾਤ ਇਸੇ ਫਿਲਮ ਬਾਰੇ ਹੋਈ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਫਿਲਮ ਕੋਰੀਅਨ ਫਿਲਮ 'ਦ ਆਊਟਲਾਜ' ਦੀ ਹਿੰਦੀ ਰੀਮੇਕ ਹੋ ਸਕਦੀ ਹੈ। ਫਿਲਹਾਲ ਸਲਮਾਨ ਖਾਨ ਆਪਣੀ ਅਗਲੀ ਫਿਲਮ 'ਦਬੰਗ 3' ਵਿੱਚ ਬਿਜ਼ੀ ਹਨ, ਜੋ ਇਸੇ ਸਾਲ ਕ੍ਰਿਸਮਸ 'ਤੇ ਰਿਲੀਜ਼ ਹੋਵੇਗੀ।









## OUR PLAN TO PUT MORE MONEY IN YOUR POCKET:

- Scrapping the Carbon Tax
- EI Maternity and Parental Benefits
  Savings of up to $4,000
- Green Public Transit Tax Credit
  Savings of up to $1,000
- Universal Tax Reduction
  Savings of up to $850/couple per year

**VOTE OCT 21st, 2019**



SARABJIT
**KAUR**

ETOBICOKE NORTH

sarabjitkaur.ca I 416.748.9696 I @ElectSarabjitK
1753 Albion Road, Unit #9, Etobicoke, ON
Off: 416.743.5710

IT'S TIME FOR you TO GET AHEAD
CONSERVATIVE

AUTHORIZED BY THE OFFICIAL AGENT OF SARABJIT KAUR

## IT'S TIME FOR A CHANGE!



AFTER 4 YEARS OF
INEFFECTIVE PRESENTATION
IF YOU WANT AN MP WHO CARES,
AN MP YOU CAN TRUST
JOIN THE WINNING TEAM!

*For Brampton Centre*

**ELECT**

Pawanjit
**GOSAL**

CONSERVATIVE

647.484.7777

Authorized by the official agent of the Pawanjit Gosal campaign

electgosal@gmail.com
electgosal.ca

TeamGosal TeamGosal

IT'S TIME FOR you TO GET AHEAD
CONSERVATIVE

Andrew Scheer and Canada's Conservatives have a plan to put more money in the pockets of Ontario families.

| | |
|---|---|
| Eliminating the carbon tax<br>**$564** *by 2022 | Making maternity and parental benefits tax free<br>**Up to $4,215** |
| Taking federal portion of HST off of home energy<br>**$113.80** *per household | RESP contribution increase<br>**$250** *total maximum government contribution to RESPs increase to $750 per year |
| Universal Income Tax Cut<br>**$850** per household *two income average | Public Transit Tax Credit<br>**$508** *Average savings for GO fares from Union Station to Bramalea Station |
| Kids' arts, sports and music tax credits<br>**Up to $225** | Increased Age Credit<br>**$150** *per senior |










www.BramptonTopRelator.com
JAG AUJLA
REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232


Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!
*Some Conditions Apply


Advertisement GUARANTEED Till SOLD

Top 1% Ranked in Broker
Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

BRAMPTON

ਟੋਰਬਰੈਮ / ਬਵੇਰਡ
ਸਪਰਿੰਗਡੇਲ ਨੇੜੇ, ਸ਼ਾਨਦਾਰ ਤੇ ਸਾਫ ਸੁਥਰਾ 4 ਬੈਡਰੂਮ +3 ਵਾਸ਼ਰੂਮ ਦਾ ਡਿਟੈਚ ਘਰ। unspoiled ਬੇਸਮੈਂਟ, ਚਮਕਦਾਰ ਲੇਮੀਨੇਟਡ ਫਲੋਰ ਤੇ ਸਟੇਂਨਡ ਓਕ ਸਟੇਅਰਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ-ਸੂਟ ਤੇ ਵਾਕ ਇੰਨ ਕਲੋਜ਼ਿਟ, SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

BRAMPTON

ਕੰਟਰੀਸਾਈਡ/ਮਕਵੀਨ
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।

BRAMPTON

ਬਵੇਰਡ/ਚਿੰਗੂਜੀ
SOLD AT 100% OF ASKING PRICE

BRAMPTON

ਵੈਨਲੈਸ/ ਮੇਕਲਾਗਲਿਨ
SOLD AT 100% OF ASKING PRICE IN 1 DAY

BRAMPTON

ਵੇਨਲੈਸ / ਵੇਨ-ਕ੍ਰਿਕ
ਬਹੁਤ ਹੀ ਸ਼ਾਨਦਾਰ, ਖੁਲ੍ਹਾ-ਡੁਲ੍ਹਾ ਤੇ ਡਿਟੈਚ ਡਬਲ ਸਟੋਰੀ ਟਾਉਨ-ਹਾਉਸ। 4+2 ਬੈਡਰੂਮ, 4 ਵਾਸ਼ਰੂਮ ਤੇ ਬੇਸਮੈਂਟ ਨੂੰ ਗਰਾਜ ਤੋਂ ਸੇਪਰੇਟ ਏਂਟਰੈਂਸ। ਓਕ ਸਟੇਅਰ ਕੇਸ, ਹਾਰਡਵੂਡ ਫਲੋਰ, ਪੋਟ ਲਾਇਟ ਤੇ ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ ਤੇ ਕਲੋਜ਼ਟ। SS ਅਪਲਾਇੰਸਸ ਤੇ ਹੋਰ ਵੀ ਬਹੁਤ ਕੁਝ;

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ





Grand Upholstery Ltd
Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com



NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare
ANY Airline Time Destination Around the World

www.nuwaytravels.com
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
E-mail- info@nuwaytravels.com



RE-ELECT
Liberal
SONIA SIDHU
BRAMPTON SOUTH

ਹਰ ਵਰਗ ਨੂੰ ਮੁੱਖ ਰੱਖਦੇ ਹੋਏ ਲਿਬਰਲ ਪਾਰਟੀ ਵੱਲੋਂ ਨਵਾਂ ਪਲੈਟਫਾਰਮ ਜਾਰੀ ਕੀਤਾ ਗਿਆ ਹੈ, ਤਾਂ ਕਿ ਹਰ ਕਿਸੇ ਕੋਲ ਵਧੀਆ ਭਵਿੱਖ ਅਤੇ ਸਹੂਲਤਾਂ ਹੋਣ।

- ਕਾਲਜ/ਯੂਨੀਵਰਸਿਟੀ ਜਾਣ ਵਾਲੇ ਕੈਨੇਡੀਅਨ ਵਿਦਿਆਰਥੀਆਂ ਲਈ ਸਸਤੀ ਪੜ੍ਹਾਈ
- ਸਸਤੀਆਂ ਦਵਾਈਆਂ ਲਈ ਯੂਨੀਵਰਸਲ ਫਾਰਮਾਕੇਅਰ
- ਮਿਡਲ ਕਲਾਸ ਲਈ ਟੈਕਸ ਘਟਾਉਣੇ
- ਸੈੱਲ ਫੋਨ ਦੇ ਬਿੱਲ 25% ਘਟਾਉਣੇ
- ਸੀਨੀਅਰਜ਼ ਦੀ ਪੈਨਸ਼ਨ 'ਚ ਹੋਰ ਵਾਧਾ

ਕਿਉਂਕਿ ਲਿਬਰਲ ਪਾਰਟੀ ਕੈਨੇਡੀਅਨਜ਼ 'ਚ ਇਨਵੈਸਟ ਕਰਨ 'ਚ ਵਿਸ਼ਵਾਸ ਕਰਦੀ ਹੈ, ਕੱਟ ਲਗਾਉਣ ਅਤੇ ਝੂਠੇ ਵਾਅਦਿਆਂ 'ਚ ਨਹੀਂ।
21 ਅਕਤੂਬਰ ਨੂੰ, ਬ੍ਰੈਂਪਟਨ ਦੇ ਵਧੀਆ ਭਵਿੱਖ ਲਈ ਲਿਬਰਲ ਪਾਰਟੀ ਨੂੰ ਵੋਟ ਪਾਓ!



CHOOSE FORWARD

(289) 498-0180
info@sonialiberal.ca
205 County Court Blvd.
/soniasidhuliberal
@SoniaSidhu
@soniaLiberal

sonialiberal.ca
Authorized by the Official Agent for Sonia Sidhu.



IFS INTERSTATE FREIGHT SYSTEMS INC.

A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677